@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 15 January 2025

Punjabi National Daily

Qaumi Patrika NO.1

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 15 ਜਨਵਰੀ 2025, 2 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 66, qpatrika@gmail.com ਫੋਨ : 9971359517 www.qaumipatrika.org

## ਸਹਿਯੋਗੀਆਂ ਦੀ ਗੱਲ ਸੁਣਦੇ ਹਨ: ਪ੍ਰਧਾਨ ਮੰਤਰੀ ਮੋਦੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 14 ਜਨਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਜਪਾ ਦੇ ਸਹਿਯੋਗੀਆਂ ਨੂੰ ਖੁਸ ਰੱਖਣ ਤੇ ਉਨ੍ਹਾਂ ਦੀ ਗੱਲ ਸੁਣਨ ਲਈ ਜਾਣੇ ਜਾਂਦੇ ਹਨ। ਉਹ ਉਨ੍ਹਾਂ ਨੂੰ ਕਦੇ ਵੀ ਇਹ ਮਹਿਸੂਸ ਨਹੀਂ ਹੋਣ ਦਿੰਦੇ ਕਿ ਤੁਸੀਂ ਐੱਨ. ਡੀ. ਏ. 'ਚ ਜੂਨੀਅਰ ਸਾਥੀ ਹੋ। ਸਹਿਯੋਗੀਆਂ ਨਾਲ ਰੋਜਾਨਾ ਦੇ ਮੁੱਦਿਆਂ 'ਤੇ ਵਿਚਾਰ ਕਰਨ ਦੀ ਬਜਾਏ ਉਹ ਉਨ੍ਹਾਂ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਤੇ ਭਾਜਪਾ ਪ੍ਰਧਾਨ ਜੇ..ਪੀ. ਨੱਡਾ ਦੇ ਭਰੋਸੇ ਛੱਡ ਦਿੰਦੇ ਹਨ। ਕਈ ਵਾਰ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਲਈ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਡਿਊਟੀ ਵੀ ਲਾਈ ਜਾਂਦੀ ਹੈ। ਕੁਝ ਦਿਨਾਂ ਤੋਂ ਪੀ.ਐਮ. ਮੋਦੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਲਗਾਤਾਰ ਮੁਲਾਕਾਤਾਂ ਕਰ ਰਹੇ ਹਨ। ਅਜੇ ਤੱਕ ਇਸ ਸਬੰਧੀ ਕੁਝ ਵੀ ਖੁੱਲ੍ਹ ਕੇ ਸਾਹਮਣੇ ਨਹੀਂ ਆਇਆ। ਜੇ ਖਬਰਾਂ 'ਤੇ ਭਰੋਸਾ ਕੀਤਾ ਜਾਏ ਤਾਂ ਮੋਦੀ ਐੱਨ. ਡੀ. ਏ. ਦੇ ਆਗੂਆਂ ਨੂੰ ਇਕ-ਇਕ ਕਰ ਕੇ ਨਿੱਜੀ ਤੌਰ 'ਤੇ ਮਿਲ ਰਹੇ ਹਨ ਤੇ ਉਨ੍ਹਾਂ ਦੀਆਂ ਗੱਲਾਂ ਸੁਣ ਰਹੇ ਹਨ। ਸਮਝਿਆ ਜਾਂਦਾ ਹੈ ਕਿ ਪਿਛਲੇ ਕੁਝ ਸਮੇ ਦੌਰਾਨ ਸਰਕਾਰ ਵੱਲੋਂ ਕੀਤੀਆਂ ਗਈਆਂ ਕੁਝ



ਮੁੱਖ ਨਿਯੁਕਤੀਆਂ ਵੱਖ-ਵੱਖ ਸਹਿਯੋਗੀਆਂ ਦੀਆਂ ਸਿਫਾਰਸਾਂ ਮੁਤਾਬਕ ਹੋਈਆਂ ਹਨ। ਉਦਾਹਰਣ ਵਜੋਂ ਸੁਪਰੀਮ ਕੋਰਟ ਦੇ ਸਾਬਕਾ ਜੱਜ ਵੀ. ਰਾਮਾਸੁਬਰਾਮਨੀਅਨ ਨੂੰ ਰਾਸਟਰੀ ਮਨੁੱਖੀ ਅਧਿਕਾਰ ਕਮਿਸਨ ਦਾ ਚੇਅਰਪਰਸਨ ਨਿਯੁਕਤ ਕੀਤਾ ਗਿਆ ਸੀ। ਉਹ ਪਹਿਲਾਂ 2006 'ਚ ਮਦਰਾਸ ਹਾਈ ਕੋਰਟ ਦੇ ਜੱਜ ਬਣੇ ਤੇ ਫਿਰ ਸੁਪਰੀਮ ਕੋਰਟ ਪਹੁੰਚੇ। ਹਾਲਾਂਕਿ ਇਸ ਅਹੁਦੇ ਲਈ ਦੇਸ ਦੇ ਸੇਵਾਮੁਕਤ ਮੁੱਖ ਜੱਜ ਡੀ.ਵਾਈ. ਚੰਦਰਚੂੜ ਦਾ ਨਾਂ ਚਰਚਾ 'ਚ ਸੀ, ਪਰ ਵੀ. ਰਾਮਾਸੁਬਰਾਮਨੀਅਨ ਦਾ ਨਾਂ ਅੱਗੇ ਆਇਆ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਨਿਯੁਕਤੀ 'ਚ ਐੱਨ. ਡੀ. ਏ. ਦੇ ਇੱਕ ਸਾਥੀ ਦਾ ਹੱਥ ਹੈ। ਮੋਦੀ ਆਂਧਰਾ ਪ੍ਰਦੇਸ ਦੇ ਮੁੱਖ ਮੰਤਰੀ ਐੱਨ. ਚੰਦਰਬਾਬੂ ਨਾਇਡੂ ਦੀ ਵੀ ਸੁਣਦੇ ਹਨ। ਕੁਝ ਦਿਨ ਪਹਿਲਾਂ ਉਨ੍ਹਾਂ ਦੀ ਮਹਾਰਾਸਟਰ ਦੇ ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਨਾਲ ਵੀ ਬਹੁਤ ਗਰਮਜੋਸੀ ਨਾਲ ਮੁਲਾਕਾਤ ਹੋਈ। ਰਿਪੋਰਟਾਂ ਅਨੁਸਾਰ ਸ਼ਿੰਦੇ, ਉਨ੍ਹਾਂ ਦੇ ਸਪੁੱਤਰ ਤੇ ਨੂੰਹ ਨਾਲ ਇਹ ਮੁਲਾਕਾਤ ਲਗਭਗ ਇਕ ਘੰਟਾ ਚੱਲੀ। ਮੋਦੀ ਨੇ ਸਪੱਸਟ ਕਰ ਦਿੱਤਾ ਕਿ ਉਹ ਚਾਹੁੰਦੇ ਹਨ ਕਿ ਐੱਨ. ਡੀ. ਏ. ਦਾ ਘੇਰਾ ਉਨ੍ਹਾਂ ਸੂਬਿਆਂ 'ਚ ਵੀ ਵਧਣਾ ਚਾਹੀਦਾ ਹੈ ਜਿੱਥੇ ਭਾਜਪਾ ਮਜਬੂਤ ਨਹੀਂ ਹੈ।

## ਪੂਰੇ ਦੇਸ਼ 'ਚ ਬੰਗਲਾਦੇਸ਼ੀਆਂ ਤੇ ਰੋਹਿੰਗਿਆਂ ਨੂੰ ਵਸਾ ਰਹੀ ਭਾਜਪਾ : ਆਪ

ਨਵੀਂ ਦਿੱਲੀ, 14 ਜਨਵਰੀ। ਗੈਰ-ਕਾਨੂੰਨੀ ਬੰਗਲਾਦੇਸੀ ਪ੍ਰਵਾਸੀਆਂ ਦੇ ਇਕ ਗਿਰੋਹ ਨਾਲ ਕਥਿਤ ਸਬੰਧਾਂ ਲਈ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਮੋਹਿੰਦਰ ਗੋਇਲ ਨੂੰ ਨੋਟਿਸ ਦਿੱਤੇ ਜਾਣ ਤੋਂ ਇਕ ਦਿਨ ਬਾਅਦ ਰਾਜ ਸਭਾ ਦੇ ਮੈਂਬਰ ਸੰਜੇ ਸਿੰਘ ਨੇ ਸੋਮਵਾਰ ਭਾਰਤੀ ਜਨਤਾ ਪਾਰਟੀ 'ਤੇ ਹਮਲਾ ਬੋਲਿਆ ਤੇ ਉਸ 'ਤੇ ਪੂਰੇ ਦੇਸ 'ਚ ਬੰਗਲਾਦੇਸੀਆਂ ਤੇ ਰੋਹਿੰਗਿਆਂ ਨੂੰ ਵਸਾਉਣ ਦਾ ਦੋਸ ਲਾਇਆ। ਇਕ ਪ੍ਰੈਸ ਕਾਨਫਰੰਸ 'ਚ 'ਆਪ' ਦੇ ਸੀਨੀਅਰ ਨੇਤਾ ਨੇ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੂੰ ਸਥਿਤੀ ਲਈ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ ਕਿਉਂਕਿ ਸਰਹੱਦਾਂ




ਦੀ ਸੁਰੱਖਿਆ ਕਰਨੀ ਕੇਂਦਰ ਦੀ ਜ਼ਿੰਮੇਵਾਰੀ ਹੈ। ਪਿਛਲੇ ਸਾਢੇ 10 ਸਾਲਾਂ ਤੋਂ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਵਿਦੇਸ ਮੰਤਰੀ (ਸਾਰੇ ਭਾਜਪਾ ਤੋਂ) ਨੇ ਬੰਗਲਾਦੇਸੀਆਂ ਤੇ ਰੋਹਿੰਗਿਆਂ ਨੂੰ ਦੇਸ 'ਚ ਵਸਾਇਆ। ਸਿਰਫ ਚੋਣ ਲਾਭ ਲਈ ਭਾਜਪਾ ਨੇ ਦੇਸ ਨਾਲ ਧੋਖਾ ਕੀਤਾ। ਰਾਜ ਸਭਾ ਦੇ 'ਆਪ' ਦੇ ਮੈਂਬਰ ਨੇ ਪੁੱਛਿਆ ਕਿ ਪਿਛਲੇ 10 ਸਾਲਾਂ 'ਚ ਬੰਗਲਾਦੇਸੀ ਅਤੇ ਰੋਹਿੰਗਿਆਂ ਸਰਹੱਦ ਪਾਰ ਕਰ ਕੇ ਰਾਸਟਰੀ ਰਾਜਧਾਨੀ 'ਚ ਕਿਵੇਂ ਦਾਖਲ ਹੋਏ ਤੇ ਉਨ੍ਹਾਂ 'ਚੋਂ ਕਿੰਨਿਆਂ ਨੂੰ ਵਾਪਸ ਭੇਜਿਆ ਗਿਆ? ਉਨ੍ਹਾਂ ਪੁੱਛਿਆ ਕਿ ਪ੍ਰਵਾਸੀ ਲੋਕਾਂ ਨੇ ਪੱਛਮੀ ਬੰਗਾਲ, ਆਸਾਮ ਤੇ ਤ੍ਰਿਪੁਰਾ ਦੀਆਂ ਸਰਹੱਦਾਂ ਕਿਵੇਂ ਪਾਰ ਕੀਤੀਆਂ ਤੇ ਬਿਹਾਰ, ਝਾਰਖੰਡ ਤੇ ਉੱਤਰ ਪ੍ਰਦੇਸ ਤੋਂ ਹੁੰਦੇ ਹੋਏ ਦਿੱਲੀ ਕਿਵੇਂ ਪਹੁੰਚੇ? ਉਨ੍ਹਾਂ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਤੋਂ ਬੰਗਲਾਦੇਸ ਦੀ ਸਾਬਕਾ ਪ੍ਰਧਾਨ ਮੰਤਰੀ ਸੇਖ ਹਸੀਨਾ ਬਾਰੇ ਪੁੱਛਿਆ ਜਾਣਾ ਚਾਹੀਦਾ ਹੈ। ਹਸੀਨਾ ਨੂੰ ਬੰਗਲਾਦੇਸੀਆਂ ਤੇ ਰੋਹਿੰਗਿਆ ਲੋਕਾਂ ਦੀ ਨੇਤਾ ਦੱਸਦੇ ਹੋਏ ਉਨ੍ਹਾਂ ਪੁੱਛਿਆ ਕਿ ਹਸੀਨਾ ਨੂੰ ਕਿੱਥੇ ਰੱਖਿਆ ਗਿਆ ਹੈ? ਬੰਗਲਾਦੇਸ 'ਚ ਸਰਕਾਰ ਵਿਰੋਧੀ ਵਿਖਾਵਿਆਂ ਕਾਰਨ ਸੱਤਾ ਤੋਂ ਬੇਦਖਲ ਹੋਣ ਤੋਂ ਬਾਅਦ ਹਸੀਨਾ ਭਾਰਤ ਆਈ ਸੀ ਤੇ ਉਦੋਂ ਤੋਂ ਇੱਥੇ ਹੀ ਰਹਿ ਰਹੀ ਹੈ।

### ਰੱਖਿਆ ਮੰਤਰੀ ਨੇ ਜੰਮੂ 'ਚ 108 ਫੁੱਟ ਉੱਚਾ ਤਿਰੰਗਾ ਲਹਿਰਾਇਆ

ਜੰਮੂ 14 ਜਨਵਰੀ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਮੰਗਲਵਾਰ ਨੂੰ ਜੰਮੂ ਦੇ ਅਖਨੂਰ ਸਰਹੱਦੀ ਖੇਤਰ 'ਚ 108 ਫੁੱਟ ਉੱਚਾ ਰਾਸ਼ਟਰੀ ਝੰਡਾ ਲਹਿਰਾਇਆ ਅਤੇ ਇਕ ਇਤਿਹਾਸਕ ਮਿਊਜ਼ੀਅਮ ਦਾ ਉਦਘਾਟਨ ਕੀਤਾ। ਇਕ ਰੱਖਿਆ ਬੁਲਾਰੇ ਨੇ ਇਹ ਜਾਣਕਾਰੀ ਦਿੱਤੀ। ਮੁੱਖ ਰੱਖਿਆ ਪ੍ਰਧਾਨ (ਸੀਡੀਐੱਸ) ਜਨਰਲ ਅਨਿਲ ਚੌਹਾਨ ਨਾਲ ਇੱਥੇ ਪਹੁੰਚੇ



ਰੱਖਿਆ ਮੰਤਰੀ ਸਿੰਘ ਦਾ ਸਵਾਗਤ ਉੱਪ ਰਾਜਪਾਲ ਮਨੋਜ ਸਿਨਹਾ, ਮੁੱਖ ਮੰਤਰੀ ਉਮਰ ਅਬਦੁੱਲਾ ਅਤੇ ਸੀਨੀਅਰ ਅਧਿਕਾਰੀਆਂ ਨੇ ਕੀਤਾ। ਸਿੰਘ ਨੇ ਟਾਂਡਾ ਆਰਟਿਲਰੀ ਬ੍ਰਿਗੇਡ 'ਚ ਆਯੋਜਿਤ 9ਵੇਂ ਸ਼ਸਤਰ ਬਲ ਸਾਬਕਾ ਸੈਨਿਕ ਦਿਵਸ ਪ੍ਰੋਗਰਾਮ 'ਚ ਹਿੱਸਾ ਲਿਆ। ਮਿਊਜ਼ੀਅਮ 'ਚ ਜੰਮੂ ਕਸ਼ਮੀਰ 'ਚ ਕਈ ਯੁੱਧਾਂ 'ਚ ਇਸਤੇਮਾਲ ਕੀਤੇ ਗਏ ਹਥਿਆਰਾਂ ਅਤੇ ਯੁੱਧ ਦੇ ਨਾਇਕਾਂ ਦੀਆਂ ਮੂਰਤੀਆਂ ਨੂੰ ਪ੍ਰਦਰਸ਼ਿਤ ਕੀਤਾ ਗਿਆ ਹੈ। ਰੱਖਿਆ ਬੁਲਾਰੇ ਨੇ ਕਿਹਾ ਕਿ ਸਮਾਰੋਹ 'ਚ ਜੰਮੂ, ਅਖਨੂਰ, ਪੱਲਨਵਾਲਾ, ਰਖਮੁਠੀ, ਨੌਸ਼ਹਿਰਾ ਅਤੇ ਸੁੰਦਰਬਨੀ ਤੋਂ ਆਏ 1,000 ਤੋਂ ਵੱਧ ਸਾਬਕਾ ਫੌਜੀਆਂ ਦੇ ਹਿੱਸਾ ਲੈਣ ਦੀ ਸੰਭਾਵਨਾ ਹੈ।

### ਭਾਜਪਾ ਨੇਤਾ 'ਤੇ ਭੀੜ ਵਲੋਂ ਕੀਤੇ ਹਮਲੇ ਸਬੰਧੀ ਐੱਨਆਈਏ ਨੇ ਇੱਕ ਵਿਅਕਤੀ ਕੀਤਾ ਗ੍ਰਿਫਤਾਰ

ਨਵੀਂ ਦਿੱਲੀ 14 ਜਨਵਰੀ। ਰਾਸਟਰੀ ਜਾਂਚ ਏਜੰਸੀ (ਐੱਨਆਈਏ) ਨੇ ਪੱਛਮੀ ਬੰਗਾਲ ਵਿੱਚ ਭਾਜਪਾ ਨੇਤਾ ਪ੍ਰਿਯਾਂਗੂ ਪਾਂਡੇ 'ਤੇ ਭੀੜ ਵਲੋਂ ਕੀਤੇ ਗਏ ਹਮਲੇ ਦੇ ਸਬੰਧ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਮੰਗਲਵਾਰ ਨੂੰ ਜਾਰੀ ਇੱਕ ਬਿਆਨ ਵਿੱਚ ਨੇ ਕਿਹਾ ਕਿ (ਦੋਸੀ) ਮੁਹੰਮਦ ਆਮਿਰ ਉਰਫ ਸੋਨੂੰ ਵਿਰੁੱਧ ਗੈਰ-ਜਮਾਨਤੀ ਵਾਰੰਟ ਜਾਰੀ ਕੀਤਾ ਗਿਆ ਸੀ ਅਤੇ ਉਸਨੂੰ ਸੋਮਵਾਰ ਨੂੰ ਭਾਟਪਾਰਾ ਤੋਂ ਗ੍ਰਿਫਤਾਰ ਕੀਤਾ ਗਿਆ ਸੀ।

## ਡੱਲੇਵਾਲ ਦੀ ਵਿਗੜਦੀ ਸਿਹਤ ਮਗਰੋਂ ਖਨੌਰੀ ਬਾਰਡਰ ਤੋਂ ਹੋ ਗਿਆ ਵੱਡਾ ਐਲਾਨ

ਖਨੌਰੀ 14 ਜਨਵਰੀ। ਪੰਜਾਬ ਤੇ ਹਰਿਆਣਾ ਬਾਰਡਰ ਉੱਤੇ ਚੱਲ ਰਹੇ ਖਨੌਰੀ ਮੋਰਚੇ ਵਿਚ ਵੱਡਾ ਐਲਾਨ ਕਰ ਦਿੱਤਾ ਗਿਆ ਹੈ। ਇਹ ਐਲਾਨ ਜਗਜੀਤ ਸਿੰਘ ਡੱਲੇਵਾਲ ਦੀ ਲਗਾਤਾਰ ਵਿਗੜਦੀ ਸਿਹਤ ਕਾਰਨ ਲਿਆ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਹੁਣ ਡੱਲੇਵਾਲ ਦੇ ਨਾਲ 111 ਕਿਸਾਨ ਹੋਰ ਮਰਨ ਵਰਤ ਵਿਚ ਹਿੱਸਾ ਲੈਣਗੇ। ਦੱਸ ਦਈਏ ਕਿ ਜਗਜੀਤ ਸਿੰਘ ਡੱਲੇਵਾਲ ਨੂੰ ਮਰਨ ਵਰਤ ਉੱਤੇ ਬੈਠਿਆਂ 45 ਤੋਂ ਵਧੇਰੇ ਦਿਨ



ਹੋ ਚੁੱਕੇ ਹਨ ਪਰ ਉਨ੍ਹਾਂ ਦੀਆਂ ਮੰਗਾਂ ਅਜੇ ਤੱਕ ਅਧੂਰੀਆਂ ਹਨ। ਉਨ੍ਹਾਂ ਦੀ ਸਿਹਤ ਲਗਾਤਾਰ ਵਿਗੜਦੀ ਜਾ ਰਹੀ ਹੈ। ਇਸੇ ਵਿਚਾਲੇ ਅੱਜ ਮੋਰਚੇ ਵਿਚ ਮੌਜੂਦ ਕਿਸਾਨਾਂ ਨੇ ਐਲਾਨ ਕੀਤਾ ਹੈ ਕਿ ਉਹ ਵੀ ਡੱਲੇਵਾਲ ਦੇ ਨਾਲ ਮਰਨ ਵਰਤ ਵਿਚ ਹਿੱਸਾ ਲੈਣਗੇ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਮੋਰਚੇ ਵਿਚ ਮੌਜੂਦ 111 ਕਿਸਾਨ ਮਰਨ ਵਰਤ ਕਰਨਗੇ। ਇਹ ਵਰਤ ਕੱਲ ਦੁਪਹਿਰੇ 2 ਵਜੇ ਤੋਂ ਸ਼ੁਰੂ ਕੀਤਾ ਜਾਵੇਗਾ। ਇਸ ਦੌਰਾਨ ਕਿਸਾਨ ਕਾਲੇ ਕੱਪੜੇ ਪਾ ਕੇ ਮਰਨ ਵਰਤ ਕਰਨਗੇ।

## ਰਾਹੁਲ ਗਾਂਧੀ ਨੇ ਦਿੱਲੀ 'ਚ ਗੰਦਗੀ ਨੂੰ ਲੈ ਕੇ ਵਿੰਨ੍ਹਿਆ ਨਿਸ਼ਾਨਾ

ਨਵੀਂ ਦਿੱਲੀ 14 ਜਨਵਰੀ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਦਿੱਲੀ 'ਚ ਗੰਦਗੀ ਨੂੰ ਲੈ ਕੇ ਮੰਗਲਵਾਰ ਨੂੰ ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਨਿਸ਼ਾਨਾ ਵਿੰਨ੍ਹਿਆ ਅਤੇ ਤੰਜ ਕੱਸਦੇ ਹੋਏ



ਕਿਹਾ ਕਿ ਇਹ 'ਕੇਜਰੀਵਾਲ ਦੀ ਪੈਰਿਸ ਵਰਗੀ ਦਿੱਲੀ' ਹੈ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਮੰਗਲਵਾਰ ਨੂੰ ਮਕਰ ਸੰਕ੍ਰਾਂਤੀ ਪ੍ਰੋਗਰਾਮ 'ਚ ਸ਼ਾਮਲ ਹੋਣ ਲਈ ਰਿਠਾਲਾ ਪਹੁੰਚੇ ਸਨ ਅਤੇ ਉੱਥੇ ਹੀ ਪਾਰਟੀ ਦੇ ਕੁਝ ਵਰਕਰਾਂ ਨਾਲ ਸਥਾਨਕ ਨਾਲੇ ਅਤੇ ਉੱਥੇ ਮੌਜੂਦ ਗੰਦਗੀ ਨੂੰ ਦੇਖਣ ਪਹੁੰਚੇ। ਇਸ ਦੌਰਾਨ ਰਿਠਾਲਾ ਤੋਂ ਕਾਂਗਰਸ ਉਮੀਦਵਾਰ ਸੁਸ਼ਾਂਤ ਮਿਸ਼ਰਾ ਵੀ ਮੌਜੂਦ ਸਨ। ਇਸ ਨਾਲੇ ਅਤੇ ਗੰਦਗੀ ਦਾ ਵੀਡੀਓ 'ਐਕਸ' 'ਤੇ ਸਾਂਝਾ ਕਰਦੇ ਹੋਏ ਰਾਹੁਲ ਗਾਂਧੀ ਨੇ ਕਿਹਾ,"ਇਹ ਹੈ ਕੇਜਰੀਵਾਲ ਜੀ ਦੀ 'ਚਮਕਦੀ ਦਿੱਲੀ- ਪੈਰਿਸ ਵਰਗੀ ਦਿੱਲੀ।" ਰਾਹੁਲ ਨੇ ਸੋਮਵਾਰ ਨੂੰ ਸੀਲਮਪੁਰ ਦੀ ਆਪਣੀ ਚੋਣ ਸਭਾ 'ਚ ਵੀ ਕੇਜਰੀਵਾਲ 'ਤੇ ਤਿੱਖਾ ਵਾਰ ਕੀਤਾ ਸੀ ਅਤੇ ਦੋਸ਼ ਲਗਾਇਆ ਕਿ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਰ੍ਹਾਂ ਝੂਠੇ ਵਾਅਦੇ ਕਰਨ ਅਤੇ ਪ੍ਰਚਾਰ ਕਰਨ ਦੀ ਰਣਨੀਤੀ 'ਤੇ ਅਮਲ ਕਰਦੇ ਹਨ। ਕੇਜਰੀਵਾਲ ਨੇ ਉਨ੍ਹਾਂ 'ਤੇ ਪਲਟਵਾਰ ਕਰਦੇ ਹੋਏ ਕਿਹਾ ਸੀ ਕਿ ਰਾਹੁਲ ਗਾਂਧੀ ਕਾਂਗਰਸ ਬਚਾਉਣ ਦੀ ਲੜਾਈ ਲੜ ਰਹੇ ਹਨ ਪਰ ਉਹ (ਕੇਜਰੀਵਾਲ) ਦੇਸ਼ ਬਚਾਉਣ ਦੀ ਲੜਾਈ ਲੜ ਰਹੇ ਹਨ।

## ਧਾਮੀ ਵੱਲੋਂ ਸੋਸ਼ਲ ਮੀਡੀਆ ਅਕਾਊਂਟ 'ਤੇ ਰਾਸ਼ਟਰੀ ਖੇਡਾਂ ਦਾ ਲੋਗੋ ਲਗਾਉਣ ਦੀ ਅਪੀਲ

**ਏਜੰਸੀਆਂ**

ਦੇਹਰਾਦੂਨ 14 ਜਨਵਰੀ। ਰਾਸਟਰੀ ਖੇਡਾਂ ਦੀਆਂ ਤਿਆਰੀਆਂ ਦੇ ਵਿਚਕਾਰ, ਉੱਤਰਾਖੰਡ ਦੇ ਮੁੱਖ ਮੰਤਰੀ ਪੁਸਕਰ ਸਿੰਘ ਧਾਮੀ ਨੇ ਮੰਗਲਵਾਰ ਨੂੰ ਰਾਜ ਦੇ ਲੋਕਾਂ ਨੂੰ ਦੇਵਭੂਮੀ ਆ ਰਹੇ ਖਿਡਾਰੀਆਂ ਦਾ ਸਵਾਗਤ ਕਰਨ ਲਈ ਵੱਖ-ਵੱਖ ਸੋਸਲ ਮੀਡੀਆ ਅਕਾਊਂਟ ਦੇ ਡੀਪੀ 'ਤੇ ਸਮੂਹਿਕ ਤੌਰ 'ਤੇ ਰਾਸਟਰੀ ਖੇਡਾਂ ਦੀ ਤਸਵੀਰ ਲਗਾਉਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਰਾਸਟਰੀ ਖੇਡਾਂ ਦੀ ਮੇਜਬਾਨੀ ਦਾ ਸੂਬੇ ਨੂੰ ਜੋ ਮਾਣ ਮਿਲਿਆ ਹੈ, ਉਹ ਇਤਿਹਾਸਕ ਹੈ। ਆਉਣ ਵਾਲੀਆਂ ਰਾਸਟਰੀ ਖੇਡਾਂ ਵਿੱਚ ਦੇਸ ਭਰ ਦੇ ਵੱਖ-ਵੱਖ ਰਾਜਾਂ ਤੋਂ ਲਗਭਗ 10,000 ਖਿਡਾਰੀ ਦੇਵਭੂਮੀ ਆ ਰਹੇ ਹਨ। ਸ੍ਰੀ ਧਾਮੀ ਨੇ ਜਨਤਾ ਨੂੰ ਅਪੀਲ ਕੀਤੀ ਕਿ ਉਹ 'ਅਤਿਥੀ ਦੇਵੋ ਭਵ' ਦੀ ਸਾਡੀ ਸੰਸਕ੍ਰਿਤੀ ਦੀ ਪਾਲਣਾ ਕਰਨ ਅਤੇ ਸਾਰੇ ਖਿਡਾਰੀਆਂ ਦਾ ਨਿੱਘਾ ਸਵਾਗਤ ਕਰਨ ਅਤੇ ਉਨ੍ਹਾਂ ਨੂੰ ਉਤਸਾਹਿਤ ਕਰਨ ਲਈ ਆਪਣੇ ਦੇ ਸੋਸਲ ਮੀਡੀਆ ਅਕਾਊਂਟ ਦੇ ਡੀਪੀ 'ਤੇ ਰਾਸਟਰੀ ਖੇਡਾਂ ਦਾ ਲੋਗੋ ਲਗਾਉਣ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਸਮੂਹਿਕ ਤੌਰ 'ਤੇ ਸਾਰੇ ਖਿਡਾਰੀਆਂ ਦਾ ਸਵਾਗਤ ਕਰਨਗੇ। ਆਉਣ ਵਾਲੀਆਂ ਰਾਸਟਰੀ ਖੇਡਾਂ ਨੂੰ ਵਿਸੇਸ ਅਤੇ



ਇਤਿਹਾਸਕ ਬਣਾਉਣ ਲਈ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸਾਡਾ ਫਰਜ ਹੈ ਕਿ ਦੇਵਭੂਮੀ ਆਉਣ ਵਾਲੇ ਖਿਡਾਰੀ ਸਾਡੇ ਰਾਜ ਤੋਂ ਬਿਹਤਰ ਯਾਦਾਂ ਅਤੇ ਅਨੁਭਵ ਲੈ ਕੇ ਜਾਣ। ਉਨ੍ਹਾਂ ਕਿਹਾ ਕਿ ਇਹ ਰਾਸਟਰੀ ਖੇਡਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 21ਵੀਂ ਸਦੀ ਦੇ ਤੀਜੇ ਦਹਾਕੇ ਨੂੰ ਉੱਤਰਾਖੰਡ ਦਾ ਦਹਾਕਾ ਬਣਾਉਣ ਦੇ ਵਾਅਦੇ ਨੂੰ ਪੂਰਾ ਕਰਨ ਵਿੱਚ ਵੀ ਮਦਦਗਾਰ ਸਾਬਤ ਹੋਣਗੀਆਂ।

### ਗੈਂਗਸਟਰ ਬਬਲੂ ਸ਼੍ਰੀਵਾਸਤਵ ਦੀ ਰਿਹਾਈ 'ਤੇ 2 ਮਹੀਨਿਆਂ 'ਚ ਫੈਸਲਾ ਲਵੇ ਉੱਤਰ ਪ੍ਰਦੇਸ਼ ਸਰਕਾਰ

ਨਵੀਂ ਦਿੱਲੀ 14 ਜਨਵਰੀ। ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ ਸਰਕਾਰ ਨੂੰ 1993 ਦੇ ਇਕ ਕਤਲ ਕੇਸ ਵਿਚ ਉਮਰ ਕੈਦ ਦੀ ਸਜਾ ਕੱਟ ਰਹੇ ਗੈਂਗਸਟਰ ਓਮ ਪ੍ਰਕਾਸ ਸ੍ਰੀਵਾਸਤਵ ਉਰਫ ਬਬਲੂ ਸ੍ਰੀਵਾਸਤਵ ਦੀ ਸਮੇਂ ਤੋਂ ਪਹਿਲਾਂ ਰਿਹਾਈ 'ਤੇ 2 ਮਹੀਨਿਆਂ ਦੇ ਅੰਦਰ ਫੈਸਲਾ ਲੈਣ ਦੇ ਨਿਰਦੇਸ ਦਿੱਤੇ ਹਨ। ਜਸਟਿਸ ਅਭੈ ਐੱਸ. ਓਕਾ ਅਤੇ ਜਸਟਿਸ ਨੋਂਗਮੇਇਕਾਪਮ ਕੋਟੀਸਵਰ ਸਿੰਘ ਦੀ ਬੈਂਚ ਨੇ ਰਾਜ ਸਰਕਾਰ ਨੂੰ ਭਾਰਤੀ ਸਿਵਲ ਸੁਰੱਖਿਆ ਸੰਹਿਤਾ (ਬੀ. ਐੱਨ. ਐੱਸ. ਐੱਸ.), 2023 ਦੀ ਧਾਰਾ 473 ਦੀ ਉਪ-ਧਾਰਾ (1) ਦੇ ਤਹਿਤ ਛੋਟ ਦੇਣ ਦੀ ਅਪੀਲ ਕਰਨ ਵਾਲੀ ਪਟੀਸਨ 'ਤੇ ਵਿਚਾਰ ਕਰਨ ਦਾ ਨਿਰਦੇਸ ਦਿੱਤਾ। ਹੁਕਮ ਵਿਚ ਕਿਹਾ ਗਿਆ ਹੈ ਕਿ ਪਟੀਸ਼ਨਰ 28 ਸਾਲ ਤੋਂ ਵੱਧ ਦੀ ਅਸਲ ਸਜਾ ਕੱਟ ਚੁੱਕਾ ਹੈ

## ਮਕਰ ਸੰਕ੍ਰਾਂਤੀ 'ਤੇ 2.50 ਕਰੋੜ ਲੋਕਾਂ ਨੇ ਲਾਈ ਆਸਥਾ ਦੀ ਡੁੱਬਕੀ

**ਨਵਦੀਪ ਸਿੰਘ ਸਾਹਨੀ**

ਮਹਾਕੁੰਭ ਨਗਰ 14 ਜਨਵਰੀ। ਮਕਰ ਸੰਕ੍ਰਾਂਤੀ 'ਤੇ ਮੰਗਲਵਾਰ ਨੂੰ ਸਵੇਰੇ ਤੋਂ ਦੁਪਹਿਰ ਤੱਕ 13 ਅਖਾੜਿਆਂ ਦੇ ਸਾਧੂ-ਸੰਤਾਂ ਨੇ ਇਕ-ਇਕ ਕਰਕੇ ਅੰਮ੍ਰਿਤ ਇਸਨਾਨ ਕੀਤਾ। ਮੇਲਾ ਪ੍ਰਸਾਸਨ ਮੁਤਾਬਕ ਦੁਪਹਿਰ 3 ਵਜੇ ਤੱਕ 2.50 ਕਰੋੜ ਸਰਧਾਲੂਆਂ ਨੇ ਗੰਗਾ ਅਤੇ ਸੰਗਮ 'ਚ ਇਸਨਾਨ ਕੀਤਾ। ਅਖਾੜਿਆਂ ਦੇ ਅੰਮ੍ਰਿਤ ਇਸ਼ਨਾਨ 'ਚ ਸਭ ਤੋਂ ਪਹਿਲਾਂ ਸੰਨਿਆਸੀ ਅਖਾੜਿਆਂ ਪੰਚਾਇਤੀ ਅਖਾੜਾ ਮਹਾਂਨਿਰਵਾਨੀ ਅਤੇ ਸ੍ਰੀ ਸੰਭੂ ਪੰਚਾਇਤੀ ਅਟਲ ਅਖਾੜਾ ਦੇ ਸੰਤਾਂ ਨੇ 'ਹਰਿ ਹਰ ਮਹਾਦੇਵ' ਦੇ ਨਾਅਰੇ ਨਾਲ ਸੰਗਮ ਵਿਚ ਅੰਮ੍ਰਿਤ ਇਸ਼ਨਾਨ ਕੀਤਾ। ਅੰਮ੍ਰਿਤ ਇਸ਼ਨਾਨ ਮਗਰੋਂ ਮਹਾਂਨਿਰਵਾਨੀ ਅਖਾੜੇ ਦੇ ਮਹਾਮੰਡਲੇਸ਼ਵਰ ਚੇਤਨਗਿਰੀ ਜੀ ਮਹਾਰਾਜ ਨੇ ਕਿਹਾ ਕਿ ਹਰ 12 ਸਾਲ ਦੇ ਪੂਰਨ ਕੁੰਭ ਪ੍ਰਯਾਗਰਾਜ ਹੁੰਦਾ ਹੈ ਅਤੇ 12 ਪੂਰਨ ਕੁੰਭ ਹੋਣ 'ਤੇ 144 ਸਾਲ ਬਾਅਦ ਇਹ ਮਹਾਕੁੰਭ ਆਉਂਦਾ ਹੈ। ਬਹੁਤ ਕਿਸਮਤ ਵਾਲੇ ਲੋਕਾਂ ਨੂੰ ਮਹਾਕੁੰਭ ਵਿਚ ਇਸ਼ਨਾਨ ਦਾ ਮੌਕਾ ਮਿਲਦਾ ਹੈ। ਮਹਾਂਨਿਰਵਾਨੀ ਅਖਾੜੇ ਦੇ 68 ਮਹਾਮੰਡਲੇਸ਼ਵਰ ਅਤੇ ਹਜਾਰਾਂ ਸਾਧੂ-ਸੰਤਾਂ ਨੇ ਅੰਮ੍ਰਿਤ ਇਸ਼ਨਾਨ ਕੀਤਾ। ਅੰਮ੍ਰਿਤ



ਇਸ਼ਨਾਨ ਦੇ ਅਗਲੇ ਕ੍ਰਮ ਵਿਚ ਤਪੋਨਿਧੀ ਪੰਚਾਇਤੀ ਸ਼੍ਰੀ ਨਿਰੰਜਨੀ ਅਖਾੜਾ ਅਤੇ ਆਨੰਦ ਅਖਾੜਾ ਦੇ ਸਾਧੂ ਸੰਤਾਂ ਨੇ ਅੰਮ੍ਰਿਤ ਇਸ਼ਨਾਨ ਕੀਤਾ, ਜਿਸ ਵਿਚ ਸਭ ਤੋਂ ਪਹਿਲਾਂ ਅਖਾੜਾ ਪਰੀਸ਼ਦ ਦੇ ਪ੍ਰਧਾਨ ਮਹੰਤ ਰਵਿੰਦਰ ਪੁਰੀ ਸਨ ਅਤੇ ਉਨ੍ਹਾਂ ਤੋਂ ਬਾਅਦ ਅਖਾੜਾ ਦੇ ਝੰਡੇ ਅਤੇ ਫਿਰ ਦੇਵਤਾ ਕਾਰਤੀਕੇਯ ਸਵਾਮੀ ਅਤੇ ਸੂਰਿਆ ਨਰਾਇਣ ਪਾਲਕੀ 'ਤੇ ਸਵਾਰ ਸਨ। ਕੜਾਕੇ ਦੀ ਠੰਡ ਅਤੇ ਧੁੰਦ ਦੇ ਬਾਵਜੂਦ ਸਵੇਰ ਤੋਂ ਹੀ ਪ੍ਰਯਾਗਰਾਜ 'ਚ ਹਰ ਦਿਸਾ ਤੋਂ ਸੰਗਮ ਵੱਲ ਲੋਕਾਂ ਦੀ ਭੀੜ ਵਧਦੀ ਦਿਖਾਈ ਦਿੱਤੀ। ਇਸਨਾਨ ਕਰਨ ਦੇ ਨਾਲ-ਨਾਲ ਆਮ ਸਰਧਾਲੂ ਸੰਗਮ ਇਲਾਕੇ ਵਿਚ ਬਣੇ ਸਾਧੂ-ਸੰਤਾਂ ਦੇ ਅਖਾੜਿਆਂ ਦੇ ਵੀ ਦਰਸਨ ਕਰ ਰਹੇ ਹਨ। ਇੱਥੇ ਸੰਗਮ ਇਸਨਾਨ ਕਰਕੇ ਵਾਪਸ ਪਰਤਣ ਵਾਲੇ ਸਰਧਾਲੂਆਂ ਲਈ ਸਹਿਰ ਦੇ ਵੱਖ-ਵੱਖ ਚੌਰਾਹਿਆਂ ਅਤੇ ਮੁੱਖ ਮਾਰਗਾਂ 'ਤੇ ਸਹਿਰ ਵਾਸੀਆਂ ਵੱਲੋਂ ਵੱਡੀ ਪੱਧਰ 'ਤੇ ਸਬਜੀ ਪੂਰੀ ਅਤੇ ਖਿਚੜੀ ਦਾ ਪ੍ਰਸਾਦ ਵਰਤਾਇਆ ਜਾ ਰਿਹਾ ਹੈ।

## ਤਿਰੂਪਤੀ ਮੰਦਰ ਤੋਂ ਸੋਨਾ ਚੋਰੀ ਕਰਨ ਦੇ ਮਾਮਲੇ 'ਚ ਕਰਮਚਾਰੀ ਗ੍ਰਿਫਤਾਰ

ਤਿਰੂਪਤੀ 14 ਜਨਵਰੀ। ਤਿਰੂਮਲਾ ਤਿਰੂਪਤੀ ਦੇਵਸਥਾਨਮ (ਟੀਟੀਡੀ) ਦੇ 'ਆਊਟਸੋਰਸ' ਕੀਤੇ ਗਏ 40 ਸਾਲਾ ਇਕ ਕਰਮਚਾਰੀ ਨੂੰ ਇੱਥੇ ਭਗਵਾਨ ਵੈਂਕਟੇਸ਼ਵਰ ਸਵਾਮੀ ਦੇ ਮੰਦਰ ਤੋਂ ਭਗਤਾਂ ਤੋਂ ਦਾਨ ਵਜੋਂ ਪ੍ਰਾਪਤ ਅੱਧਾ ਕਿਲੋ ਤੋਂ ਵੱਧ ਸੋਨਾ ਚੋਰੀ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਦੇ ਇਕ ਅਧਿਕਾਰੀ ਨੇ ਮੰਗਲਵਾਰ ਨੂੰ ਦੱਸਿਆ ਕਿ ਵੀ ਪੇਂਚਲੈਯਾ ਨੂੰ ਪਿਛਲੇ ਇਕ ਸਾਲ 'ਚ 10 ਤੋਂ 15 ਵਾਰ ਬਿਸਕੁੱਟ ਅਤੇ ਗਹਿਣਿਆਂ ਦੇ ਰੂਪ 'ਚ 46 ਲੱਖ ਰੁਪਏ ਮੁੱਲ ਦਾ 650 ਗ੍ਰਾਮ ਸੋਨਾ ਚੋਰੀ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਹੈ। ਅਧਿਕਾਰੀ ਨੇ ਦੱਸਿਆ ਕਿ ਪੰਚਲੈਯਾ ਉਸ ਸਥਾਨ 'ਤੇ ਕੰਮ ਕਰਦਾ ਸੀ, ਜਿੱਥੇ ਦੇਵਤਾ ਨੂੰ ਚੜ੍ਹਾਏ ਜਾਣ ਵਾਲੇ ਚੜ੍ਹਾਵੇ ਦੀ ਛਾਂਟੀ ਕੀਤੀ ਜਾਂਦੀ ਹੈ ਅਤੇ ਉਹ ਭਗਵਾਨ ਨੂੰ ਦਾਨ 'ਚ ਅਰਪਿਤ ਕੀਤੇ ਗਏ ਸੋਨੇ ਦੀ ਚੋਰੀ 'ਚ ਸ਼ਾਮਲ ਸਨ। ਮੰਦਰ 'ਚ ਪਰਕਮਣੀ 'ਚ ਚੜ੍ਹਾਵੇ 'ਚ ਆਏ ਨਕਦੀ, ਸੋਨੇ, ਗਹਿਣੇ ਅਤੇ ਹੋਰ ਦਾਨ ਦੀ ਛਾਂਟੀ ਹੁੰਦੀ ਹੈ। ਨਕਦੀ ਨੂੰ ਬੈਂਕ 'ਚ ਜਮ੍ਹਾਂ ਕੀਤਾ ਜਾਂਦਾ ਹੈ ਜਦੋਂ ਕਿ ਹੋਰ ਕੀਮਤੀ ਸਾਮਾਨ ਸੁਰੱਖਿਆਤ ਰੱਖਿਆ ਜਾਂਦਾ ਹੈ। ਪੁਲਸ ਅਨੁਸਾਰ ਪਿਛਲੇ 2 ਸਾਲਾਂ ਤੋਂ ਮੰਦਰ 'ਚ ਪਰਕਮਣੀ 'ਚ ਕੰਮ ਕਰ ਰਹੇ ਪੇਂਚਲੈਯਾ ਨੂੰ ਇਕ ਵਾਹਨ 'ਚੋਂ ਸੋਨੇ ਦੇ ਬਿਸਕੁੱਟ ਚੋਰੀ ਕਰਨ ਦੀ ਕੋਸ਼ਿਸ਼ ਕਰਦੇ ਹੋਏ ਫੜਿਆ ਗਿਆ ਅਤੇ 12 ਜਨਵਰੀ ਨੂੰ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੁਲਸ ਨੇ ਕਿਹਾ ਕਿ ਕਰਮਚਾਰੀ ਨੂੰ ਸੋਮਵਾਰ ਨੂੰ ਰਿਮਾਂਡ 'ਤੇ ਭੇਜ ਦਿੱਤਾ ਗਿਆ। ਅਧਿਕਾਰੀ ਨੇ ਦੱਸਿਆ ਕਿ ਉਸ ਨੂੰ ਅਪਰਾਧਕ ਵਿਸ਼ਵਾਸਘਾਤ ਲਈ ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ) ਦੀ ਧਾਰਾ 316 (5) ਦੇ ਅਧੀਨ ਗ੍ਰਿਫਤਾਰ ਕੀਤਾ ਗਿਆ।

## ਤਿੰਨਾਂ ਕਿਸਾਨ ਜਥੇਬੰਦੀਆਂ ਦੀ ਏਕਤਾ ਲਈ ਮੀਟਿੰਗ ਹੋਈ ਸਫਲ, 18 ਨੂੰ ਹੋ ਸਕਦੈ ਐਲਾਨ

ਪਟਿਆਲਾ/ਸਨੌਰ 14 ਜਨਵਰੀ। ਕੇਂਦਰ ਸਰਕਾਰ ਤੋਂ ਮੰਗਾਂ ਮਨਵਾਉਣ ਲਈ ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਚੱਲ ਰਹੇ ਸੰਘਰਸ਼ ਨੂੰ ਹੋਰ ਤੇਜ ਕਰਨ ਲਈ ਅੱਜ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ), ਕਿਸਾਨ ਮਜਦੂਰ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚੇ ਦੀ ਤਾਲਮੇਲ ਕਮੇਟੀ ਦੀ ਹੋਈ ਸਾਂਝੀ ਮੀਟਿੰਗ ਸਫਲ ਰਹੀ ਹੈ। ਇਸ ਸਬੰਧੀ ਹੁਣ 18 ਜਨਵਰੀ ਨੂੰ ਮੁੜ ਖਨੌਰੀ ਮੋਰਚਾ (ਪਾਤੜਾਂ 'ਚ) 'ਤੇ ਹੀ ਮੀਟਿੰਗ ਰੱਖੀ ਗਈ ਹੈ, ਜਿਸ 'ਚ ਦੋਵੇਂ ਧੜਿਆਂ ਦੀ ਏਕਤਾ ਦਾ ਐਲਾਨ ਹੋ ਸਕਦਾ ਹੈ। ਅੱਜ ਦੀ ਮੀਟਿੰਗ 'ਚ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਕਾਕਾ ਸਿੰਘ ਕੋਟੜਾ, ਸਰਵਣ ਸਿੰਘ ਪੰਧੇਰ, ਇੰਦਰਜੀਤ ਸਿੰਘ ਕੋਟਬੁੱਢਾ, ਜਸਵਿੰਦਰ ਸਿੰਘ ਲੌਂਗੋਵਾਲ, ਅਭਿਮੰਨਿਊ ਕੋਹਾੜ, ਸੁਰਜੀਤ ਸਿੰਘ ਫੂਲ, ਸੁਖਜੀਤ ਸਿੰਘ ਹਰਦੋਝੰਡੇ, ਮਨਜੀਤ ਸਿੰਘ ਰਾਏ, ਲਖਵਿੰਦਰ ਸਿੰਘ ਔਲਖ, ਗੁਰਿੰਦਰ ਸਿੰਘ ਭੰਗੂ, ਜਰਨੈਲ ਸਿੰਘ ਚਹਿਲ, ਅਮਰਜੀਤ ਸਿੰਘ ਮੋਹੜੀ ਹਾਜ਼ਰ ਸਨ। ਸੰਯੁਕਤ ਕਿਸਾਨ ਮੋਰਚੇ ਵੱਲੋਂ ਜੋਗਿੰਦਰ ਸਿੰਘ ਉਗਰਾਹਾਂ, ਬਲਬੀਰ ਸਿੰਘ ਰਾਜੇਵਾਲ, ਕ੍ਰਿਸ਼ਨ ਪ੍ਰਸਾਦ, ਰਮਿੰਦਰ ਸਿੰਘ ਪਟਿਆਲਾ, ਡਾ. ਦਰਸ਼ਨਪਾਲ, ਯੁੱਧਵੀਰ ਸਿੰਘ, ਬਲਦੇਵ ਸਿੰਘ ਨਿਹਾਲਗੜ੍ਹ, ਮਨਜੀਤ ਸਿੰਘ ਧਨੇਰ ਅਤੇ ਹੋਰ ਆਗੂ ਹਾਜ਼ਰ ਸਨ। ਇਸ ਮੌਕੇ ਦੋਵੇਂ ਧੜਿਆਂ ਦੇ ਕਿਸਾਨ ਨੇਤਾਵਾਂ ਨੇ ਸਾਂਝੀ ਪ੍ਰੈੱਸ



ਕਾਨਫਰੰਸ ਕਰ ਕੇ ਆਖਿਆ ਕਿ ਦੇਸ਼ ਦੇ ਲੋਕਾਂ ਦੀ ਮੰਗ ਹੈ ਕਿ ਸਾਰੇ ਕਿਸਾਨ ਧੜੇ ਇਕੱਠੇ ਹੋਣ, ਜਿਸ ਦੇ ਚਲਦਿਆਂ ਅੱਜ ਦੀ ਸਾਡੀ ਮੀਟਿੰਗ ਬੇਹੱਦ ਸਫਲ ਰਹੀ ਹੈ। ਅਸੀਂ ਮੁੜ ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਨੂੰ ਧਿਆਨ 'ਚ ਰੱਖਦਿਆਂ 18 ਜਨਵਰੀ ਨੂੰ ਮੀਟਿੰਗ ਰੱਖੀ ਹੈ, ਜਿਸ 'ਚ ਮੁੜ ਸਹੀ ਤਰੀਕੇ ਨਾਲ ਹੋਰ ਵਿਚਾਰ-ਵਟਾਂਦਰਾ ਕਰ ਕੇ ਏਕਤਾ ਦਾ ਐਲਾਨ ਹੋਵੇਗਾ।

## ਰਾਜ ਸਭਾ ਸਦਨ 'ਚੋਂ ਮਿਲੇ ਨੋਟਾਂ ਦੇ ਬੰਡਲ 'ਤੇ ਕੋਈ ਦਾਅਵਾ ਨਾ ਕਰਨਾ ਦੁੱਖ ਦੀ ਗੱਲ: ਧਨਖੜ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 14 ਜਨਵਰੀ। ਉਪ ਰਾਸਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਸੋਮਵਾਰ ਨੂੰ ਇਸ ਗੱਲ 'ਤੇ ਦੁੱਖ ਪ੍ਰਗਟ ਕੀਤਾ ਕਿ ਕੋਈ ਵੀ ਸੰਸਦ ਮੈਂਬਰ ਪਿਛਲੇ ਮਹੀਨੇ ਰਾਜ ਸਭਾ ਹਾਊਸ ਵਿੱਚੋਂ ਮਿਲੇ ਨੋਟਾਂ ਦੇ ਬੰਡਲ ਦਾ ਦਾਅਵਾ ਕਰਨ ਲਈ ਅੱਗੇ ਨਹੀਂ ਆਇਆ। ਉਹਨਾਂ ਨੇ ਕਿਹਾ ਕਿ ਇਹ "ਸਾਡੇ ਨੈਤਿਕ ਮਿਆਰਾਂ ਲਈ ਇੱਕ ਸਮੂਹਿਕ ਚੁਣੌਤੀ" ਹੈ। 6 ਦਸੰਬਰ ਨੂੰ ਸੰਸਦ ਦੇ ਸਰਦ ਰੁੱਤ ਸੈਸਨ ਦੌਰਾਨ ਰਾਜ ਸਭਾ ਵਿੱਚ ਕਾਂਗਰਸ ਨੇਤਾ ਅਭਿਸੇਕ ਮਨੂ ਸਿੰਘਵੀ ਨੂੰ ਉੱਚ ਸਦਨ ਵਿੱਚ ਅਲਾਟ ਕੀਤੀ ਗਈ ਸੀਟ ਤੋਂ 500 ਰੁਪਏ ਦੇ ਨੋਟਾਂ ਦਾ ਇੱਕ ਬੰਡਲ ਬਰਾਮਦ ਹੋਣ ਤੋਂ ਬਾਅਦ ਕਾਫੀ ਹੰਗਾਮਾ ਹੋਇਆ ਸੀ। ਵਿਰੋਧੀ ਪਾਰਟੀਆਂ ਅਤੇ ਸੱਤਾਧਾਰੀ ਗੱਠਜੋੜ ਦੇ ਮੈਂਬਰਾਂ ਨੇ ਇੱਕ ਦੂਜੇ 'ਤੇ ਦੋਸ ਲਗਾਏ ਸਨ ਅਤੇ ਮਨੂ ਸਿੰਘਵੀ ਨੇ "ਸੁਰੱਖਿਆ ਵਿੱਚ ਕੁਤਾਹੀ" ਦੀ ਜਾਂਚ ਦੀ ਮੰਗ ਕੀਤੀ ਸੀ। ਕਾਂਗਰਸੀ ਨੇਤਾ ਨੇ ਇਹ ਵੀ ਕਿਹਾ ਸੀ ਕਿ ਸੰਸਦ ਮੈਂਬਰਾਂ ਦੀ ਗੈਰਹਾਜਰੀ ਵਿੱਚ ਸੀਟਾਂ 'ਤੇ ਕੁਝ ਵੀ ਨਾ ਰੱਖਣ ਤੋਂ ਰੋਕਣ ਲਈ ਕੱਚ ਦੇ ਘੇਰੇ ਬਣਾਏ ਜਾਣੇ ਚਾਹੀਦੇ ਹਨ। ਧਨਖੜ ਨੇ ਇੱਕ



ਕਿਤਾਬ ਦੇ ਰਿਲੀਜ ਮੌਕੇ ਕਿਹਾ ਕਿ ਮੇਰੇ ਦਰਦ ਦੀ ਕਲਪਨਾ ਕਰੋ। ਲਗਭਗ ਇੱਕ ਮਹੀਨਾ ਪਹਿਲਾਂ, ਸਾਨੂੰ ਇੱਕ ਰਾਜ ਸਭਾ ਸੀਟ ਤੋਂ 500 ਰੁਪਏ ਦੇ ਨੋਟਾਂ ਦਾ ਬੰਡਲ ਮਿਲਿਆ ਸੀ। ਮੈਨੂੰ ਬਹੁਤ ਦੁੱਖ ਹੋਇਆ ਕਿ ਕੋਈ ਵੀ ਇਸਨੂੰ ਲੈਣ ਨਹੀਂ ਆਇਆ। ਧਨਖੜ ਨੇ ਇਸਨੂੰ "ਬਹੁਤ ਗੰਭੀਰ ਮੁੱਦਾ" ਦੱਸਿਆ। ਉਪ ਰਾਸਟਰਪਤੀ ਨੇ ਕਿਹਾ, "ਤੁਸੀਂ ਲੋੜ ਪੈਣ 'ਤੇ ਨੋਟ ਆਪਣੇ ਕੋਲ ਰੱਖ ਸਕਦੇ ਹੋ, ਪਰ ਫਿਰ ਵੀ ਕਿਸੇ ਨੇ ਇਸਦਾ ਦਾਅਵਾ ਨਹੀਂ ਕੀਤਾ। ਇਹ ਸਾਡੇ ਨੈਤਿਕ ਮਿਆਰਾਂ ਲਈ ਇੱਕ ਸਮੂਹਿਕ ਚੁਣੌਤੀ ਹੈ।" ਧਨਖੜ ਨੇ ਕਿਹਾ ਕਿ ਲੰਬੇ ਸਮੇਂ ਤੋਂ ਕੋਈ ਨੈਤਿਕਤਾ ਕਮੇਟੀ ਨਹੀਂ ਸੀ। 1990 ਦੇ ਦਹਾਕੇ ਦੇ ਅਖੀਰ ਵਿੱਚ ਪਹਿਲੀ ਵਾਰ ਰਾਜ ਸਭਾ ਵਿੱਚ ਇੱਕ ਨੈਤਿਕਤਾ ਕਮੇਟੀ ਬਣਾਈ ਗਈ ਸੀ, ਜੋ ਅਜੇ ਵੀ ਕੰਮ ਕਰ ਰਹੀ ਹੈ। ਉਨ੍ਹਾਂ ਅਫਸੋਸ ਪ੍ਰਗਟ ਕਰਦਿਆਂ ਕਿਹਾ, ਰਾਜ ਸਭਾ ਦੇ ਚੇਅਰਮੈਨ ਹੋਣ ਦੇ ਨਾਤੇ, ਮੈਂ ਤੁਹਾਨੂੰ ਸਾਰਿਆਂ ਨੂੰ ਦੱਸ ਸਕਦਾ ਹਾਂ ਕਿ ਰਾਜ ਸਭਾ ਦੇ ਸਾਰੇ ਮੈਂਬਰਾਂ ਕੋਲ ਸਾਨਦਾਰ ਯੋਗਤਾ ਹੈ। ਉਨ੍ਹਾਂ ਕੋਲ ਬਹੁਤ ਵਧੀਆ ਤਜਰਬਾ ਅਤੇ ਪ੍ਰਾਪਤੀਆਂ ਹਨ, ਪਰ ਜਦੋਂ ਕਦਮ ਚੁੱਕਣ ਦੀ ਗੱਲ ਆਉਂਦੀ ਹੈ, ਤਾਂ ਉਨ੍ਹਾਂ ਨੂੰ ਕਿਸੇ ਹੋਰ ਦੁਆਰਾ ਸੇਧ ਦਿੱਤੀ ਜਾਂਦੀ ਹੈ। ਉਹ ਸਪੱਸਟ ਤੌਰ 'ਤੇ ਸਦਨ ਵਿੱਚ ਮੁੱਦੇ ਉਠਾਉਂਦੇ ਸਮੇਂ ਪਾਰਟੀ ਲਾਈਨ ਦੀ ਪਾਲਣਾ ਕਰਨ ਵਾਲੇ ਸੰਸਦ ਮੈਂਬਰਾਂ ਦਾ ਹਵਾਲਾ ਦੇ ਰਹੇ ਸਨ।

# ਕਸ਼ਮੀਰ ਤੱਕ ਸਿੱਧੀ ਰੇਲ ਲਾਈਨ ਦਾ ਭਾਰਤ ਦਾ ਸੁਪਨਾ ਹਕੀਕਤ ਦੇ ਨੇੜੇ

ਨਵੀਂ ਦਿੱਲੀ 14 ਜਨਵਰੀ। ਭਾਰਤੀ ਰੇਲਵੇ ਨੇ ਬੁੱਧਵਾਰ ਨੂੰ ਜੰਮੂ ਅਤੇ ਕਸਮੀਰ ਵਿੱਚ ਊਧਮਪੁਰ-ਸ੍ਰੀਨਗਰ-ਬਾਰਾਮੂਲਾ ਰੇਲਵੇ ਲਾਈਨ () ਦੇ ਕਟੜਾ-ਬਨਿਹਾਲ ਸੈਕਸਨ ਦੇ 179-ਡਿਗਰੀ ਢਲਾਣ 'ਤੇ ਇੱਕ ਟ੍ਰਾਇਲ ਰਨ ਸਫਲਤਾਪੂਰਵਕ ਕੀਤਾ। ਇਕ ਰਿਪੋਰਟ ਅਨੁਸਾਰ ਇਹ ਟੈਸਟ ਕਸਮੀਰ ਨੂੰ ਬਾਕੀ ਭਾਰਤ ਨਾਲ ਰੇਲ ਰਾਹੀਂ ਸਿੱਧੇ ਤੌਰ 'ਤੇ ਜੋੜਨ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। 110 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਚੱਲਣ ਵਾਲੀ ਇਹ ਟ੍ਰਾਇਲ ਟ੍ਰੇਨ, ਸੰਗਲਦਾਨ ਅਤੇ ਰਿਆਸੀ ਵਿਚਕਾਰ ਚੱਲ ਰਹੇ ਟ੍ਰਾਇਲਾਂ ਦਾ ਹਿੱਸਾ ਸੀ। ਉੱਤਰੀ ਸਰਕਲ ਦੇ ਰੇਲਵੇ ਸੁਰੱਖਿਆ (ਸੀਆਰਐਸ) ਕਮਿਸਨਰ ਦਿਨੇਸ ਚੰਦ ਦੇਸਵਾਲ ਨੇ ਇਸ ਪ੍ਰਾਪਤੀ ਨੂੰ "ਰੇਲਵੇ ਦੇ ਇਤਿਹਾਸ ਵਿੱਚ ਇੱਕ ਨਵਾਂ ਅਧਿਆਇ" ਦੱਸਿਆ। ਕਸਮੀਰ ਨੂੰ ਰੇਲ ਨਾਲ ਜੋੜਨ ਦਾ ਸੁਪਨਾ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਲਟਕਿਆ ਹੋਇਆ ਹੈ। ਬਨਿਹਾਲ ਸਟੇਸਨ 'ਤੇ ਬੋਲਦੇ ਹੋਏ, ਉਨ੍ਹਾਂ ਨੇ ਖੇਤਰ ਦੀਆਂ ਵਿਲੱਖਣ ਚੁਣੌਤੀਆਂ ਨੂੰ ਪਾਰ ਕਰਨ ਲਈ ਇੰਜੀਨੀਅਰਾਂ ਦੀ ਪ੍ਰਸੰਸਾ ਕੀਤੀ। ਅਜਿਹੀਆਂ ਚੁਣੌਤੀਪੂਰਨ ਭੂਗੋਲਿਕ ਸਥਿਤੀਆਂ ਵਿੱਚ ਟ੍ਰਾਇਲ ਰਨ ਸੁਚਾਰੂ ਸੀ ਅਤੇ ਇਸਨੇ ਸਾਨੂੰ ਸੰਤੁਸਟੀ ਦੀ ਭਾਵਨਾ ਨਾਲ ਭਰ ਦਿੱਤਾ। ਇਸਦਾ ਸਿਹਰਾ ਸਾਡੇ ਇੰਜੀਨੀਅਰਾਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਇੰਨਾ ਸਾਨਦਾਰ ਕੰਮ ਕੀਤਾ ਹੈ। ਸੂਤਰਾਂ ਅਨੁਸਾਰ ਟ੍ਰਾਇਲ ਸਵੇਰੇ 10:30 ਵਜੇ ਸੂਰੂ ਹੋਇਆ ਜਦੋਂ ਰੇਲਗੱਡੀ ਕਟੜਾ ਸਟੇਸਨ ਤੋਂ ਰਵਾਨਾ ਹੋਈ ਅਤੇ ਡੇਢ ਘੰਟੇ ਵਿੱਚ ਬਨਿਹਾਲ ਪਹੁੰਚ ਗਈ। ਥੋੜ੍ਹੇ ਸਮੇਂ ਲਈ ਰੁਕਣ ਤੋਂ ਬਾਅਦ, ਇਹ ਦੁਪਹਿਰ 3:30 ਵਜੇ ਕਟੜਾ ਵਾਪਸ ਆ ਗਈ। ਦੇਸਵਾਲ ਨੇ ਕਿਹਾ ਕਿ ਹੁਣ ਕਸਮੀਰ ਲਈ ਸਿੱਧੀ ਰੇਲ ਸੇਵਾ ਸੂਰੂ ਕਰਨ ਦੀ ਸੰਭਾਵਨਾ ਇਕੱਤਰ ਕੀਤੇ ਅੰਕੜਿਆਂ ਦਾ ਵਿਸਲੇਸਣ ਕਰਕੇ ਨਿਰਧਾਰਤ ਕੀਤੀ ਜਾਵੇਗੀ। ਕਸਮੀਰ ਨੂੰ ਰੇਲ ਨਾਲ ਜੋੜਨ ਦਾ ਸੁਪਨਾ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਲਟਕਿਆ ਹੋਇਆ ਹੈ। ਪ੍ਰੋਜੈਕਟ 1997 ਵਿੱਚ ਸੁਰੂ ਹੋਇਆ ਸੀ ਪਰ ਖੇਤਰ ਦੇ ਚੁਣੌਤੀਪੂਰਨ ਭੂ-ਵਿਗਿਆਨ, ਭੂਗੋਲ ਅਤੇ ਮੌਸਮ ਦੀਆਂ ਸਥਿਤੀਆਂ ਕਾਰਨ ਕਈ ਵਾਰ ਦੇਰੀ ਹੋਈ। ਰੁਕਾਵਟਾਂ ਦੇ ਬਾਵਜੂਦ, ਇਹ ਪ੍ਰੋਜੈਕਟ ਹੁਣ ਆਪਣੇ ਅੰਤਿਮ ਪੜਾਅ 'ਤੇ ਪਹੁੰਚ ਗਿਆ ਹੈ, 17 ਕਿਲੋਮੀਟਰ ਲੰਬਾ ਰਿਆਸੀ-ਕਟੜਾ ਸੈਕਸਨ ਅਗਲੇ ਮਹੀਨੇ ਪੂਰਾ ਹੋਣ ਦੀ ਉਮੀਦ ਹੈ। ਸੂਤਰਾਂ ਨੇ ਇੰਡੀਅਨ ਐਕਸਪ੍ਰੈਸ ਨੂੰ ਇਹ ਵੀ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਮਹੱਤਵਪੂਰਨ ਭਾਗ ਦਾ ਉਦਘਾਟਨ ਕਰਨ ਦੀ ਸੰਭਾਵਨਾ ਹੈ, ਜੋ ਜਨਵਰੀ ਤੱਕ ਕਸਮੀਰ ਤੋਂ ਦਿੱਲੀ ਤੱਕ ਪਹਿਲੀ ਸਿੱਧੀ ਰੇਲਗੱਡੀ ਵੱਲ ਲੈ ਜਾਵੇਗਾ। 800 ਕਿਲੋਮੀਟਰ ਦਾ ਇਹ ਸਫਰ 13 ਘੰਟਿਆਂ ਤੋਂ ਵੀ ਘੱਟ ਸਮੇਂ ਵਿੱਚ ਪੂਰਾ ਹੋਣ ਦੀ ਉਮੀਦ ਹੈ, ਜੋ ਕਿ ਇਸ



ਖੇਤਰ ਲਈ ਸੰਪਰਕ ਵਿੱਚ ਇੱਕ ਵੱਡਾ ਸੁਧਾਰ ਹੈ। ਇਸ ਰੇਲਵੇ ਲਿੰਕ ਤੋਂ ਕਸਮੀਰ ਦੀ ਆਰਥਿਕਤਾ ਨੂੰ ਬਦਲਣ ਦੀ ਵੀ ਉਮੀਦ ਹੈ ਕਿਉਂਕਿ ਇਹ ਸਾਮਾਨ ਦੀ ਆਵਾਜਾਈ ਨੂੰ ਤੇਜ, ਸਸਤਾ ਅਤੇ ਵਧੇਰੇ ਭਰੋਸੇਮੰਦ ਬਣਾਏਗਾ। ਕਸਮੀਰੀ ਉਤਪਾਦ ਜਿਵੇਂ ਕਿ ਸੇਬ, ਸੁੱਕੇ ਮੇਵੇ, ਪਸਮੀਨਾ ਸਾਲ ਅਤੇ ਦਸਤਕਾਰੀ ਭਾਰਤ ਭਰ ਦੇ ਬਾਜਾਰਾਂ ਵਿੱਚ ਵਧੇਰੇ ਕੁਸਲਤਾ ਨਾਲ ਪਹੁੰਚਣਗੇ, ਜਦੋਂ ਕਿ ਘਾਟੀ ਵਿੱਚ ਰੋਜਾਨਾ ਜਰੂਰਤਾਂ ਦੀਆਂ ਚੀਜਾਂ ਦੀ ਦਰਾਮਦ ਦੀ ਲਾਗਤ ਘਟਣ ਦੀ ਉਮੀਦ ਹੈ।

## ਜ਼ਹਿਰੀਲੀ ਦਵਾਈ ਖਾਣ ਨਾਲ ਵਿਅਕਤੀ ਦੀ ਮੌਤ

ਅਬੋਹਰ 14 ਜਨਵਰੀ। ਨਾਥ ਸੰਪਰਦਾ ਨਾਲ ਸਬੰਧਿਤ ਇਕ ਵਿਅਕਤੀ, ਜੋ ਕਿ ਸਬ-ਡਵੀਜ਼ਨ ਦੇ ਪਿੰਡ ਬਿਸ਼ਨਪੁਰ ਦਾ ਵਸਨੀਕ ਹੈ ਅਤੇ ਪਿੰਡ-ਪਿੰਡ ਜਾ ਕੇ ਜੜੀ-ਬੂਟੀਆਂ ਦੀਆਂ ਦਵਾਈਆਂ ਵੇਚਦਾ ਸੀ। ਉਸ ਨੇ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ। ਇਸ ਕਾਰਨ ਉਸਦੀ ਮੌਤ ਹੋ ਗਈ। ਉਸਦੀ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਦੇ ਮੁਰਦਾਘਰ 'ਚ ਰੱਖਿਆ ਗਿਆ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਜਾਣਕਾਰੀ ਦਿੰਦੇ ਹੋਏ ਮ੍ਰਿਤਕ ਦੇ ਰਿਸ਼ਤੇਦਾਰ ਵਿਨੋਦ ਨੇ ਦੱਸਿਆ ਕਿ ਕਰੀਬ 60 ਸਾਲਾ ਮਹਿੰਦਰ ਨਾਥ ਤਿੰਨ ਬੱਚਿਆਂ ਦਾ ਪਿਤਾ ਸੀ ਅਤੇ ਪਿੰਡ-ਪਿੰਡ ਜੜੀ-ਬੂਟੀਆਂ ਦੀਆਂ ਦਵਾਈਆਂ ਵੇਚਦਾ ਸੀ। ਬੀਤੇ ਦਿਨ ਉਸਨੇ ਨਸ਼ੇ ਦੀ ਹਾਲਤ 'ਚ ਕੋਈ ਜ਼ਹਿਰੀਲੀ ਚੀਜ਼ ਖਾ ਲਈ, ਜਿਸ ਨੂੰ ਤੁਰੰਤ ਸ਼ਹਿਰ ਦੇ ਇਕ ਨਿੱਜੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਜਿੱਥੇ ਉਸਦੀ ਮੌਤ ਹੋ ਗਈ। ਬਾਅਦ 'ਚ ਉਸਦੀ ਲਾਸ਼ ਨੂੰ ਪੋਸਟਮਾਰਟਮ ਲਈ ਮੁਰਦਾਘਰ 'ਚ ਰੱਖਿਆ ਗਿਆ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਪਾਬੰਦੀਸ਼ੁਦਾ ਨਸ਼ੀਲੇ ਪਦਾਰਥਾਂ ਦੀ ਤਸਕਰੀ 'ਚ ਸ਼ਾਮਲ 5 ਤਸਕਰ ਗ੍ਰਿਫਤਾਰ

ਸ਼੍ਰੀਨਗਰ 14 ਜਨਵਰੀ। ਜੰਮੂ ਕਸ਼ਮੀਰ ਪੁਲਸ ਨੇ ਅਨੰਤਨਾਗ ਜ਼?ਲ੍ਹੇ 'ਚ 2 ਵੱਖ-ਵੱਖ ਘਟਨਾਵਾਂ 'ਚ ਨਸ਼ੀਲੇ ਪਦਾਰਥਾਂ ਦੀ ਤਸਕਰੀ 'ਚ ਸ਼ਾਮਲ 5 ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜੇ ਤੋਂ ਪਾਬੰਦੀਸ਼ੁਦਾ ਪਦਾਰਥ ਬਰਾਮਦ ਕੀਤੇ ਹਨ। ਪੁਲਸ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਹਲਮੁੱਲਾ ਸੰਗਮ 'ਤੇ ਨਿਯਮਿਤ ਜਾਂਚ ਦੌਰਾਨ ਇਕ ਵਾਹਨ ਨੂੰ ਰੋਕਿਆ ਗਿਆ ਅਤੇ ਨਿਰੀਖਣ ਕਰਨ 'ਤੇ ਤਿੰਨ ਵਿਅਕਤੀਆਂ ਕੋਲੋਂ ਕੋਡੀਨ ਫਾਸਫੇਟ ਦੀਆਂ 21 ਬੋਤਲਾਂ ਬਰਾਮਦ ਕੀਤੀਆਂ ਗਈਆਂ। ਉਨ੍ਹਾਂ ਦੀ ਪਛਾਣ ਕੁਚਮੁੱਲਾ ਤ੍ਰਾਲ ਦੇ ਵਾਸੀ ਜਾਵੇਦ ਅਹਿਮਦ ਸ਼ੇਖ, ਕਨਿਹਾਮਾ ਨੌਗਾਮ, ਸ਼੍ਰੀਨਗਰ ਦੇ ਵਾਸੀ ਮੁਹੰਮਦ ਅਲਤਾਫ ਸ਼ੇਖ ਅਤੇ ਚਾਰਸੂ ਅਵੰਤੀਪੋਰਾ ਦੇ ਵਾਸੀ ਮੁਹੰਮਦ ਹਾਰੂਨ ਪੈਰੀ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਤਿੰਨਾਂ ਦੋਸ਼ੀਆਂ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਨਾਲ ਹੀ ਵਾਹਨ ਸਮੇਤ ਤਸਕਰੀ ਦਾ ਸਾਮਾਨ ਵੀ ਜਬਤ ਕਰ ਲਿਆ



ਗਿਆ। ਪੁਲਸ ਨੇ ਦੱਸਿਆ ਕਿ ਇਕ ਹੋਰ ਮੁਹਿੰਮ 'ਚ, ਜਿਊਪਿਟਰ ਕਾਰਗੋ ਟਰਾਂਸਪੋਰਟ ਕੰਪਨੀ, ਸ਼੍ਰੀਨਗਰ ਦੇ ਇਕ ਟਰੱਕ ਨੂੰ ਫਰੂਟ ਮੰਡੀ ਕੋਲ ਜਬਲੀਪੋਰਾ ਨੈਸ਼ਨਲ ਹਾਈਵੇਅ 'ਤੇ ਨਿਰੀਖਣ ਲਈ ਰੋਕਿਆ ਗਿਆ। ਤਲਾਸ਼ੀ 'ਚ ਕੋਡੀਨ ਫਾਸਫੇਟ ਦੀਆਂ 10 ਬੋਤਲਾਂ ਬਰਾਮਦ ਹੋਈਆਂ। ਟਰੱਕ ਡਰਾਈਵਰ ਜਾਵੇਦ ਅਹਿਮਦ ਸ਼ਾਹ ਅਤੇ ਖਲਾਸੀ ਸ਼ੱਬੀਰ ਅਹਿਮਦ ਸ਼ਾਹ ਦੋਵਾਂ ਨੂੰ ਗ੍ਰਿਫਤਾਰ ਕਰ ਕੇ ਟਰੱਕ ਨੂੰ ਜਬਤ ਕਰ ਲਿਆ ਗਿਆ। ਇਹ ਦੋਵੇਂ ਅਨੰਤੀਪੋਰਾ ਦੇ ਬਾਹੂ ਇਲਾਕੇ ਦੇ ਵਾਸੀ ਹਨ। ਇਸ ਨਾਲ ਸੰਬੰਧਤ ਮਾਮਲਾ ਦਰਜ ਕਰ ਲਿਆ ਗਿਆ ਹੈ।

## ਚੇਂਜਿੰਗ ਰੂਮ 'ਚ ਵਿਦਿਆਰਥਣਾਂ ਦਾ ਵੀਡੀਓ ਬਣਾ ਰਿਹਾ ਸੀ ਚਪੜਾਸੀ

ਪੁਣੇ 14 ਜਨਵਰੀ। ਇਕ ਸਕੂਲ ਦੇ 29 ਸਾਲਾ ਚਪੜਾਸੀ ਨੂੰ ਚੇਂਜਿੰਗ ਰੂਮ 'ਚ ਵਿਦਿਆਰਥਣਾਂ ਦਾ ਵੀਡੀਓ ਰਿਕਾਰਡ ਕਰਨ ਦੇ ਦੋਸ਼ 'ਚ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਇਹ ਘਟਨਾ ਉਦੋਂ ਸਾਹਮਣੇ ਆਈ, ਜਦੋਂ 6 ਵਿਦਿਆਰਥਣਾਂ ਸਪੋਰਟਸ ਪੀਰੀਅਡ ਤੋਂ ਆਉਣ ਤੋਂ ਬਾਅਦ ਕੱਪੜੇ ਬਦਲਣ ਲਈ ਚੇਂਜਿੰਗ ਰੂਮ 'ਚ ਗਈਆਂ ਅਤੇ ਉੱਥੇ ਇਕ ਮੋਬਾਇਲ ਫੋਨ ਦੇਖਿਆ, ਜਿਸ ਦਾ ਵੀਡੀਓ ਕੈਮਰਾ ਚਾਲੂ ਸੀ। ਜਿਸ ਦੀ ਸ਼ਿਕਾਇਤ ਵਿਦਿਆਰਥਣਾਂ ਨੇ ਸਕੂਲ ਪ੍ਰਸ਼ਾਸਨ ਕੀਤੀ। ਇਸ ਤੋਂ ਬਾਅਦ ਸਕੂਲ ਪ੍ਰਸ਼ਾਸਨ ਨੇ ਇਸ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਸ਼ਿਕਾਇਤ ਤੋਂ ਬਾਅਦ ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਹੈ। ਇਹ ਪੂਰਾ ਮਾਮਲਾ ਮਹਾਰਾਸ਼ਟਰ



ਦੇ ਪੁਣੇ ਦਾ ਹੈ। ਡੀਸੀਪੀ ਹਿੰਮਤ ਜਾਧਵ ਨੇ ਮੀਡੀਆ ਨਾਲ ਗੱਲਬਾਤ 'ਚ ਦੱਸਿਆ ਕਿ ਸਕੂਲ ਪ੍ਰਸ਼ਾਸਨ ਨੇ ਮਾਮਲੇ ਦੀ ਜਾਂਚ ਕੀਤੀ ਅਤੇ ਫੋਨ ਦੇ ਚਪੜਾਸੀ ਦਾ ਹੋਣ ਦਾ ਪਤਾ ਲੱਗਣ ਤੋਂ ਬਾਅਦ ਪੁਲਸ ਨੂੰ ਮੰਗਲਵਾਰ ਨੂੰ ਸੂਚਿਤ ਕੀਤਾ। ਜਿਸ ਤੋਂ ਬਾਅਦ ਪੁਲਸ ਨੇ ਦੋਸ਼ੀ ਖ਼?ਲਾਫ ਪੋਕਸੋ ਐਕਟ ਅਤੇ ਵਿਊਰਿਜਮ (ਪ੍ਰਾਇਵੇਸੀ ਦੀ ਉਲੰਘਣਾ) ਦੀਆਂ ਧਾਰਾਵਾਂ ਦੇ ਅਧੀਨ ਐੱਫ.ਆਈ.ਆਰ. ਦਰਜ ਕਰਨ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕੀਤਾ ਹੈ। ਡੀਸੀਪੀ ਹਿੰਮਤ ਜਾਧਵ ਨੇ ਦੱਸਿਆ ਕਿ ਦੋਸ਼ੀ ਦਾ ਮੋਬਾਇਲ ਫੋਨ ਜਬਤ ਕਰਨ ਤੋਂ ਬਾਅਦ ਡਿਜੀਟਲ ਫੋਰੈਂਸਿਕ ਮਾਹਿਰਾਂ ਤੋਂ ਜਾਂਚ ਕਰਵਾਉਣ ਲਈ ਭੇਜ ਦਿੱਤਾ ਗਿਆ ਹੈ। ਸਕੂਲ ਚਲਾਉਣ ਵਾਲੀ ਸੰਸਥਾ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਦੇ ਚਰਿੱਤਰ ਦੀ ਵੈਰੀਫਿਕੇਸ਼ ਲਈ ਸਕੂਲ ਪ੍ਰਸ਼ਾਸਨ ਨੇ ਸਾਰੇ ਦਸਤਾਵੇਜ ਸਿੱਖਿਆ ਵਿਭਾਗ ਨੂੰ ਭੇਜੇ ਸਨ ਅਤੇ ਪੁਲਸ ਰਿਪੋਰਟ ਦਾ ਇੰਤਜਾਰ ਕਰ ਰਹੇ ਸਨ।

# ਪਿੰਡ ਦੇ ਲੋਕਾਂ ਵੱਲੋਂ ਪੁਲਸ ਪਾਰਟੀ 'ਤੇ ਹਮਲਾ, ਮਹਿਲਾ ਐੱਸਐੱਚਓ ਦੀ ਟੁੱਟੀ ਬਾਂਹ

ਜਲਾਲਾਬਾਦ 14 ਜਨਵਰੀ। ਬੀਤੀ ਰਾਤ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੇ ਨਸ਼ਾ ਤਸਕਰਾਂ ਨੂੰ ਫੜਨ ਲਈ ਰਾਤ 12 ਵਜੇ ਤੋਂ ਟ੍ਰੈਪ ਲਗਾਇਆ ਹੋਇਆ। ਜਦ ਦੋਸ਼ੀਆਂ ਨੂੰ ਟ੍ਰੈਪ ਦੀ ਭਿਣਕ ਲੱਗਣ ਤੇ ਉਨ੍ਹਾਂ ਨੇ ਡਰੋਨ ਨਹੀਂ ਮੰਗਾਇਆ ਸੀ ਤਾਂ ਥਾਣਾ ਸਦਰ ਜਲਾਲਾਬਾਦ ਦੀ ਮਹਿਲਾ ਐੱਸ.ਐੱਚ.ਓ ਪੁਲਸ ਪਾਰਟੀ ਸਮੇਤ ਦੋਸ਼ੀ ਦੀ ਭਾਲ ਲਈ ਪਿੰਡ ਢੰਡੀ ਕਦੀਮ ਦੇ ਇੱਕ ਘਰ ਵਿਖੇ ਸਰਚ ਕਰਨ ਗਈ। ਇਸ ਦੌਰਾਨ ਨਸ਼ਾ ਤਸਕਰਾਂ ਸਮੇਤ ਪਰਿਵਾਰਿਕ ਮੈਂਬਰਾਂ ਵੱਲੋਂ ਉਨ੍ਹਾਂ ਉੱਤੇ ਹਮਲਾ ਕਰ ਦਿੱਤਾ ਤੇ ਇਸ ਘਟਨਾਂ 'ਚ ਐੱਸ.ਐੱਚ.ਓ ਦੀ ਬਾਂਹ ਟੁੱਟ ਗਈ ਅਤੇ ਉਸ ਦੇ ਗੰਨਮੈਨ ਦੇ ਸਿਰ 'ਤੇ ਵੀ ਸੱਟ ਲੱਗਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਿਕ ਜਲਾਲਾਬਾਦ ਦੇ ਥਾਣਾ ਸਦਰ ਵਿਖੇ ਤਾਇਨਾਤ ਐੱਸ.ਐੱਚ.ਓ. ਮੈਡਮ ਅਮਰਜੀਤ ਕੌਰ ਅਤੇ ਉਨ੍ਹਾਂ ਦੇ ਗੰਨਮੈਨਾਂ ਤੇ ਪਿੰਡ ਢੰਡੀ ਕਦੀਮ ਵਿਖੇ ਹਮਲਾ ਕਰ ਦਿੱਤਾ ਗਿਆ। ਨਸ਼ਾ ਤਸਕਰਾਂ ਦੇ ਵੱਲੋਂ ਇਸ ਹਮਲੇ ਨੂੰ ਅੰਜਾਮ ਦਿੱਤਾ ਗਿਆ ਜਿਸ ਦੇ ਸਬੰਧ ਵਿਚ ਪੁਲਸ ਨੇ 10 ਲੋਕਾਂ ਨੂੰ ਨਾਮਜ਼ਾਦ ਕਰਕੇ 4 ਤੋਂ 5 ਅਣਪਛਾਤਿਆਂ ਦੇ ਖਿਲਾਫ ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕਰਕੇ ਹਮਲਾ ਕਰਨ ਵਾਲੇ ਦੋਸ਼ੀਆਂ 'ਚ ਸ਼ਾਮਲ 1 ਔਰਤ ਸਣੇ 2 ਲੋਕਾਂ ਨੂੰ



ਕਾਬੂ ਕਰ ਲਿਆ ਗਿਆ ਹੈ। ਜਲਾਲਾਬਾਦ ਦੇ ਡੀ.ਐੱਸ.ਪੀ ਜਤਿੰਦਰ ਸਿੰਘ ਗਿੱਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀਤੀ ਰਾਤ ਥਾਣਾ ਸਦਰ ਜਲਾਲਾਬਾਦ ਦੀ ਮਹਿਲਾ ਐੱਸ.ਐੱਚ ਓ ਨੂੰ ਪਾਕਿਸਤਾਨ ਤੋਂ ਡਰੋਨ ਜਰੀਏ ਹੈਰੋਇਨ ਆਉਣ ਦੀ ਸੂਚਨਾ ਮਿਲਣ ਤੇ ਪਿੰਡ ਢੰਡੀ ਕਦੀਮ ਵਿਖੇ ਪੁਲਸ ਦੇ ਵੱਲੋਂ ਰਾਤ 12 ਵਜੇ ਦੇ ਕਰੀਬ ਟਰੈਪ ਲਗਾਇਆ ਗਿਆ ਪਰ ਇਸ ਦਾ ਪਤਾ ਨਸ਼ਾ ਤਸਕਰਾਂ ਨੂੰ ਲੱਗ ਗਿਆ ਜਿਨ੍ਹਾਂ ਨੇ ਡਰੋਨ ਮੰਗਾਉਣਾ ਕੈਂਸਲ ਕਰ ਦਿੱਤਾ ਇਸ ਤੋਂ ਬਾਅਦ ਪੁਲਸ ਕੋਲੇ ਇਹ ਵੀ ਸੂਚਨਾ ਸੀ ਕਿ ਇਸ ਪਿੰਡ ਦੇ 'ਚ ਇੱਕ ਐੱਨ.ਡੀ.ਪੀ.ਐੱਸ ਦਾ ਭਗੌੜਾ ਅਮਨਦੀਪ ਸਿੰਘ ਅਮਨਾ ਕਿਸੇ ਘਰ 'ਚ ਛੁਪਿਆ ਹੋਇਆ। ਇਸ ਤੋਂ ਬਾਅਦ ਪੁਲਸ ਨੇ ਢਾਣੀ ਦੀ ਤਲਾਸ਼ੀ ਲੈਣੀ ਚਾਹੀ ਤਾਂ ਉੱਥੇ ਮੌਜੂਦ ਲੋਕਾਂ ਨੇ ਪੁਲਸ ਪਾਰਟੀ ਤੇ ਹਮਲਾ ਕਰ ਦਿੱਤਾ। ਇੰਨਾ ਹੀ ਨਹੀਂ ਪੁਲਸ ਦੇ ਇੱਕ ਜਵਾਨ ਦਾ ਮੋਬਾਈਲ ਖੋਹ ਲਿਆ। ਐੱਸਐੱਚਓ ਸਦਰ ਦੇ ਸਿਰ ਤੇ ਬਾਂਹ ਤੇ ਸੱਟਾਂ ਲੱਗੀਆਂ। ਇਸੇ ਦੌਰਾਨ ਇੱਕ ਗਨਮੈਨ ਦੀ ਵਰਦੀ ਵੀ ਪਾੜ ਦਿੱਤੀ ਗਈ ਅਤੇ ਉਸ ਦਾ ਸਿਰ ਵੀ ਪਾੜ ਦਿੱਤਾ ਗਿਆ। ਫਿਲਹਾਲ ਪੁਲਸ ਦੇ ਵੱਲੋਂ ਇਸ ਮਾਮਲੇ ਦੇ ਵਿੱਚ ਇੱਕ ਮਹਿਲਾ ਸਮੇਤ ਇੱਕ 1 ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

## ਲੈਣਦਾਰਾਂ ਤੋਂ ਪਰੇਸ਼ਾਨ ਹੋ ਕੇ ਵਿਅਕਤੀ ਨੇ ਚੁੱਕਿਆ ਖੌਫਨਾਕ ਕਦਮ, ਸੁਸਾਈਡ ਨੋਟ ਨੇ ਕੀਤੇ ਵੱਡੇ ਖੁਲਾਸੇ

ਲੁਧਿਆਣਾ 14 ਜਨਵਰੀ। ਗੁਰੂ ਅਰਜਨ ਦੇਵ ਨਗਰ 'ਚ ਲੈਣਦਾਰ ਤੋਂ ਪ੍ਰੇਸ਼ਾਨ ਇਕ ਆਟੋ ਚਾਲਕ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਸੋਨੂੰ ਵਜੋਂ ਹੋਈ ਹੈ। ਮਾਮਲੇ ਦੀ ਜਾਣਕਾਰੀ ਮਿਲਣ ਤੋਂ ਬਾਅਦ ਥਾਣਾ ਡਵੀਜ਼ਨ ਨੰ.7 ਦੀ ਪੁਲਸ ਮੌਕੇ 'ਤੇ ਪਹੁੰਚੀ, ਜਿਸ ਨੂੰ ਜਾਂਚ ਦੌਰਾਨ ਇਕ ਸੁਸਾਈਡ ਨੋਟ ਵੀ ਮਿਲਿਆ ਹੈ, ਜਿਸ 'ਚ ਇਕ ਵਿਅਕਤੀ ਨੂੰ



ਮ੍ਰਿਤਕ ਨੇ ਆਪਣੀ ਮੌਤ ਦਾ ਜ਼?ਮੇਵਾਰ ਠਹਿਰਾਇਆ ਹੈ। ਹਾਲ ਦੀ ਘੜੀ, ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ ਸੋਨੂੰ ਆਟੋ ਚਲਾਉਂਦਾ ਸੀ। ਉਸ ਨੇ ਕਰੀਬ 4 ਮਹੀਨੇ ਪਹਿਲਾਂ ਇਕ ਵਿਅਕਤੀ ਤੋਂ ਪੈਸੇ ਉਧਾਰ ਲਏ ਸਨ, ਜੋ ਉਸ ਨੇ 4 ਮਹੀਨੇ 'ਚ ਥੋੜ੍ਹੇ-ਥੋੜ੍ਹੇ ਕਰ ਕੇ ਮੋੜ ਵੀ ਦਿੱਤੇ ਸਨ ਪਰ ਫਿਰ ਵੀ ਵਿਅਕਤੀ ਵਾਰ-ਵਾਰ ਪੈਸੇ ਮੰਗ ਰਿਹਾ ਸੀ ਅਤੇ ਉਸ ਨੂੰ ਧਮਕਾ ਰਿਹਾ ਸੀ। ਪਤਾ ਲੱਗਾ ਹੈ ਕਿ 2 ਦਿਨ ਪਹਿਲਾਂ ਵੀ ਉਹ ਆਟੋ ਚਾਲਕ ਨੂੰ ਪੈਸਿਆਂ ਲਈ ਡਰਾ-ਧਮਕਾ ਕੇ ਗਿਆ ਸੀ, ਜਿਸ ਤੋਂ ਪ੍ਰੇਸ਼ਾਨ ਹੋ ਕੇ ਚਾਲਕ ਨੇ ਘਰ 'ਚ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਉਸ ਨੇ ਮਰਨ ਤੋਂ ਪਹਿਲਾਂ ਇਕ ਸੁਸਾਈਡ ਨੋਟ ਵੀ ਲਿਖਿਆ ਹੈ, ਜਿਸ ਵਿਚ ਉਸ ਨੇ ਮੌਤ ਦਾ ਜ਼?ਮੇਵਾਰ ਕੁਝ ਲੋਕਾਂ ਨੂੰ ਠਹਿਰਾਇਆ ਹੈ

# ਘਰ 'ਚੋਂ 3 ਲੱਖ ਨਕਦ, 5 ਤੋਲੇ ਸੋਨਾ ਤੇ ਵਿਦੇਸ਼ੀ ਕਰੰਸੀ ਚੋਰੀ

ਮਜੀਠਾ/ਕੱਥੂਨੰਗਲ 14 ਜਨਵਰੀ। ਪਿੰਡ ਵਡਾਲਾ ਵਿਖੇ ਚੋਰਾਂ ਨੇ ਪਰਿਵਾਰ ਦੀ ਗੈਰ-ਮੌਜੂਦਗੀ 'ਚ ਇਕ ਘਰ 'ਚ ਦਾਖਲ ਹੋ ਕੇ ਤਿੰਨ ਲੱਖ ਨਕਦ, 5 ਤੋਲੇ ਸੋਨਾ, 2500 ਯੂਰੋ ਵਿਦੇਸੀ ਕਰੰਸੀ, ਮੋਬਾਇਲ ਫੋਨ ਤੇ ਹੋਰ ਸਾਮਾਨ ਚੋਰੀ ਕਰ ਲਿਆ। ਐੱਨ. ਆਰ. ਆਈ. ਰਾਜਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਨੇ ਦੱਸਿਆ ਕਿ ਉਹ ਕਈ ਸਾਲਾਂ ਤੋਂ ਵਿਦੇਸ ਵਿਚ ਰਹਿ ਰਿਹਾ ਹੈ ਤੇ ਉਹ ਵਿਦੇਸ ਤੋਂ ਆਪਣੇ ਪਰਿਵਾਰ ਨੂੰ ਮਿਲਣ ਆਪਣੇ ਘਰ ਆਇਆ ਹੈ। ਉਸ ਨੇ ਦੱਸਿਆ ਕਿ ਉਹ ਬੀਤੀ ਰਾਤ ਆਪਣੇ ਪਰਿਵਾਰ ਨਾਲ ਦੂਜੇ ਪਿੰਡ ਆਪਣੇ ਕਿਸੇ ਰਿਸ਼ਤੇਦਾਰ ਨੂੰ ਮਿਲਣ ਗਏ ਸਨ ਕਿ ਬੀਤੀ ਰਾਤ ਚੋਰਾਂ ਨੇ ਉਨ੍ਹਾਂ ਦੀ ਗੈਰ-ਹਾਜਰੀ ਵਿਚ ਉਨ੍ਹਾਂ ਦੇ ਘਰ 'ਚ ਦਾਖਲ ਹੋ ਕੇ ਕਮਰੇ 'ਚ ਪਈ ਅਲਮਾਰੀ ਦਾ ਤਾਲਾ ਤੋੜ ਕੇ 3 ਲੱਖ ਰੁਪਏ ਨਕਦ, 2500 ਯੂਰੋ ਵਿਦੇਸੀ ਕਰੰਸੀ, ਪੰਜ ਤੋਲੇ ਸੋਨੇ ਦੇ ਗਹਿਣੇ, ਇਕ ਸੈਮਸੰਗ ਏ55 ਨਵਾਂ ਮੋਬਾਇਲ ਫੋਨ, ਪਾਸਪੋਰਟ ਤੇ ਹੋਰ ਵਿਦੇਸੀ ਡਾਕੂਮੈਂਟ ਤੇ ਹੋਰ ਸਾਮਾਨ ਚੋਰੀ ਕਰ ਲਿਆ। ਉਨ੍ਹਾਂ ਨੇ ਇਸ ਦੀ ਰਿਪੋਰਟ ਪੁਲਸ ਥਾਣਾ ਮਜੀਠਾ ਵਿਖੇ ਕਰ ਦਿੱਤੀ ਹੈ।

# ਪੰਜਾਬ 'ਚ ਸੀਤ ਲਹਿਰ ਨੇ ਮਚਾਇਆ ਕਹਿਰ, ਧੁੰਦ 'ਚ ਲੁਕਿਆ ਆਸਮਾਨ

ਤਰਨਤਾਰਨ 14 ਜਨਵਰੀ। ਉੱਤਰ ਭਾਰਤ 'ਚ ਜਿੱਥੇ ਸੀਤ ਲਹਿਰ ਨੇ ਆਪਣਾ ਕਹਿਰ ਮਚਾਇਆ ਹੋਇਆ ਹੈ ਉੱਥੇ ਹੀ ਸੰਘਣੀ ਧੁੰਦ ਕਰਕੇ ਜਨਜੀਵਨ ਪ੍ਰਭਾਵਿਤ ਹੁੰਦਾ ਨਜਰ ਆ ਰਿਹਾ ਹੈ। ਤਰਨ ਤਾਰਨ ਵਿਖੇ ਅੱਜ ਸਵੇਰ ਤੋਂ ਛਾਈ ਸੰਘਣੀ ਧੁੰਦ ਕਰਕੇ ਵਾਹਨ ਚਾਲਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸੰਘਣੀ ਧੁੰਦ ਨੇ ਜਿੱਥੇ ਲੋਕਾਂ ਨੂੰ ਘਰਾਂ ਵਿੱਚ ਬੰਦ ਕਰਕੇ ਰੱਖ ਦਿੱਤਾ ਹੈ ਉੱਥੇ ਹੀ ਬਾਜਾਰਾਂ ਵਿੱਚ ਮੰਦੀ ਸਾਹੀ ਹੋਣ ਕਰਕੇ ਦੁਕਾਨਦਾਰ ਗ੍ਰਾਹਕਾਂ ਦੀ ਉਡੀਕ ਕਰਦੇ ਵੇਖੇ ਜਾ ਸਕਦੇ ਹਨ। ਸਥਾਨਕ ਸਹਿਰ ਵਿੱਚ ਸਵੇਰ ਤੋਂ ਹੀ ਦੁਪਹਿਰ 11 ਵਜੇ ਤੱਕ ਸੰਘਣੀ ਧੁੰਦ ਸਾਈ ਨਜਰ ਆ ਰਹੀ ਹੈ ਜਿਸ ਦਾ ਅੱਜ ਸਾਰਾ ਦਿਨ ਇਸੇ ਤਰ੍ਹਾਂ ਬਣੇ ਰਹਿਣ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ। ਮੌਸਮ ਵਿਭਾਗ ਦੀ ਜੇ ਗੱਲ ਕਰੀਏ ਤਾਂ ਉਹਨਾਂ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਜਿੱਥੇ ਨੀਹ ਹਨੇਰੀ ਦੀ ਭਵਿੱਖਬਾਣੀ ਕੀਤੀ ਜਾ ਰਹੀ ਹੈ ਉੱਥੇ ਹੀ ਠੰਡ ਦੇ ਹੋਰ ਵਧਣ ਦੇ ਅਸਾਰ ਨਜਰ ਆ ਰਹੇ ਹਨ। ਇਸ ਦੌਰਾਨ ਠਰੂ ਠਰੂ ਕਰਦੇ



ਸਕੂਲਾਂ ਵਿੱਚ ਜਾ ਰਹੇ ਸਕੂਲੀ ਬੱਚਿਆਂ ਨੇ ਪ੍ਰਸਾਸਨ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਕੂਲਾਂ ਵਿੱਚ ਉਦੋਂ ਤੱਕ ਛੁੱਟੀਆਂ ਕਰ ਦਿੱਤੀਆਂ ਜਾਣ ਜਦੋਂ ਤੱਕ ਮੌਸਮ ਠੀਕ ਨਹੀਂ ਹੋ ਜਾਂਦਾ ਹੈ। ਇਸ ਦੌਰਾਨ ਸਕੂਲੀ ਵਾਹਨਾਂ ਦੇ ਚਾਲਕਾਂ ਵੱਲੋਂ ਵੀ ਪ੍ਰਸਾਸਨ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਸੜਕਾਂ ਉੱਪਰ ਖਤਰੇ ਨੂੰ ਮੁੱਲ ਲੈ ਕੇ ਬੱਚਿਆਂ ਨੂੰ ਸਕੂਲ ਛੱਡਣ ਅਤੇ ਲਿਆਉਣ ਸਬੰਧੀ ਕਾਫੀ ਮੁਸਕਿਲਾਂ ਪੈਦਾ ਹੋ ਰਹੀਆਂ ਹਨ। ਲੋਕਾਂ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਇਸ ਮੌਸਮ ਨੂੰ ਵੇਖਦੇ ਹੋਏ 20 ਜਨਵਰੀ ਤੱਕ ਛੁੱਟੀਆਂ ਕਰ ਦਿੱਤੀਆਂ ਜਾਣ। ਤਾਪਮਾਨ ਵਿੱਚ ਆ ਰਹੀ ਤੇਜੀ ਨਾਲ ਗਿਰਾਵਟ ਕਰਕੇ ਬਜੁਰਗ ਅਤੇ ਬੱਚਿਆਂ ਨੂੰ ਵੱਖ ਵੱਖ ਵਪਾਰੀਆਂ ਨੇ ਘੇਰਾ ਪਾ ਲਿਆ ਹੈ ਜੋ ਘਰਾਂ ਵਿੱਚ ਨਜਰਬੰਦ ਹੁੰਦੇ ਵੇਖੇ ਜਾ ਸਕਦੇ ਹਨ। ਇਹਨਾਂ ਵੱਖ ਵੱਖ ਬਿਮਾਰੀਆਂ ਦੇ ਚਲਦਿਆਂ ਹਸਪਤਾਲਾਂ ਵਿੱਚ ਮਰੀਜਾਂ ਦੀ ਵੀ ਭੀੜ ਨਜਰ ਆਉਣ ਲੱਗ ਪਈ ਹੈ। ਸਿਹਤ ਮਾਹਿਰਾਂ ਵੱਲੋਂ ਲੋਕਾਂ ਨੂੰ ਜਿੱਥੇ ਘਰਾਂ ਤੋਂ ਬਾਹਰ ਨਾ ਆਉਣ ਦੀ ਸਲਾਹ ਦਿੱਤੀ ਜਾ ਰਹੀ ਹੈ ਉੱਥੇ ਹੀ ਆਪਣੇ ਆਪ ਇਲਾਜ ਕਰਨ ਦੀ ਬਜਾਏ ਮਾਹਿਰ ਡਾਕਟਰਾਂ ਪਾਸ ਪੁੱਜਣ ਲਈ ਵੀ ਕਿਹਾ ਜਾ ਰਿਹਾ ਹੈ।

## ਜਲ ਭੰਡਾਰ 'ਚ ਡਿੱਗੀਆਂ ਕੁੜੀਆਂ, 2 ਦੀ ਮੌਤ, 2 ਹੋਰ ਦੀ ਹਾਲਤ ਗੰਭੀਰ

ਤ੍ਰਿਸੂਰ 14 ਜਨਵਰੀ। ਕੇਰਲ ਦੇ ਤ੍ਰਿਸੂਰ ਜ਼?ਲ੍ਹੇ ਵਿੱਚ ਪੀਚੀ ਜਲ ਭੰਡਾਰ ਵਿੱਚ ਡਿੱਗਣ ਨਾਲ ਦੋ ਕੁੜੀਆਂ ਦੀ ਮੌਤ ਹੋ ਗਈ, ਜਦੋਂ ਕਿ ਦੋ ਹੋਰਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਪੁਲਸ ਨੇ ਇਸ ਘਟਨਾ ਦੀ ਜਾਣਕਾਰੀ ਸੋਮਵਾਰ ਨੂੰ ਦਿੱਤੀ ਗਈ ਹੈ। ਪੁਲਸ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਐਨੀ ਗ੍ਰੇਸ (16) ਅਤੇ ਅਲੀਨਾ (16) ਵਜੋਂ ਹੋਈ ਹੈ। ਪੁਲਸ ਨੇ ਦੱਸਿਆ ਕਿ ਦੋਵੇਂ ਮ੍ਰਿਤਕ ਕੁੜੀਆਂ ਤ੍ਰਿਸੂਰ ਦੀਆਂ ਰਹਿਣ ਵਾਲੀਆਂ ਸਨ। ਪੁਲਸ ਨੇ ਦੱਸਿਆ ਕਿ ਇਹ ਘਟਨਾ ਐਤਵਾਰ ਨੂੰ ਉਸ ਸਮੇਂ ਵਾਪਰੀ, ਜਦੋਂ ਕੁੜੀਆਂ ਇੱਕ ਦੋਸਤ ਦੇ ਘਰ ਤਿਉਹਾਰ ਮਨਾਉਣ ਆਈਆਂ ਸਨ। ਪੁਲਸ ਅਨੁਸਾਰ ਇਸ ਦੌਰਾਨ ਉਹ ਇੱਕਠੀਆਂ ਹੋ ਕੇ ਡੈਮ ਦੇਖਣ ਗਈਆਂ। ਸਥਾਨਕ ਨਿਵਾਸੀਆਂ ਦੇ ਹਵਾਲੇ ਨਾਲ ਪੁਲਸ ਨੇ ਦੱਸਿਆ ਕਿ ਕੁੜੀਆਂ ਇੱਕ ਚੱਟਾਨ ਤੋਂ ਫਿਸਲ ਗਈਆਂ ਅਤੇ ਪਾਣੀ ਦੇ ਭੰਡਾਰ ਵਿੱਚ ਡਿੱਗ ਪਈਆਂ। ਸਥਾਨਕ ਨਿਵਾਸੀਆਂ ਨੇ ਤੁਰੰਤ ਕਾਰਵਾਈ ਕਰਦੇ ਹੋਏ ਚਾਰ ਕੁੜੀਆਂ ਨੂੰ ਪਾਣੀ ਵਿੱਚੋਂ ਬਚਾਇਆ ਅਤੇ ਉਨ੍ਹਾਂ ਨੂੰ ਤੁਰੰਤ ਤ੍ਰਿਸੂਰ ਦੇ ਇੱਕ ਨਿੱਜੀ ਮੈਡੀਕਲ ਕਾਲਜ ਹਸਪਤਾਲ ਇਲਾਜ ਲਈ ਦਾਖਲ ਕਰਵਾ ਦਿੱਤਾ। ਪੁਲਸ ਅਨੁਸਾਰ ਅਲੀਨਾ ਦੀ ਮੌਤ ਸੋਮਵਾਰ ਸਵੇਰੇ ਹੋਈ ਅਤੇ ਐਨੀ ਦੀ ਦੁਪਹਿਰ ਤੱਕ ਮੌਤ ਹੋ ਗਈ। ਦੋ ਹੋਰ ਕੁੜੀਆਂ ਦੀ ਹਾਲਤ ਨਾਜੁਕ ਬਣੀ ਹੋਈ ਹੈ।

# ਸਿਰਦਰਦੀ ਬਣੇ ਲਾਪਤਾ ਕੁੱਤੇ, ਲੱਭ-ਲੱਭ ਥੱਕੀ ਪੁਲਸ

ਬਾਰਾਬੰਕੀ 14 ਜਨਵਰੀ। ਇਕ ਸੇਵਾਮੁਕਤ ਜਲ ਸੈਨਾ (ਨੇਵੀ) ਅਧਿਕਾਰੀ ਦੇ ਪਾਲਤੂ ਕੁੱਤਿਆਂ ਦੇ ਲਾਪਤਾ ਹੋਣ ਤੋਂ ਬਾਅਦ ਇਕ ਨਿੱਜੀ ਸੁਰੱਖਿਆ ਏਜੰਸੀ ਅਤੇ ਉਸ ਦੇ ਗਾਰਡ ਖ਼?ਲਾਫ ਐੱਫਆਈਆਰ ਦਰਜ ਕੀਤੀ ਗਈ ਹੈ। ਅਧਿਕਾਰੀਆਂ ਨੇ ਸੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ। ਕੁੱਤੇ ਦੀ ਭਾਲ ਕਰ ਰਹੀ ਪੁਲਸ ਨੇ ਹੁਣ ਤੱਕ ਹਾਈਵੇਅ ਅਤੇ ਨੇੜਲੀਆਂ ਸੜਕਾਂ 'ਤੇ ਲਗਾਏ ਗਏ ਲਗਭਗ 50 ਸੀਸੀਟੀਵੀ ਕੈਮਰਿਆਂ ਦੀ ਰਿਕਾਰਡਿੰਗ ਦੀ ਜਾਂਚ ਕੀਤੀ ਹੈ। ਇਹ ਮਾਮਲਾ ਉੱਤਰ ਪ੍ਰਦੇਸ਼ ਦੇ ਬਾਰਾਬੰਕੀ ਦਾ ਹੈ। ਪੁਲਸ ਨੇ ਦੱਸਿਆ ਕਿ ਸਫਦਰਬਾਦ ਇਲਾਕੇ ਦੇ ਸਾਲੀਮਾਰ ਪੈਰਾਡਾਈਜ ਰਿਹਾਇਸੀ ਕਾਲੋਨੀ 'ਚ ਰਹਿਣ ਵਾਲੇ ਇਕ ਸੇਵਾਮੁਕਤ ਭਾਰਤੀ ਜਲ ਸੈਨਾ ਅਧਿਕਾਰੀ ਅਜੈ ਕੁਮਾਰ ਪਾਂਡੇ ਨੇ ਆਪਣੇ ਕੰਪਲੈਕਸ 'ਚ ਲੈਲਾ ਅਤੇ ਸਿੰਬਾ ਨਾਮ ਦੇ 2 ਕੁੱਤੇ




ਰੱਖੇ ਹੋਏ ਸਨ। ਅਧਿਕਾਰੀ ਨੇ ਕੁੱਤਿਆਂ ਨੂੰ ਲਖਨਊ ਨਗਰ ਨਿਗਮ ਕੋਲ ਰਜਿਸਟਰ ਕਰਵਾਇਆ ਸੀ। ਦੋਸ਼ ਹੈ ਕਿ 28 ਦਸੰਬਰ ਨੂੰ ਜਦੋਂ ਪਾਂਡੇ ਮੁੰਬਈ 'ਚ ਸਨ ਤਾਂ ਕੰਪਲੈਕਸ ਦੀ ਸੁਰੱਖਿਆ ਲਈ ਜ਼?ਮੇਵਾਰ ਆਈ.ਐੱਸ.ਐੱਸ. ਸੁਰੱਖਿਆ ਕੰਪਨੀ ਦੇ ਸੁਰੱਖਿਆ ਗਾਰਡ ਨੇ ਰਿਹਾਇਸ਼ੀ ਕੰਪਲੈਕਸ ਦੇ ਸੀਸੀਟੀਵੀ ਕੈਮਰੇ ਬੰਦ ਕਰ ਦਿੱਤੇ ਅਤੇ ਦੋਵੇਂ ਕੁੱਤਿਆਂ ਨੂੰ ਦੌੜਾ ਦਿੱਤਾ। ਇਕ ਅਧਿਕਾਰੀ ਨੇ ਦੱਸਿਆ ਕਿ 7 ਜਨਵਰੀ ਨੂੰ ਸਿੰਬਾ ਨੂੰ ਦੌੜਾਉਣ ਦੇ ਦੋਸ਼ 'ਚ ਸੁਰੱਖਿਆ ਗਾਰਡ ਚੰਦਰ ਕੁਮਾਰ ਅਤੇ ਏਜੰਸੀ ਖ਼?ਲਾਫ ਇੱਥੇ ਕੋਤਵਾਲੀ ਥਾਣੇ 'ਚ ਮਾਮਲਾ ਦਰਜ ਕੀਤਾ ਗਿਆ ਸੀ। ਕੋਤਵਾਲੀ 'ਚ ਤਾਇਨਾਤ ਪੁਲਸ ਇੰਸਪੈਕਟਰ ਮਣੀ ਤ੍ਰਿਪਾਠੀ ਨੇ ਦੱਸਿਆ ਕਿ ਜਾਂਚ ਜਾਰੀ ਹੈ ਪਰ ਅਜੇ ਤੱਕ ਕੋਈ ਸੁਰਾਗ ਨਹੀਂ ਮਿਲਿਆ ਹੈ। ਪੁਲਸ ਨੂੰ ਰਿਹਾਇਸ਼ੀ ਕੰਪਲੈਕਸ 'ਚ ਲੱਗੇ ਸੀਸੀਟੀਵੀ ਕੈਮਰਿਆਂ ਤੋਂ ਪ੍ਰਾਪਤ ਫੁਟੇਜ 'ਚ ਕੁੱਤਿਆਂ ਦਾ ਕੋਈ ਸੁਰਾਗ ਨਹੀਂ ਮਿਲਿਆ ਹੈ। ਪੁਲਸ ਨੇ ਦੱਸਿਆ ਕਿ ਹੁਣ ਉਹ ਲਖਨਊ-ਅਯੁੱਧਿਆ ਹਾਈਵੇਅ 'ਤੇ ਬਾਰਾਬੰਕੀ ਤੋਂ ਲਖਨਊ ਵਿਚ ਲੱਗੇ ਕਰੀਬ 50 ਕੈਮਰਿਆਂ ਦੀ ਫੁਟੇਜ ਦੀ ਜਾਂਚ ਕਰ ਰਹੀ ਹੈ।

## ਚੋਰੀ ਦੇ 17 ਮੋਟਰਸਾਈਕਲ ਬਰਾਮਦ, 3 ਲੋਕ ਗ੍ਰਿਫਤਾਰ

ਬਠਿੰਡਾ 14 ਜਨਵਰੀ। ਥਾਣਾ ਕੋਤਵਾਲੀ ਪੁਲਸ ਨੇ ਇਕ ਦੋਪਹੀਆ ਵਾਹਨ ਚੋਰ ਨੂੰ ਕਾਬੂ ਕਰ ਕੇ ਉਸ ਦੇ ਕਬਜੇ 'ਚੋਂ 16 ਮੋਟਰਸਾਈਕਲ ਬਰਾਮਦ ਕੀਤੇ ਹਨ, ਜਦੋਂ ਕਿ ਥਾਣਾ ਮੌੜ ਪੁਲਸ ਨੇ ਇਕ ਮੋਟਰਸਾਈਕਲ ਸਮੇਤ 2 ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਏ. ਐੱਸ. ਆਈ. ਜਸਕਰਨ ਸਿੰਘ ਨੂੰ ਸੂਚਨਾ ਮਿਲੀ ਸੀ ਕਿ ਮੁਲਜਮ ਰੂਪ ਸਿੰਘ ਵਾਸੀ ਦਿੜ੍ਹਬਾ



ਦੋਪਹੀਆ ਵਾਹਨ ਚੋਰੀ ਕਰਨ ਦਾ ਆਦੀ ਹੈ। ਮੁਲਜਮ ਵਾਹਨ ਚੋਰੀ ਕਰ ਕੇ ਅੱਗੇ ਵੇਚ ਦਿੰਦੇ ਸਨ ਅਤੇ ਆਰ. ਸੀ. ਨਾ ਦੇ ਕੇ ਵੀ ਲੋਕਾਂ ਨਾਲ ਠੱਗੀ ਮਾਰੀ ਹੈ। ਸੂਚਨਾ ਦੇ ਆਧਾਰ 'ਤੇ ਪੁਲਸ ਨੇ ਛਾਪੇਮਾਰੀ ਕਰ ਕੇ ਮੁਲਜਮਾਂ ਨੂੰ ਕਾਬੂ ਕੀਤਾ ਹੈ। ਪੁਲਸ ਨੇ ਉਕਤ ਮੁਲਜਮਾਂ ਦੇ ਕਬਜੇ 'ਚੋਂ 13 ਮੋਟਰਸਾਈਕਲ ਨੰਬਰ ਨਾਲ ਅਤੇ 3 ਹੋਰ ਮੋਟਰਸਾਈਕਲ ਬਿਨਾਂ ਨੰਬਰ ਦੇ ਬਰਾਮਦ ਕੀਤੇ ਹਨ। ਪੁਲਸ ਨੇ ਮੁਲਜਮਾਂ ਖ਼?ਲਾਫ ਮਾਮਲਾ ਦਰਜ ਕੀਤਾ ਹੈ। ਇਸੇ ਤਰ੍ਹਾਂ ਥਾਣਾ ਮੌੜ ਦੇ ਏ. ਐੱਸ. ਆਈ. ਗੁਰਚਰਨ ਸਿੰਘ ਨੇ ਮੁਲਜਮ ਕੁਲਵਿੰਦਰ ਸਿੰਘ ਅਤੇ ਗੁਰਪਿਆਰ ਸਿੰਘ ਵਾਸੀ ਮੌੜ ਮੰਡੀ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਦੇ ਕਬਜੇ 'ਚੋਂ ਚੋਰੀ ਦਾ ਮੋਟਰਸਾਈਕਲ ਬਰਾਮਦ ਕੀਤਾ ਹੈ। ਪੁਲਸ ਨੇ ਮੁਲਜਮਾਂ ਖ਼?ਲਾਫ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮੌਜ ਮਸਤੀ ਲਈ ਕਰਾ ਲਏ ਦੋ ਵਿਆਹ, ਦੋਵਾਂ ਪਤਨੀਆਂ ਨੇ ਕਢਾ'ਤੇ ਪਸੀਨੇ, ਅੱਕ ਕੇ ਬੰਦੇ ਨੇ ਕਰ'ਤਾ ਕਾਂਡ

ਵੈੱਬ ਡੈਸਕ 14 ਜਨਵਰੀ। ਵਿਆਹ ਇੱਕ ਬਹੁਤ ਹੀ ਜ਼?ਮੇਵਾਰੀ ਭਰਿਆ ਰਿਸਤਾ ਹੈ। ਇਸ 'ਚ ਦੋ ਲੋਕ ਪੂਰੀ ਜ਼?ਦਗੀ ਲਈ ਇੱਕ ਦੂਜੇ ਦੀ ਜ਼?ਮੇਵਾਰੀ ਲੈਣ ਦਾ ਫੈਸਲਾ ਕਰਦੇ ਹਨ। ਪਤੀ-ਪਤਨੀ ਦਾ ਰਿਸਤਾ ਝਗੜਿਆਂ



ਨਾਲ ਭਰਿਆ ਹੁੰਦਾ ਹੈ। ਜਦੋਂ ਵੀ ਤੁਸੀਂ ਦੇਖੋਗੇ, ਤੁਹਾਨੂੰ ਛੋਟੀਆਂ-ਛੋਟੀਆਂ ਗੱਲਾਂ 'ਤੇ ਲੜਾਈਆਂ ਦਿਖਾਈ ਦੇਣਗੀਆਂ। ਸਾਇਦ ਇਸੇ ਕਰਕੇ ਵਿਆਹ ਨੂੰ ਕਾਇਮ ਰੱਖਣਾ ਇੰਨਾ ਮੁਸਕਲ ਹੁੰਦਾ ਹੈ। ਕੁਝ ਲੋਕ ਇੱਕ ਵਿਆਹ ਨੂੰ ਨਹੀਂ ਸੰਭਾਲ ਸਕਦੇ, ਜਦੋਂ ਕਿ ਕੁਝ ਕਈ ਵਾਰ ਵਿਆਹ ਕਰਵਾ ਲੈਂਦੇ ਹਨ। ਗੋਰਖਪੁਰ 'ਚ ਇੱਕ ਆਦਮੀ ਨੇ ਵੀ ਦੋ ਵਾਰ ਵਿਆਹ ਕਰਵਾਇਆ। ਪਰ ਉਹ ਆਪਣੀਆਂ ਦੋ ਪਤਨੀਆਂ ਵਿਚਕਾਰ ਇੰਨਾ ਉਲਝ ਗਿਆ ਕਿ ਉਸਨੂੰ ਜਹਿਰ ਪੀਣਾ ਪਿਆ। ਉਸ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਡਾਕਟਰਾਂ ਨੇ ਕਿਹਾ ਕਿ ਉਸਦੀ ਜਾਨ ਖਤਰੇ ਤੋਂ ਬਾਹਰ ਹੈ। ਇਸ ਆਦਮੀ ਨੇ ਮਹਿਲਾ ਪੁਲਸ ਸਟੇਸਨ ਦੇ ਕੰਪਲੈਕਸ 'ਚ ਜਹਿਰ ਖਾ ਲਿਆ ਸੀ, ਜਿੱਥੇ ਉਸਦੀ ਪਹਿਲੀ ਪਤਨੀ ਦੀ ਸ਼?ਕਾਇਤ ਤੋਂ ਬਾਅਦ ਉਸਨੂੰ ਕਾਉਂਸਲਿੰਗ ਲਈ ਬੁਲਾਇਆ ਗਿਆ ਸੀ। ਖਜਨੀ ਦੇ ਐਨਵਾਨ ਪਿੰਡ ਦੇ ਵਸਨੀਕ ਰਾਜਨ ਕੁਮਾਰ ਮੌਰਿਆ ਦਾ ਪਹਿਲਾ ਵਿਆਹ ਚੰਦਾ ਨਾਲ ਹੋਇਆ ਸੀ। ਪਰ ਕੁਝ ਸਮਾਂ ਪਹਿਲਾਂ ਚੰਦਾ ਨੂੰ ਪਤਾ ਲੱਗਾ ਕਿ ਉਸਦੇ ਪਤੀ ਨੇ ਸਾਰਿਕਾ ਨਾਮ ਦੀ ਔਰਤ ਨਾਲ ਦੂਜਾ ਵਿਆਹ ਕਰਵਾ ਲਿਆ ਹੈ। ਇਸ ਤੋਂ ਬਾਅਦ ਚੰਦਾ ਨੇ ਪੁਲਸ ਕੋਲ ਸ਼?ਕਾਇਤ ਦਰਜ ਕਰਵਾਈ। ਚੰਦਾ ਨੇ ਕਿਹਾ ਕਿ ਦੂਜੇ ਵਿਆਹ ਤੋਂ ਬਾਅਦ, ਰਾਜਨ ਨੇ ਉਸ ਦੇ ਗੁਜਾਰਾ ਭੱਤਾ ਲਈ ਪੈਸੇ ਦੇਣਾ ਬੰਦ ਕਰ ਦਿੱਤਾ ਸੀ। ਜਦੋਂ ਸਮਝਾਉਣ ਤੋਂ ਬਾਅਦ ਵੀ ਮਾਮਲਾ ਹੱਲ ਨਹੀਂ ਹੋਇਆ ਤਾਂ ਪੁਲਸ ਨੇ ਉਸਨੂੰ ਕਾਉਂਸਲਿੰਗ ਲਈ ਬੁਲਾਇਆ। ਪਹਿਲੀ ਸੁਣਵਾਈ 'ਤੇ, ਰਾਜਨ ਨੂੰ ਆਪਣੀ ਦੂਜੀ ਪਤਨੀ ਚੰਦਾ ਨੂੰ ਲਿਆਉਣ ਲਈ ਕਿਹਾ ਗਿਆ ਸੀ। ਰਾਜਨ ਨੇ ਸਾਰਿਕਾ ਨੂੰ ਫੋਨ ਕੀਤਾ ਪਰ ਥੋੜ੍ਹੀ ਦੇਰ ਬਾਅਦ ਹੀ ਉਸਨੇ ਜਹਿਰ ਖਾ ਲਿਆ। ਚੰਦਾ ਘਬਰਾ ਗਈ ਅਤੇ ਉਸਨੇ ਪੁਲਸ ਨੂੰ ਸੂਚਿਤ ਕੀਤਾ ਅਤੇ ਰਾਜਨ ਨੂੰ ਤੁਰੰਤ ਜ਼?ਲ੍ਹਾ ਹਸਪਤਾਲ ਲਿਆਂਦਾ ਗਿਆ। ਇਸ ਵੇਲੇ ਰਾਜਨ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਨਾਲ ਹੀ, ਪੁਲਸ ਨੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ।

## ਪੰਜਾਬ ਪੁਲਸ ਨੇ ਨਸ਼ਾ ਸਮੱਗਲਰਾਂ 'ਤੇ ਕੱਸਿਆ ਸ਼ਿਕੰਜਾ

ਬਰੇਟਾ 14 ਜਨਵਰੀ। ਪੁਲਸ ਵੱਲੋਂ ਐੱਨ. ਡੀ. ਪੀ. ਐੱਸ. ਐਕਟ ਤਹਿਤ ਸਮੱਗਲਰ ਦੀ ਜਾਇਦਾਦ ਜਬਤ ਕੀਤੀ ਗਈ। ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਨਸ਼ਿਆਂ ਪ੍ਰਤੀ ਜ਼ੀਰੋ ਸਹਿਨਸ਼ੀਲਤਾ ਦੀ ਨੀਤੀ ਅਪਣਾਈ ਜਾ ਰਹੀ ਹੈ। ਜਿਸ ਤਹਿਤ ਐੱਨ. ਡੀ. ਪੀ. ਐੱਸ. ਐਕਟ ਅਧੀਨ ਬਰੇਟਾ ਦੇ ਦੀਪਕ ਕੁਮਾਰ ਪੁੱਤਰ ਸੁਖਵਿੰਦਰ ਵਾਸੀ ਵਾਰਡ ਨੰਬਰ 6 ਨੇੜੇ ਰੇਲਵੇ ਸਟੇਸ਼ਨ ਬਰੇਟਾ ਦੇ ਖਿਲਾਫ ਕਾਰਵਾਈ ਕਰਦੇ ਹੋਏ ਉਸਦੀ ਜਾਇਦਾਦ ਫਰੀਜ ਕਰਵਾਈ ਗਈ। ਇਸ 'ਚ ਇਕ ਸਵਿਫਟ ਡਿਜਾਇਰ ਕਾਰ ਦੀ ਕੁੱਲ ਕੀਮਤ 4 ਲੱਖ 75 ਹਜਾਰ ਫਰੀਜ ਕੀਤੀ ਗਈ ਹੈ। ਡੀ.ਐਸ.ਪੀ. ਬੁਢਲਾਡਾ ਗਮਦੂਰ ਸਿੰਘ ਅਤੇ ਬਰੇਟਾ ਥਾਣੇ ਦੇ ਐੱਸ.ਐੱਚ.ਓ. ਅਮਰੀਕ ਸਿੰਘ ਨੇ ਦੀਪਕ ਕੁਮਾਰ ਦੀ ਰਿਹਾਇਸ਼ 'ਤੇ ਨੋਟਿਸ ਲਗਾ ਕੇ ਪਰਿਵਾਰ ਨੂੰ ਜਾਣੂ ਕਰਵਾ ਦਿੱਤਾ ਗਿਆ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਅੱਧੀ ਰਾਤੀਂ ਘਰ 'ਚ ਵੜੇ ਲੁਟੇਰਿਆਂ ਨੇ ਲੱਤਾਂ ਬੰਨ੍ਹ ਔਰਤ ਦਾ ਕਰ'ਤਾ ਕਤਲ

ਫਾਜ਼ਿਲਕਾ/ਜਲਾਲਾਬਾਦ 14 ਜਨਵਰੀ। ਪੰਜਾਬ 'ਚ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਹੁਣ ਤਾਂ ਲੁਟੇਰੇ ਵਾਰਦਾਤ ਸਮੇਂ ਕਤਲ ਕਰਨ ਤੋਂ ਵੀ ਨਹੀਂ ਡਰ ਰਹੇ। ਅਜਿਹਾ ਹੀ ਇਕ ਸਨਸਨੀਖੇਜ ਮਾਮਲਾ ਫਾਜ਼ਿਲਕਾ-ਅਬੋਹਰ ਰੋਡ 'ਤੇ ਇਥੋਂ ਪੰਜ ਕਿਲੋਮੀਟਰ ਦੂਰ ਉਪ-ਮੰਡਲ ਦੇ ਪਿੰਡ ਬੰਨਵਾਲਾ ਹਨੂੰਵੰਤਾ ਤੋਂ ਆਇਆ ਹੈ, ਜਿੱਥੇ ਬੀਤੀ ਅੱਧੀ ਰਾਤ ਨੂੰ ਇਕ ਘਰ 'ਚ ਲੁੱਟ-ਖੋਹ ਕਰਨ ਲਈ ਵੜੇ ਲੁਟੇਰਿਆਂ ਵਲੋਂ ਬਜੁਰਗ ਜੋੜੇ ਦੀ ਕੁੱਟਮਾਰ ਮਗਰੋਂ ਬਜੁਰਗ ਔਰਤ ਦਾ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਸਦਰ ਪੁਲਸ ਨੂੰ ਦਿੱਤੇ ਬਿਆਨ 'ਚ ਪਿੰਡ ਪੀੜਤ ਨਿਰਭੈ ਸਿੰਘ (82) ਨੇ ਦੱਸਿਆ ਕਿ ਉਹ ਅਤੇ ਉਸ ਦੀ ਪਤਨੀ ਹਰਬੰਸ ਕੌਰ ਘਰ ਪਿੰਡ 'ਚ ਇਕੱਲੇ ਰਹਿੰਦੇ ਸਨ। ਉਨ੍ਹਾਂ ਦੀਆਂ ਦੋ ਬੇਟੀਆਂ ਦਵਿੰਦਰ ਕੌਰ, ਸਤਿੰਦਰ ਕੌਰ ਅਤੇ ਬੇਟਾ ਜਗਜੀਤ ਸਿੰਘ ਉਰਫ ਜੱਜ ਤਿੰਨੋ ਹੀ ਅਸਟ੍ਰੇਲੀਆ 'ਚ ਰਹਿੰਦੇ ਹਨ। ਬੀਤੀ ਰਾਤ ਦੋਵੇਂ ਪਤੀ-ਪਤਨੀ ਖਾਣਾ ਖਾਣ ਤੋਂ ਬਾਅਦ ਆਪਣੇ-ਆਪਣੇ ਕਮਰਿਆਂ 'ਚ ਸੌਂ ਗਏ। ਰਾਤ ਕਰੀਬ 1 ਵਜੇ ਤਿੰਨ ਲੁਟੇਰੇ ਘਰ 'ਚ ਦਾਖਲ ਹੋਏ। ਜਦੋਂ ਉਹ ਖੜਕਾ ਸੁਣ ਕੇ ਉੱਠਿਆ ਤਾਂ ਲੁਟੇਰਿਆਂ ਨੇ ਉਸ ਦੀ ਪਤਨੀ ਦੀਆਂ ਲੱਤਾਂ ਬੰਨੀਆਂ ਹੋਈਆਂ ਸਨ ਤੇ ਗਹਿਣਿਆਂ ਅਤੇ ਨਕਦੀ ਬਾਰੇ ਪੁੱਛ ਰਹੇ ਸਨ। ਜਦੋਂ ਉਹ ਉਸ ਨੂੰ ਬਚਾਉਣ ਲਈ ਅੱਗੇ ਆਇਆ ਤਾਂ ਲੁਟੇਰਿਆਂ ਨੇ ਉਸ ਨੂੰ ਵੀ ਫੜ੍ਹ ਕੇ ਉਸ ਦੀਆਂ ਲੱਤਾਂ ਬੰਨ੍ਹ ਦਿੱਤੀਆਂ। ਇਸ ਤੋਂ ਬਾਅਦ ਲੁਟੇਰੇ ਫਰਾਰ ਹੋ ਗਏ। ਜਦੋਂ ਉਸ ਨੇ ਆਪਣੀਆਂ ਲੱਤਾਂ ਖੋਲ੍ਹ ਕੇ ਆਪਣੀ ਪਤਨੀ ਨੂੰ ਦੇਖਿਆ ਤਾਂ ਲੁਟੇਰਿਆਂ ਨੇ ਉਸ ਦਾ ਕਤਲ ਕਰ ਦਿੱਤਾ ਸੀ। ਰੌਲਾ ਪਾਉਣ 'ਤੇ ਪਿੰਡ ਵਾਸੀ ਇਕੱਠੇ ਹੋ ਗਏ। ਪੁਲਸ ਵਲੋਂ ਲਾਸ਼ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਫਾਜ਼ਿਲਕਾ ਦੇ ਸਿਵਲ ਹਸਪਤਾਲ ਦੀ ਮੋਰਚਰੀ 'ਚ ਰਖਵਾਇਆ ਗਿਆ। ਪੁਲਸ ਵਲੋਂ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਇੱਕ ਮਹੀਨੇ ਤੱਕ ਰੱਖਿਆ ਭੁੱਖਾ, ਫਿਰ ਬੇਰਹਿਮੀ ਨਾਲ ਪਤਨੀ ਦਾ ਕਰ'ਤਾ ਕਤਲ



ਨੈਸ਼ਨਲ ਡੈਸਕ 14 ਜਨਵਰੀ। ਝਾਰਖੰਡ ਦੇ ਧਨਬਾਦ ਜ਼ਿਲ੍ਹੇ ਵਿੱਚ ਇੱਕ ਪਤੀ ਨੇ ਆਪਣੀ ਹੀ ਪਤਨੀ ਨਾਲ ਬੇਰਹਿਮੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਇਨਸਾਨ ਤੋਂ ਜਾਨਵਰ ਬਣੇ ਪਤੀ ਨੇ ਪਹਿਲਾਂ ਆਪਣੀ ਪਤਨੀ ਨੂੰ ਮਹੀਨਾ ਭਰ ਭੁੱਖਾ ਰੱਖਿਆ। ਪਤਨੀ ਦੀ ਮੌਤ ਤੋਂ ਬਾਅਦ ਉਸ ਦੀ ਲਾਸ ਨੂੰ ਦਰਿਆ ਕੰਢੇ ਸੁੱਟ ਦਿੱਤਾ। ਉੱਥੇ ਹੀ ਆਪਣੇ ਬਗੀਚੇ ਵਿੱਚ, ਉਸਨੇ ਆਪਣੀ ਪਤਨੀ ਦੇ ਗਾਇਬ ਹੋਣ ਦੀ ਝੂਠੀ ਕਹਾਣੀ ਬਣਾਉਣੀ ਸ਼ੁਰੂ ਕਰ ਦਿੱਤੀ। ਇਹ ਰੂਹ ਕੰਬਾਊ ਘਟਨਾ ਝਾਰਖੰਡ ਦੇ ਕੋਲਾ ਸਹਿਰ ਧਨਬਾਦ ਜ਼ਿਲ੍ਹੇ ਦੇ ਮਧੂਬਨ ਥਾਣਾ ਖੇਤਰ ਵਿੱਚ ਵਾਪਰੀ। ਦਰਅਸਲ, ਮਧੂਬਨ ਥਾਣਾ ਖੇਤਰ ਦੇ ਰਹਿਣ ਵਾਲੇ ਨੀਰਜ ਝਾਅ 'ਤੇ ਸੋਚੀ-ਸਮਝੀ ਸਾਜ਼ਿਸ਼ ਦੇ ਤਹਿਤ ਆਪਣੀ ਹੀ ਪਤਨੀ ਅਪਰਾਜਿਤਾ ਨੂੰ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰਨ ਅਤੇ ਉਸ ਦੀ ਲਾਸ਼ ਨੂੰ ਨਦੀ ਦੇ ਕੰਢੇ 'ਤੇ ਪੁਲ ਹੇਠਾਂ ਸੁੱਟਣ ਦਾ ਦੋਸ਼ ਹੈ। ਇਸ ਸਾਰੀ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਇੱਕ ਸਾਜ਼ਿਸ਼ ਦੇ ਤਹਿਤ ਪਤੀ ਨੀਰਜ ਝਾਅ ਨੇ ਆਪਣੀ ਪਤਨੀ ਅਪਰਾਜਿਤਾ ਦੇ ਲਾਪਤਾ ਹੋਣ ਦੀ ਝੂਠੀ ਕਹਾਣੀ ਬਣਾ ਕੇ ਸਾਰਿਆਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ। ਹਾਲਾਂਕਿ, ਅਪਰਾਜਿਤਾ ਦੇ ਮਾਤਾ-ਪਿਤਾ ਨੂੰ ਉਸਦੇ ਪਤੀ ਨੀਰਜ ਝਾਅ ਅਤੇ ਉਸਦੇ ਸਹੁਰਿਆਂ 'ਤੇ ਸ਼ੱਕ ਹੋ ਗਿਆ। ਇਸ ਤੋਂ ਬਾਅਦ ਉਨ੍ਹਾਂ ਨੇ ਧਨਬਾਦ ਜ਼ਿਲੇ ਦੇ ਮਧੂਬਨ ਥਾਣੇ 'ਚ ਅਪਰਾਜਿਤਾ ਦੇ ਅਗਵਾ ਅਤੇ ਦਾਜ ਲਈ ਪਰੇਸ਼ਾਨ ਕਰਨ ਦਾ ਮਾਮਲਾ ਦਰਜ ਕਰਵਾਇਆ। ਮਾਮਲਾ ਦਰਜ ਹੋਣ ਤੋਂ ਬਾਅਦ ਥਾਣਾ ਮਧੂਬਨ ਦੀ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸਿਲਸਿਲੇ ਵਿਚ ਪੁਲਸ ਨੂੰ ਸੂਚਨਾ ਮਿਲੀ ਕਿ ਅਪਰਾਜਿਤਾ ਦਾ ਸਾਲ 2022 ਵਿਚ ਵਿਆਹ ਹੋਇਆ ਸੀ। ਵਿਆਹ ਤੋਂ ਬਾਅਦ ਉਸ ਦਾ ਪਤੀ ਨੀਰਜ ਅਤੇ ਸਹੁਰਾ ਪਰਿਵਾਰ ਉਸ ਨੂੰ ਦਾਜ ਲਈ ਤੰਗ ਪ੍ਰੇਸ਼ਾਨ ਕਰਨ ਲੱਗੇ। ਸ਼ੱਕ ਹੋਣ ਤੋਂ ਬਾਅਦ ਪੁਲਸ ਨੇ ਨੀਰਜ ਝਾਅ ਅਤੇ ਉਸਦੇ ਪਰਿਵਾਰਕ ਮੈਂਬਰਾਂ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕ ਅਪਰਾਜਿਤਾ ਦੀ ਲਾਸ ਧਨਬਾਦ ਜ਼ਿਲ੍ਹੇ ਦੇ ਰਾਜਗੰਜ ਥਾਣਾ ਖੇਤਰ ਵਿੱਚ ਕਟਾਰੀ ਨਦੀ ਦੇ ਪੁਲ ਦੇ ਹੇਠਾਂ ਤੋਂ ਬਰਾਮਦ ਹੋਈ ਹੈ। ਪੁਲਸ ਨੇ ਇਸ ਮਾਮਲੇ ਵਿੱਚ ਚਾਰ ਮੁਲਜਮਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿੱਚ ਮ੍ਰਿਤਕ ਅਪਰਾਜਿਤਾ ਦਾ ਪਤੀ ਨੀਰਜ ਝਾਅ, ਉਸ ਦੀ ਸੱਸ ਸੋਭਾ ਦੇਵੀ ਅਤੇ ਚਾਰ ਹੋਰ ਸਾਮਲ ਹਨ। ਮ੍ਰਿਤਕ ਅਪਰਾਜਿਤਾ ਦੇ ਪਰਿਵਾਰਕ ਮੈਂਬਰਾਂ ਅਨੁਸਾਰ ਦਾਜ ਵਜੋਂ ਕਾਰ ਨਾ ਮਿਲਣ ਕਾਰਨ ਉਸ ਦੇ ਸਹੁਰੇ ਗੁੱਸੇ ਵਿੱਚ ਆ ਗਏ। ਉਹ ਅਕਸਰ ਆਪਣੀ ਧੀ ਨੂੰ ਕੁੱਟਦਾ ਅਤੇ ਤਸੀਹੇ ਦਿੰਦਾ ਸੀ।

## ਕੰਪਨੀ ਦਾ ਜਾਅਲੀ ਚੈੱਕ ਦੇ ਕੇ ਬੈਂਕ ਨਾਲ 1 ਕਰੋੜ ਦੀ ਠੱਗੀ ਮਾਰਨ ਦੀ ਕੋਸਿਸ

ਲੁਧਿਆਣਾ 14 ਜਨਵਰੀ। ਕੰਪਨੀ ਦਾ ਜਾਅਲੀ ਚੈੱਕ ਬਣਾ ਕੇ 1 ਕਰੋੜ ਰੁਪਏ ਕਢਵਾਉਣ ਦੀ ਕੋਸ਼ਿਸ਼ ਕਰਨ ਵਾਲੇ ਜਿਊਲਰੀ ਸ਼ਾਪ ਦੇ ਮਾਲਕ ਖਿਲਾਫ ਥਾਣਾ ਡਵੀਜਨ ਨੰ. 8 ਦੀ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਇਹ ਮਾਮਲਾ ਐੱਸ. ਡੀ. ਐੱਫ. ਸੀ. ਬੈਂਕ ਮੈਨੇਜਰ ਦੀ ਸ਼ਿਕਾਇਤ 'ਤੇ ਇਹ ਮਾਮਲਾ ਦਰਜ ਕੀਤਾ ਗਿਆ ਹੈ। ਮੁਲਜਮ ਮੁਕੇਸ ਕੁਮਾਰ ਵਾਸੀ ਸਿਵਲ ਲਾਈਨ, ਪ੍ਰੇਮ ਨਗਰ ਹੈ। ਪੁਲਸ ਮੁਲਜਮ ਦੀ ਭਾਲ ਕਰ ਰਹੀ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਜਸਮੀਤ ਕੌਰ ਨੇ ਦੱਸਿਆ ਹੈ ਕਿ ਉਹ ਮਾਲ ਰੋਡ 'ਤੇ ਸਥਿਤ ਐੱਚ. ਡੀ. ਐੱਫ. ਸੀ. ਬੈਂਕ ਸਾਖਾ ਦੀ ਮੈਨੇਜਰ ਹੈ। ਮਾਨਿਕ ਜਿਊਲਰ ਦੇ ਮਾਲਕ ਮੁਕੇਸ ਕੁਮਾਰ ਨੇ ਉਸ ਨੂੰ ਜਮ੍ਹਾ ਕਰਵਾਉਣ ਲਈ ਚੈੱਕ ਦਿੱਤਾ ਸੀ, ਜਿਸ ਦੀ ਕੀਮਤ 1 ਕਰੋੜ ਰੁਪਏ ਸੀ। ਇਹ ਚੈੱਕ ਪੈਟਰੋਫੇਸ ਇੰਜੀਨੀਅਰਿੰਗ ਸਰਵਿਸ ਇੰਡੀਆ ਪ੍ਰਾਈਵੇਟ ਲਿਮਟਿਡ ਕੰਪਨੀ ਦਾ ਸੀ। ਵੱਡੀ ਅਦਾਇਗੀ ਹੋਣ ਕਾਰਨ ਉਸ ਨੇ ਕੰਪਨੀ ਨੂੰ ਫੋਨ ਕਰ ਕੇ ਚੈੱਕ ਬਾਰੇ ਪੁੱਛਿਆ ਤਾਂ ਹੀ ਪਤਾ ਲੱਗਾ ਕਿ ਕੰਪਨੀ ਨੇ ਅਜਿਹਾ ਕੋਈ ਚੈੱਕ ਕਿਸੇ ਨੂੰ ਜਾਰੀ ਨਹੀਂ ਕੀਤਾ। ਇਸ ਤੋਂ ਬਾਅਦ ਉਸ ਨੇ ਚੈੱਕ ਕੈਸ਼ ਨਹੀਂ ਕਰਵਾਇਆ ਅਤੇ ਪੁਲਸ ਨੂੰ ਸ਼ਿਕਾਇਤ ਕੀਤੀ।

# ਹੈਰਾਨੀਜਨਕ ! ਪੁੱਤ ਦੀ ਮੰਗੇਤਰ 'ਤੇ ਆਇਆ ਪਿਓ ਦਾ ਦਿਲ, ਕਰਵਾ ਲਿਆ ਵਿਆਹ



ਨਾਸਿਕ 14 ਜਨਵਰੀ। ਇਕ ਬੇਹੱਦ ਅਨੋਖਾ ਅਤੇ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਦਰਅਸਲ ਪਿਤਾ ਨੇ ਪੁੱਤਰ ਦੀ ਹੋਣ ਵਾਲੀ ਪਤਨੀ ਯਾਨੀ ਕਿ ਮੰਗੇਤਰ ਨਾਲ ਖੁਦ ਹੀ ਵਿਆਹ ਕਰਵਾ ਲਿਆ। ਪਿਤਾ ਦੀ ਹਰਕਤ ਤੋਂ ਪੁੱਤਰ ਨੂੰ ਇੰਨਾ ਡੂੰਘਾ ਸਦਮਾ ਲੱਗਾ ਕਿ ਉਸ ਨੇ ਸੰਸਾਰਕ ਜੀਵਨ ਦਾ ਤਿਆਗ ਕਰਦਿਆਂ ਸੰਨਿਆਸ ਦਾ ਰਾਹ ਚੁਣ ਲਿਆ ਅਤੇ ਉਹ ਸਾਧੂ ਬਣ ਗਿਆ। ਇਹ ਮਾਮਲਾ ਮਹਾਰਾਸ਼ਟਰ ਦੇ ਨਾਸਿਕ ਦਾ ਹੈ, ਜੋ ਕਾਫੀ ਚਰਚਾ ਵਿਚ ਹੈ। ਜਾਣਕਾਰੀ ਮੁਤਾਬਕ ਪੁੱਤਰ ਦਾ ਰਿਸ਼ਤਾ ਪੱਕਾ ਹੋ ਚੁੱਕਾ ਸੀ। ਦੋਹਾਂ ਘਰਾਂ ਵਿਚ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਵਿਆਹ ਤੋਂ ਪਹਿਲਾਂ ਤਮਾਮ ਰਸਮਾਂ ਨੂੰ ਪੂਰਾ ਕੀਤਾ ਜਾ ਰਿਹਾ ਸੀ। ਇਸ ਦਰਮਿਆਨ ਮੁੰਡੇ ਦੇ ਪਿਤਾ ਨੇ ਚੁਪ-ਚੁਪੀਤੇ ਮਹੂਰਤ ਤੋਂ ਪਹਿਲਾਂ ਹੀ ਪੁੱਤਰ ਦੀ ਹੋਣ ਵਾਲੀ ਪਤਨੀ ਨਾਲ ਵਿਆਹ ਕਰਵਾ ਲਿਆ। ਜਿਸ ਕੁੜੀ ਨੂੰ ਪੁੱਤਰ ਲਈ ਪਸੰਦ ਕੀਤਾ ਸੀ। ਉਸ ਨਾਲ ਮੁੰਡੇ ਦੇ ਪਿਤਾ ਨੂੰ ਪਿਆਰ ਹੋ ਗਿਆ ਸੀ। ਪੁੱਤਰ ਦਾ ਵਿਆਹ ਹੋਵੇ, ਇਸ ਤੋਂ ਪਹਿਲਾਂ ਮਹੂਰਤ ਦੀ ਉਡੀਕ ਕੀਤੇ ਬਿਨਾਂ ਹੀ ਵਿਆਹ ਕਰਵਾ ਲਿਆ। ਐਨ ਮੌਕੇ ਵਿਆਹ ਨਾ ਹੋਣ ਸਕਣ ਕਾਰਨ ਸਦਮੇ ਵਿਚ ਮੁੰਡੇ ਨੇ ਸੰਨਿਆਸ ਦਾ ਵਿਕਲਪ ਚੁਣਿਆ। ਪਿਤਾ ਦੇ ਵਿਆਹ ਮਗਰੋਂ ਮੁੰਡੇ ਨੇ ਸਾਧੂ ਦਾ ਜੀਵਨ ਚੁਣ ਲਿਆ ਅਤੇ ਕੁਝ ਸਾਮਾਨ ਨਾਲ ਸੜਕ 'ਤੇ ਡੇਰਾ ਜਮਾ ਲਿਆ। ਪਰਿਵਾਰ ਦੇ ਲੋਕਾਂ ਨੇ ਦੂਜੀ ਥਾਂ ਵਿਆਹ ਕਰਵਾਉਣ ਅਤੇ ਪਿਤਾ ਤੋਂ ਵੱਖ ਰਹਿਣ ਦਾ ਵਿਕਲਪ ਦਿੱਤਾ ਪਰ ਮੁੰਡੇ ਨੇ ਸਾਧੂ ਬਣਨ ਦਾ ਹੀ ਫੈਸਲਾ ਕੀਤਾ। ਇਹ ਗੱਲ ਸਾਹਮਣੇ ਆਈ ਹੈ ਕਿ ਪੁੱਤਰ ਦੇ ਵਿਆਹ ਲਈ ਪਿਤਾ ਨੇ ਹੀ ਕੁੜੀ ਦੀ ਭਾਲ ਸ਼ੁਰੂ ਕੀਤੀ ਸੀ ਪਰ ਖੁਦ ਪਿਆਰ ਹੋ ਜਾਣ 'ਤੇ ਪਿਤਾ ਨੇ ਪੁੱਤਰ ਦੇ ਵਿਆਹ ਤੋਂ ਪਹਿਲਾਂ ਖੁਦ ਹੀ ਵਿਆਹ ਕਰਵਾ ਲਿਆ।

## ਲਾਇਸੈਂਸ ਧਾਰਕਾਂ ਲਈ ਜਰੂਰੀ ਖਬਰ, 31 ਜਨਵਰੀ ਤੱਕ ਕਰ ਲਓ ਇਹ ਕੰਮ ਨਹੀਂ ਤਾਂ...

ਮੋਹਾਲੀ 14 ਜਨਵਰੀ। ਲਾਇਸੈਂਸ ਹਥਿਆਰ ਧਾਰਕਾਂ ਲਈ ਅਹਿਮ ਖਬਰ ਸਾਹਮਣੇ ਆਈ ਹੈ। ਦਰਅਸਲ ਲਗਭਗ ਇਕ ਹਜਾਰ ਲਾਇਸੈਂਸਸੁਦਾ ਹਥਿਆਰ ਧਾਰਕ ਜੋ ਸਤੰਬਰ 2019 ਵਿੱਚ ਪ੍ਰਸਾਸਕੀ ਸੁਧਾਰ ਅਤੇ ਜਨਤਕ ਸ਼ਿਕਾਇਤਾਂ ਵਿਭਾਗ, ਪੰਜਾਬ ਦੁਆਰਾ 'ਈ-ਸੇਵਾ ਪੋਰਟਲ' 'ਤੇ ਸ਼ੁਰੂ ਕੀਤੇ ਗਏ 'ਹਥਿਆਰ ਲਾਇਸੈਂਸ ਅਤੇ ਸਹਾਇਕ ਸੇਵਾਵਾਂ' ਪ੍ਰਾਪਤ ਕਰਨ ਤੋਂ ਵਾਂਝੇ ਰਹਿ ਗਏ ਸਨ, ਨੂੰ ਮੋਹਾਲੀ ਜ਼ਿਲ੍ਹਾ ਪ੍ਰਸਾਸਨ ਵੱਲੋਂ 31 ਜਨਵਰੀ ਤੋਂ ਪਹਿਲਾਂ ਦੀ ਇਹੀ ਸਹੂਲਤ 'ਈ-ਸੇਵਾ ਪੋਰਟਲ' ਰਾਹੀਂ ਆਪਣੇ ਅਸਲਾ ਲਾਇਸੈਂਸ ਡੇਟਾ/ਨਵੀਨੀਕਰਨ ਕਰਵਾਉਣ ਦਾ ਆਖਰੀ ਮੌਕਾ ਦੇ ਰਹੀ ਹੈ। ਸਹਾਇਕ ਕਮਿਸਨਰ (ਜਨਰਲ) ਡਾ. ਅੰਕਿਤਾ ਕਾਂਸਲ ਵੱਲੋਂ ਜਾਰੀ ਹੁਕਮਾਂ ਅਨੁਸਾਰ ਸਾਲ 2019 ਤੋਂ ਬਾਅਦ ਈ-ਸੇਵਾ ਪੋਰਟਲ 'ਤੇ ਰਜਿਸਟਰ/ਨਵੀਨੀਕਰਨ ਨਹੀਂ ਕਰਵਾਉਣ ਵਾਲੇ ਅਜਿਹੇ ਇਕ ਹਜਾਰ ਲਾਇਸੈਂਸੀ ਹਥਿਆਰ ਧਾਰਕਾਂ ਦੀ ਸੂਚੀ ਜ਼ਿਲ੍ਹਾ ਪ੍ਰਸ਼ਾਸਨ ਦੀ ਵੈੱਬਸਾਈਟ 'ਤੇ ਉਪਲੱਬਧ ਕਰਵਾ ਦਿੱਤੀ ਗਈ ਹੈ। ਜੇਕਰ ਇਹ ਲਾਇਸੈਂਸ ਧਾਰਕ 31 ਜਨਵਰੀ ਤੋਂ ਪਹਿਲਾਂ ਜ਼ਿਲ੍ਹੇ ਦੇ ਸੇਵਾ ਕੇਂਦਰਾਂ 'ਤੇ ਈ-ਸੇਵਾ ਪੋਰਟਲ 'ਤੇ ਆਪਣੇ ਲਾਇਸੈਂਸ ਦਾ ਨਵੀਨੀਕਰਨ ਨਹੀਂ ਕਰਵਾਉਂਦੇ ਹਨ ਤਾਂ ਬਿਨਾਂ ਕੋਈ ਸੂਚਨਾ ਦਿੱਤੇ ਨਿਯਮਾਂ ਮੁਤਾਬਕ ਅੱਗੇ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਵੇਗੀ, ਜਿਸ ਦੇ ਤਹਿਤ ਉਨ੍ਹਾਂ ਦੇ ਲਾਇਸੈਂਸ ਦੀ ਵੈਧਤਾ 'ਤੇ ਅਸਰ ਪਵੇਗਾ।

## ਲਵ ਮੈਰਿਜ ਕਰਵਾਉਣ ਵਾਲਾ ਨੌਜਵਾਨ ਲਾਪਤਾ, 10 ਦਿਨ ਬੀਤ ਜਾਣ 'ਤੇ ਵੀ ਨਹੀਂ ਮਿਲਿਆ ਕੋਈ ਸੁਰਾਗ

ਫ਼ਿਰੋਜਪੁਰ 14 ਜਨਵਰੀ। ਘਰੋਂ ਭੱਜ ਕੇ ਆਪਣੇ ਹੀ ਪਿੰਡ ਦੀ ਇਕ ਲੜਕੀ ਨਾਲ ਵਿਆਹ ਕਰਵਾਉਣ ਵਾਲਾ 25 ਸਾਲਾ ਨੌਜਵਾਨ ਜੱਗਾ ਉਰਫ ਅਭੀ 30 ਦਸੰਬਰ ਦੀ ਸਾਮ ਕਰੀਬ 6 ਵਜੇ ਤੋਂ ਭੇਤਭਰੀ ਹਾਲਤ 'ਚ ਲਾਪਤਾ ਹੈ, ਜਿਸਦਾ 10 ਦਿਨ ਬੀਤ ਜਾਣ 'ਤੇ ਵੀ ਅੱਜ ਤੱਕ ਕੋਈ ਪਤਾ ਨਹੀਂ ਲੱਗਾ। ਇਸ ਸਬੰਧੀ ਨੌਜਵਾਨ ਦੇ ਪਿਤਾ ਲਾਭ ਸਿੰਘ ਪੁੱਤਰ ਨਿਹਾਲ ਸਿੰਘ ਵਾਸੀ ਪਿੰਡ ਕਮਾਲੇ ਵਾਲਾ ਵੱਲੋਂ ਦਿੱਤੀ ਲਿਖਤੀ ਸ਼ਿਕਾਇਤ ਅਤੇ ਬਿਆਨਾਂ ਦੇ ਆਧਾਰ 'ਤੇ ਥਾਣਾ ਸਦਰ ਫ਼ਿਰੋਜਪੁਰ ਦੀ ਪੁਲਸ ਨੇ ਉਸ ਦੀ ਪਤਨੀ ਦੇ ਰਿਸਤੇਦਾਰ ਸਾਗਰ ਪੁੱਤਰ ਪ੍ਰੇਮ, ਸੁੱਖਾ ਅਤੇ ਅਣਪਛਾਤੇ ਵਿਅਕਤੀਆਂ ਖਿਲਾਫ ਨੌਜਵਾਨ ਨੂੰ ਅਗਵਾ ਕਰਨ ਦੇ ਦੋਸ ਹੇਠ ਕੇਸ ਦਰਜ ਕੀਤਾ ਸੀ ਪਰ 10 ਦਿਨ ਬੀਤ ਜਾਣ 'ਤੇ ਵੀ ਨੌਜਵਾਨ ਦਾ ਕੋਈ ਸੁਰਾਗ ਨਾ ਮਿਲਣ 'ਤੇ ਉਸ ਦੀ ਪਤਨੀ, ਭੈਣਾਂ ਅਤੇ ਹੋਰ ਪਰਿਵਾਰਕ ਮੈਂਬਰਾਂ ਨੇ ਥਾਣਾ ਸਦਰ ਫ਼ਿਰੋਜਪੁਰ ਦੇ ਬਾਹਰ ਧਰਨਾ ਦਿੱਤਾ ਅਤੇ ਮੰਗ ਕੀਤੀ






ਕਿ ਲਾਪਤਾ ਜੱਗਾ ਨੂੰ ਤੁਰੰਤ ਬਰਾਮਦ ਕੀਤਾ ਜਾਵੇ ਅਤੇ ਨਾਮਜਦ ਮੁਲਜਮ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇ। ਪਰਿਵਾਰ ਨੇ ਸ਼ੱਕ ਜਾਹਿਰ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਜੱਗਾ ਨੂੰ ਅਗਵਾ ਕਰਕੇ ਨਾਮਜਦ ਵਿਅਕਤੀਆਂ ਵੱਲੋਂ ਮਾਰ ਦਿੱਤਾ ਗਿਆ ਹੈ। ਦੂਜੇ ਪਾਸੇ ਥਾਣਾ ਸਦਰ ਫ਼ਿਰੋਜਪੁਰ ਦੇ ਐੱਸ. ਐੱਚ. ਓ. ਇੰਸਪੈਕਟਰ ਜਸਵੰਤ ਸਿੰਘ ਨੇ ਪੁਲਸ ਦਾ ਪੱਖ ਦਿੰਦੇ ਹੋਏ ਦੱਸਿਆ ਕਿ ਨਾਮਜਦ ਵਿਅਕਤੀਆਂ ਖ਼ਿਲਾਫ ਕਾਰਵਾਈ ਜਾਰੀ ਹੈ ਅਤੇ ਪੁਲਸ ਵੱਲੋਂ ਜੱਗਾ ਦੀ ਬਰਾਮਦਗੀ ਅਤੇ ਨਾਮਜਦ ਵਿਅਕਤੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੁਲਸ ਤਕਨੀਕੀ ਅਤੇ ਹੋਰ ਗੁਪਤ ਸੋਰਸਿਜ ਦੇ ਆਧਾਰ 'ਤੇ ਕੰਮ ਕਰ ਰਹੀ ਹੈ।

## ਅਦਾਲਤ 'ਚ ਪੇਸ਼ੀ ਭੁਗਤ ਕੇ ਜੇਲ੍ਹ ਵਾਪਸ ਆਏ ਹਵਾਲਾਤੀ ਦੇ ਗੁਪਤਅੰਗ ਚੋਂ 140 ਗੋਲੀਆਂ ਬਰਾਮਦ

ਗੁਰਦਾਸਪੁਰ 14 ਜਨਵਰੀ। ਅਦਾਲਤ 'ਚ ਪੇਸ਼ੀ ਭੁਗਤਣ ਦੇ ਬਾਅਦ ਜੇਲ੍ਹ ਵਾਪਸ ਆਏ ਹਵਾਲਾਤੀ ਵਲੋਂ ਗੁਪਤਅੰਗ 'ਚ ਲੁਕਾ ਕੇ ਰੱਖੀਆਂ ਨਸ਼ਾ ਪੂਰਤੀ ਦੇ ਕੰਮ ਆਉਣ ਵਾਲੀਆਂ 140 ਗੋਲੀਆ ਬਰਾਮਦ ਹੋਣ ਨਾਲ ਸਿਟੀ ਪੁਲਸ ਨੇ ਉਕਤ ਹਵਾਲਾਤੀ ਦੇ ਖਿਲਾਫ ਕੇਸ ਦਰਜ ਕੀਤਾ ਹੈ। ਇਸ ਸਬੰਧੀ ਸਹਾਇਕ ਸਬ ਇੰਸਪੈਕਟਰ ਜਗਜੀਤ ਸਿੰਘ ਨੇ ਦੱਸਿਆ ਕਿ ਜੇਲ੍ਹ ਸੁਪਰਡੈਂਟ ਗੁਰਦਾਸਪੁਰ ਨੇ ਸਿਟੀ ਪੁਲਸ ਸਟੇਸਨ ਇੰਚਾਰਜ ਨੂੰ ਲਿਖੇ ਇੱਕ ਪੱਤਰ ਵਿੱਚ ਦੱਸਿਆ ਕਿ ਹਵਾਲਾਤੀ ਅਰਜੁਨ ਪੁੱਤਰ ਰਾਜੇਸ



ਜੋ ਕਿ ਸਿਟੀ ਪੁਲਸ ਬਟਾਲਾ ਵੱਲੋਂ ਦਰਜ ਕੇਸ 180/2023 ਧਾਰਾ 380,411 ਅਤੇ 457 ਅਧੀਨ ਜੇਲ੍ਹ ਵਿੱਚ ਬੰਦ ਹੈ, ਨੂੰ ਅਦਾਲਤ ਵਿੱਚ ਪੇਸ ਕੀਤਾ ਗਿਆ ਹੈ। ਜਦੋਂ ਉਸ ਨੂੰ ਅਦਾਲਤ ਵਿੱਚ ਪੇਸ ਕੀਤਾ ਗਿਆ ਅਤੇ ਵਾਪਸ ਜੇਲ੍ਹ ਲਿਆਂਦਾ ਗਿਆ, ਤਾਂ ਜੇਲ੍ਹ ਦੀ ਡਿਊੜੀ ਵਿੱਚ ਇੱਕ ਆਮ ਤਲਾਸੀ ਦੌਰਾਨ ਹਵਾਲਾਤੀ ਨੇ ਆਪਣੇ ਗੁਪਤ ਅੰਗਾਂ ਵਿੱਚ ਲੁਕਾਈਆਂ ਹੋਈਆਂ 140 ਗੋਲੀਆਂ ਬਰਾਮਦ ਹੋਈਆਂ। ਜੋ ਉਸ ਨੂੰ ਅਦਾਲਤ ਦੇ ਕੰਪਲੈਕਸ ਵਿੱਚ ਕਿਸੇ ਨੇ ਦਿੱਤੀਆਂ ਸੀ। ਪੁਲਸ ਅਧਿਕਾਰੀ ਨੇ ਦੱਸਿਆ ਕਿ ਉਕਤ ਹਵਾਲਾਤੀ ਇਸ ਸਮੇਂ ਜੇਲ੍ਹ ਵਿੱਚ ਹੈ ਅਤੇ ਉਸ ਵਿਰੁੱਧ ਮਾਮਲਾ ਦਰਜ ਕੀਤਾ ਜਾਵੇਗਾ ਅਤੇ ਉਸ ਨੂੰ ਸੁਰੱਖਿਆ ਵਾਰੰਟ 'ਤੇ ਪੁੱਛਗਿੱਛ ਲਈ ਲਿਆਂਦਾ ਜਾਵੇਗਾ ਤਾਂ ਜੋ ਇਹ ਪਤਾ ਲੱਗ ਸਕੇ ਕਿ ਦੋਸੀ ਨੂੰ ਇਹ ਗੋਲੀਆਂ ਕਿਸਨੇ ਦਿੱਤੀਆਂ ਸਨ।

## ਨਾਜਾਇਜ਼ ਸ਼ਰਾਬ ਸਪਲਾਈ ਕਰ ਰਹੇ ਤਿੰਨ ਵਿਅਕਤੀ ਪੁਲਸ ਨੂੰ ਦੇਖ ਕੇ ਹੋਏ ਫਰਾਰ

ਬਟਾਲਾ 14 ਜਨਵਰੀ। ਨਾਜਾਇਜ਼ ਸ਼ਰਾਬ ਸਪਲਾਈ ਕਰ ਰਹੇ ਤਿੰਨ ਵਿਅਕਤੀਆਂ ਵੱਲੋਂ ਪੁਲਸ ਨੂੰ ਦੇਖ ਕੇ ਫਰਾਰ ਹੋਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਐੱਸ. ਆਈ. ਪਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਗੁਪਚਰ ਨੇ ਗੁਪਤ ਸੂਚਨਾ ਦਿੱਤੀ ਕਿ ਸਿਕੰਦਰ ਮਸੀਹ ਵਾਸੀ ਦਾਦੂਜੋਧ, ਸਾਜਨ ਵਾਸੀ ਵਾਰਡ ਨੰ.13




ਫਤਿਹਗੜ੍ਹ ਚੂੜੀਆਂ ਅਤੇ ਡੱਡਾ, ਜੋ ਪਿੰਡ ਦਾਦੂਜੋਧ ਵਿਚ ਨਾਜਾਇਜ਼ ਸ਼ਰਾਬ ਦੀ ਸਪਲਾਈ ਕਰ ਰਹੇ ਹਨ, ਜੇਕਰ ਛਾਪਾ ਮਾਰਿਆ ਜਾਵੇ ਤਾਂ ਉਕਤਾਨ ਨਾਜਾਇਜ਼ ਸ਼ਰਾਬ ਸਮੇਤ ਕਾਬੂ ਆ ਸਕਦੇ ਹਨ, ਜਿਸ 'ਤੇ ਉਨ੍ਹਾਂ ਨੇ ਤੁਰੰਤ ਉਕਤ ਪਿੰਡ ਵਿਚ ਪੁਲਸ ਪਾਰਟੀ ਸਮੇਤ ਰੇਡ ਕੀਤੀ ਤਾਂ ਉਕਤ ਤਿੰਨੋਂ ਵਿਅਕਤੀ ਆਪਣੀ ਬੋਰੀ ਮੌਕੇ 'ਤੇ ਛੱਡ ਕੇ ਫਰਾਰ ਹੋ ਗਏ, ਜਿਸ 'ਤੇ ਪੁਲਸ ਮੁਲਾਜ਼ਮਾਂ ਵਲੋਂ ਬੋਰੀ ਦੀ ਤਲਾਸ਼ੀ ਲੈਣ 'ਤੇ ਉਸ ਵਿਚੋਂ 50 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਹੈ।ਐੱਸ. ਆਈ. ਪਲਵਿੰਦਰ ਸਿੰਘ ਨੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਉਪਰੋਕਤ ਥਾਣੇ ਵਿਚ ਉਕਤ ਫਰਾਰ ਤਿੰਨਾਂ ਵਿਅਕਤੀਆਂ ਵਿਰੁੱਧ ਐਕਸਾਈਜ਼ ਐਕਟ ਤਹਿਤ ਕੇਸ ਦਰਜ ਕਰ ਦਿੱਤਾ ਗਿਆ ਹੈ।

# ਚੋਰੀ ਹੁੰਦੇ ਹੀ ਲੌਕ ਹੋ ਜਾਵੇਗਾ ਫੋਨ, ਹੁਣੇ ਆਨ ਕਰ ਲਓ ਇਹ ਸੈਟਿੰਗ

ਗੈਜੇਟ ਡੈਸਕ 14 ਜਨਵਰੀ। ਅੱਜ ਦੇ ਦੌਰ 'ਚ ਸਮਾਰਟਫੋਨ ਚੋਰੀ ਦੀਆਂ ਘਟਨਾਵਾਂ ਲਗਾਤਾਰ ਵੱਧ ਰਹੀਆਂ ਹਨ। ਹਾਲਾਂਕਿ, ਅਜੇ ਤਕ ਅਜਿਹਾ ਕੋਈ ਟੂਲ ਜਾਂ ਸਰਵਿਸ ਨਹੀਂ ਬਣੀ ਜੋ ਸਮਾਰਟਫੋਨ ਚੋਰੀ ਨੂੰ ਪੂਰੀ ਤਰ੍ਹਾਂ ਰੋਕ ਸਕੇ ਪਰ ਐਂਡਰਾਇਡ ਆਪਰੇਟਿੰਗ ਸਿਸਟਮ 'ਚ ਕੁਝ ਅਜਿਹੇ ਇਨਬਿਲਟ ਫੀਚਰਜ ਹਨ ਜੋ ਤੁਹਾਡੇ ਫੋਨ ਅਤੇ ਉਸ ਵਿਚ ਸਟੋਰ ਡਾਟਾ ਨੂੰ ਸੁਰੱਖਿਅਤ ਰੱਖਣ 'ਚ ਮਦਦ ਕਰਦੇ ਹਨ। ਗੂਗਲ ਦੀ ਨਵੀਂ ਥੈੱਫਟ ਪ੍ਰੋਟੈਕਸ਼ਨ ਸਰਵਿਸ ਇਕ ਅਜਿਹਾ ਹੀ ਸਕਿਓਰਿਟੀ ਫੀਚਰ ਹੈ ਜੋ ਤੁਹਾਡੇ ਸਮਾਰਟਫੋਨ ਨੂੰ ਪਹਿਲਾਂ ਨਾਲੋਂ ਜ਼ਿਆਦਾ ਸੁਰੱਖਿਅਤ ਬਣਾਉਂਦੀ ਹੈ। ਆਓ ਜਾਣਦੇ ਹਾਂ ਇਸ ਸਰਵਿਸ ਬਾਰੇ ਅਤੇ ਇਸ ਨੂੰ ਕਿਵੇਂ ਆਨ ਕਰੋ। ਗੂਗਲ ਦੀ ਥੈੱਫਟ ਪ੍ਰੋਟੈਕਸ਼ਨ ਇਕ ਇਨਬਿਲਟ ਸਕਿਓਰਿਟੀ ਸਰਵਿਸ ਹੈ, ਜੋ ਐਂਡਰਾਇਡ 10 ਅਤੇ ਇਸ ਤੋਂ ਉਪਰ ਦੇ ਵਰਜਨ ਵਾਲੇ ਸਮਾਰਟਫੋਨਾਂ 'ਤੇ ਉਪਲੱਬਧ ਹੈ। ਇਸ ਸਰਵਿਸ ਦਾ ਉਦੇਸ਼ ਸਮਾਰਟਫੋਨ ਚੋਰੀ ਹੋਣ ਦੀ ਹਾਲਤ 'ਚ ਯੂਜਰ ਦੇ ਡਾਟਾ ਨੂੰ ਸੁਰੱਖਿਅਤ



ਰੱਖਣਾ ਹੈ। ਥੈੱਫਟ ਡਿਟੈਕਸ਼ਨ ਲੌਕ ( ): ਜੇਕਰ ਫੋਨ ਇਹ ਪਤਾ ਲਗਾਉਂਦਾ ਹੈ ਕਿ ਇਸ ਨੂੰ ਜਬਰਦਸਤੀ ਖੋਹਿਆ ਜਾ ਰਿਹਾ ਹੈ ਜਾਂ ਕੋਈ ਇਸ ਨੂੰ ਲੈ ਕੇ ਦੌੜ ਰਿਹਾ ਹੈ ਤਾਂ ਸਕਰੀਨ ਆਟੋਮੈਟੀਕਲੀ ਲੌਕ ਹੋ ਜਾਵੇਗੀ। ਆਫਲਾਈਨ ਡਿਵਾਈਸ ਲੌਕ ( ): ਜੇਕਰ ਫੋਨ ਆਫਲਾਈਨ ਹੋ ਜਾਂਦਾ ਹੈ ਤਾਂ ਕੁਝ ਸਮੇਂ ਬਾਅਦ ਸਕਰੀਨ ਆਪਣੇ ਆਪ ਲੌਕ ਹੋ ਜਾਵੇਗੀ। ਇਸ ਨੂੰ ਅਨਲੌਕ ਕਰਨ ਲਈ ਇਕ ਪਾਸਵਰਡ ਦੀ ਲੋੜ ਹੋਵੇਗੀ। ਇਸ ਫੀਚਰ ਦੀ ਮਦਦ ਨਾਲ ਯੂਜਰ ਫੋਨ ਚੋਰੀ ਹੋਣ 'ਤੇ ਉਸ ਨੂੰ ਦੂਰੋਂ ਲੌਕ ਕਰ ਸਕਦੇ ਹਨ। ਨਾਲ ਹੀ ਗੂਗਲ ਦੀ 'ਫਾਇੰਡ ਮਾਈ ਡਿਵਾਈਸ' ਸਰਵਿਸ ਦਾ ਇਸਤੇਮਾਲ ਕਰਕੇ ਡਿਵਾਈਸ ਨੂੰ ਟ੍ਰੈਕ ਅਤੇ ਉਸਦਾ ਡਾਟਾ ਇਰੇਜ ਕੀਤਾ ਜਾ ਸਕਦਾ ਹੈ। ਸਮਾਰਟਫੋਨ ਨੂੰ ਸੁਰੱਖਿਅਤ ਰੱਖਣ ਲਈ ਅਤੇ ਫੀਚਰ ਨੂੰ ਹਮੇਸ਼ਾ ਆਨ ਰੱਖੋ। ਇਹ ਫੀਚਰਜ ਚੋਰੀ ਜਾਂ ਫੋਨ ਦੇ ਗੁੰਮ ਹੋਣ ਦੀ ਹਾਲਤ 'ਚ ਤੁਹਾਡੇ ਡਾਟਾ ਨੂੰ ਸੁਰੱਖਿਅਤ ਰੱਖਦੇ ਹਨ।


**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

DELHI POLICE
SHANTI SEWA NYAYA

**ਸੰਯੁਕਤ ਆਯੁਕਤ ਪੁਲਿਸ ਦਫ਼ਤਰ:**
**ਵਿਸ਼ੇਸ਼ ਸ਼ਾਖਾ : ਦਿੱਲੀ**
ਪੁਲਿਸ ਮੁਖਿਆਲਾ, ਜਯ ਸਿੰਘ ਰੋਡ, ਨਵੀਂ ਦਿੱਲੀ-110001
ਟੇਲੀ/ਫੈਕਸ ਨੰ. 011-23473523

**ਸ਼ੌਰਟ ਮੈਸੇਜ ਸੇਵਾਵਾਂ (ਐਸਐਮਐਸ) ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ ਦੇ ਦੁਰਉਪਯੋਗ ਨੂੰ ਰੋਕਣ ਦੇ ਲਈ**

ਸਾਧਾਰਨ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ਼੍ਰੀ ਵਿਕ੍ਰਮਜੀਤ ਸਿੰਘ, ਆਯੁਕਤ ਆਯੁਕਤ ਪੁਲਿਸ/ਵਿਸ਼ੇਸ਼ ਸ਼ਾਖਾ, ਨੂੰ ਦਿੱਲੀ ਵਿਧਾਨਸਭਾ ਚੋਣ-2025 ਦੇ ਦੌਰਾਨ ਚੋਣ ਪ੍ਰਕ੍ਰਿਆ ਤੋਂ ਸੰਬੰਧਿਤ ਐਸਐਮਐਸ ਜਾਂ ਵੱਖਰੇ ਸੋਸ਼ਲ ਮੀਡੀਆ ਪਲੇਟਫਾਰਮਾਂ ਦੇ ਮਾਧਿਅਮ ਤੋਂ ਭੇਜੇ ਗਏ ਆਪੱਤੀਜਨਕ/ਵਿਵਾਦਾਸਪਦ ਸੰਦੇਸ਼ਾਂ ਤੋਂ ਸੰਬੰਧਿਤ ਮਾਮਲਿਆਂ ਦੇ ਸੰਦਰਭ 'ਚ ਦਿੱਲੀ ਪੁਲਿਸ 'ਚ ਸੋਸ਼ਲ ਮੀਡੀਆ ਮੌਨਿਟਰਿੰਗ ਅਤੇ ਸਾਈਬਰ ਕ੍ਰਾਈਮ ਦੇ ਨੋਡਲ ਅਧਿਕਾਰੀ ਦੇ ਰੂਪ 'ਚ ਨਿਯੁਕਤ ਕੀਤਾ ਗਿਆ ਹੈ।

ਧਿਆਨ ਦੇਣ ਯੋਗ ਹੈ ਕਿ ਇਸ ਤਰ੍ਹਾਂ ਸੰਦੇਸ਼ ਚੋਣਵੀ ਪ੍ਰਕ੍ਰਿਆ ਨੂੰ ਬਾਧਿਤ ਕਰ ਸਕਦੇ ਹਨ ਜਿਸ ਤੋਂ ਚੋਣ ਵਿਧਿ, ਆਦਰਸ਼ ਆਚਰਣ ਦਾ ਉਲੰਘਣ ਅਤੇ ਚੋਣ ਆਯੋਗ ਵਲੋਂ ਜਾਰੀ ਨਿਰਦੇਸ਼ਾਂ ਦਾ ਉਲੰਘਣ ਹੋ ਸਕਦਾ ਹੈ।

ਇਸ ਤਰ੍ਹਾਂ ਆਪੱਤੀਜਨਕ/ਵਿਵਾਦਾਸਪਦ ਸੰਦੇਸ਼ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਨੂੰ ਪ੍ਰੋਤਸਾਹਿਤ ਕੀਤਾ ਜਾਂਦਾ ਹੈ ਕਿ ਉਹ ਤੁਰੰਤ ਇਸ ਨੂੰ ਨੋਡਲ ਅਧਿਕਾਰੀ ਨੂੰ ਸੂਚਿਤ ਕਰਨ। ਉਹ ਇਸ ਤਰ੍ਹਾਂ ਆਪੱਤੀਜਨਕ/ਵਿਵਾਦਾਸਪਦ ਸੰਦੇਸ਼ (ਓ) ਨੂੰ 8750870565 ਜਾਂ ਈ-ਮੇਲ **nodalsmmc.election25@delhipolice.gov.in** ਤੇ, ਪ੍ਰਾਸੰਗਿਕ ਵੇਰਵਾ ਜਿਵੇਂ ਫੋਨ ਨੰਬਰ, ਯੂਆਰਐਲ ਆਦਿ ਦੇ ਨਾਲ, ਜਿਸ ਵਿੱਚ ਸੰਦੇਸ਼/ਸੂਚਨਾ ਪ੍ਰਾਪਤ ਹੋਈ ਸੀ, 'ਤੇ ਫੌਰਵਰਡ ਕਰ ਸਕਦੇ ਹਨ।

**DP/9745/SB/2025**

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

## ਰਾਸ਼ਟਰੀ ਵੋਟਰ ਦਿਵਸ ਨੂੰ ਸਮਰਪਿਤ ਪੰਜਾਬ ਇਲੈਕਸ਼ਨ ਕੁਇਜ਼-2025 'ਚ ਵੱਧ ਤੋਂ ਵੱਧ ਭਾਗ ਲੈਣ ਨੌਜਵਾਨ




**ਹੁਸ਼ਿਆਰਪੁਰ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਅੰਕੁਸ਼ ਸ਼ਰਮਾ ਨੇ ਅੱਜ ਜ਼ਿਲ੍ਹੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਦੇ ਸਵੀਪ ਨੋਡਲ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਉਨ੍ਹਾਂ ਨੂੰ ਰਾਸ਼ਟਰੀ ਵੋਟਰ ਦਿਵਸ ਨੂੰ ਸਮਰਪਿਤ 'ਪੰਜਾਬ ਇਲੈਕਸ਼ਨ ਕੁਇਜ਼-2025' ਵਿਚ ਸਰਗਰਮੀ ਨਾਲ ਭਾਗ ਲੈਣ ਲਈ ਕਿਹਾ।ਉਨ੍ਹਾਂ ਕਿਹਾ ਕਿ ਮੁਕਾਬਲੇ ਵਿਚ ਭਾਗ ਲੈਂਦ ਲਈ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਵੇ। ਉਨ੍ਹਾਂ ਸਾਰੇ ਭਾਗੀਦਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਰਜਿਸਟ੍ਰੇਸ਼ਨ ਦੇ ਨਾਲ ਵੈਧ ਦਸਤਾਵੇਜ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ। ਬਿਨ੍ਹਾਂ ਵੈਧ ਦਸਤਾਵੇਜਾਂ ਦੇ ਰਜਿਸਟ੍ਰੇਸ਼ਨ ਅਸਵੀਕਾਰ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿਚ ਲੋਕਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਉਣ ਅਤੇ ਉਨ੍ਹਾਂ ਨੂੰ ਮਤਦਾਨ ਦੇ ਮਹੱਤਵ ਦੇ ਬਾਰੇ ਵਿਚ ਜਾਗਰੂਕ ਕਰਨ ਲਈ ਮੁੱਖ ਚੋਣ ਅਫ਼ਸਰ (ਸੀ.ਈ.ਓ) ਪੰਜਾਬ ਵਲੋਂ 'ਰਾਸ਼ਟਰੀ ਮਤਦਾਤਾ ਦਿਵਸ' ਨੂੰ ਸਮਰਪਿਤ 'ਪੰਜਾਬ ਇਲੈਕਸ਼ਨ ਕੁਇਜ਼-2025' ਕਰਵਾਈ ਜਾ ਰਹੀ ਹੈ।ਅੰਕੁਸ਼ ਸ਼ਰਮਾ ਨੇ ਦੱਸਿਆ ਕਿ 'ਪੰਜਾਬ ਇਲੈਕਸ਼ਨ ਕੁਇਜ਼-2025' ਦੇ ਤਹਿਤ ਆਨਲਾਈਨ ਅਤੇ ਆਫ਼ਲਾਈਨ ਦੋਵੇਂ ਤਰ੍ਹਾਂ ਨਾਲ ਮੁਕਾਬਲੇ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਲਈ ਆਨਲਾਈਨ ਰਜਿਸਟ੍ਰੇਸ਼ਨ 17 ਜਨਵਰੀ 2025 ਤੱਕ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਆਨਲਾਈਨ ਚੁਦ ਕੁਇਜ਼ ਮੁਕਾਬਲੇ 19 ਜਨਵਰੀ 2025 ਨੂੰ ਅਤੇ ਸੂਬਾ ਪੱਧਰੀ ਆਫਲਾਈਨ ਮੁਕਾਬਲੇ 24 ਜਨਵਰੀ 2025 ਨੂੰ ਆਯੋਜਿਤ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਹਿਲੇ ਪੜਾਅ ਵਿਚ ਜੇਤੂਆਂ ਨੂੰ ਪਹਿਚਾਣ ਆਨਲਾਈਨ ਮੁਕਾਬਲੇ ਦੇ ਤਹਿਤ ਜ਼ਿਲ੍ਹਾ ਪੱਧਰ 'ਤੇ ਕੀਤੀ ਜਾਵੇਗੀ ਤਐ ਅੰਤਿਮ ਆਫਲਾਈਨ ਮੁਕਾਬਲੇ 24 ਜਨਵਰੀ, 2025 ਨੂੰ ਲੁਧਿਆਣਾ ਵਿਚ 23 ਜ਼ਿਲ੍ਹਿਆਂ ਦੇ ਜੇਤੂਆਂ ਦੇ ਵਿਚ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਇਲੈਕਸ਼ਨ ਕੁਇਜ਼-2025 ਦੇ ਲਈ ਆਨਲਾਈਨ ਰਜਿਸਟ੍ਰੇਸ਼ਨ https://punjab.indiastatquiz.com/ 'ਤੇ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਮੁਕਾਬਲੇ ਵਿਚ ਭਾਗ ਲੈਣ ਲਈ ਵੋਟਰ ਪਹਿਚਾਣ ਪੱਧਰ, ਆਧਾਰ ਕਾਰਡ ਅਤੇ ਸਕੂਲ/ਕਾਲਜ ਵਲੋਂ ਜਾਰੀ ਪਹਿਚਾਣ ਪੱਤਰ ਜਮ੍ਹਾਂ ਕੀਤਾ ਜਾ ਸਕਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜੇਤੂਆਂ ਨੂੰ ਮੋਬਾਇਲ, ਲੈਪਟਾਪ ਸਹਿਤ ਕਈ ਆਕਰਸ਼ਿਤ ਇਨਾਮ ਸੀ.ਈ.ਓ ਪੰਜਾਬ ਵਲੋਂ ਦਿੱਤੇ ਜਾਣਗੇ। ਇਸ ਮੌਕੇ ਚੋਣ ਕਾਨੂੰਗੋ ਦੀਪਕ ਕੁਮਾਰ, ਹਰਪ੍ਰੀਤ ਕੌਰ, ਮੇਘਾ ਮਹਿਤਾ ਵੀ ਮੌਜੂਦ ਸਨ।

## 17 ਜਨਵਰੀ ਤੱਕ ਮੁਕਾਬਲੇ 'ਚ ਭਾਗ ਲੈਣ ਲਈ ਕੀਤੀ ਜਾ ਸਕਦੀ ਹੈ ਆਨਲਾਈਨ ਰਜਿਸਟ੍ਰੇਸ਼ਨ

**ਹੁਸ਼ਿਆਰਪੁਰ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ ਅਤੇ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਨੇ ਪ੍ਰਾਈਵੇਟ ਸਕੂਲਾਂ/ਸੰਸਥਾਵਾਂ/ਪਲੇਅ-ਵੇ ਸਕੂਲਾਂ ਨੂੰ, ਜੋ ਸ਼ੁਰੂਆਤੀ ਬਾਲ ਦੇਖ-ਭਾਗ ਅਤੇ ਸਿੱਖਿਆ ਜੋ ਕਿ ਅਰਲੀ ਚਾਈਲਡ ਕੇਅਰ ਐਂਡ ਐਜੂਕੇਸ਼ਨ-ਈ.ਸੀ.ਈ ਦੇ ਖੇਤਰ ਵਿਚ ਕੰਮ ਕਰ ਰਹੇ ਹਨ ਦਾ ਲਾਜ਼ਮੀ ਰਜਿਸਟ੍ਰੇਸ਼ਨ ਕਰਵਾਉਣ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ।

ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਹਰਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਰਾਜ ਵਿਚ 3-6 ਸਾਲ ਦੇ ਬੱਚਿਆਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਦੀ ਰਜਿਸਟ੍ਰੇਸ਼ਨ ਸ਼ੁਰੂ ਕੀਤੀ ਗਈ ਹੈ। ਇਨ੍ਹਾਂ ਸੰਸਥਾਵਾਂ ਨੂੰ ਲਾਜ਼ਮੀ ਰਜਿਸਟ੍ਰੇਸ਼ਨ ਕਰਨਾ ਹੋਵੇਗਾ। ਇਸ ਲਈ ਸੰਸਥਾਵਾਂ ਦਫ਼ਤਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਹੁਸ਼ਿਆਰਪੁਰ ਜਾਂ ਸਬੰਧਤ ਸੀ.ਡੀ.ਪੀ.ਓ (ਬਾਲ ਵਿਕਾਸ ਪ੍ਰੋਜੈਕਟ ਅਫ਼ਸਰ) ਨਾਲ ਸੰਪਰਕ ਕਰਕੇ ਅਰਜ਼ੀ ਫਾਰਮ 1 ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਰਜਿਸਟ੍ਰੇਸ਼ਨ ਪ੍ਰਕਿਰਿਆ ਦੌਰਾਨ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਹੋਣ 'ਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਹੁਸ਼ਿਆਰਪੁਰ ਜਾਂ ਸਬੰਧਤ ਬਲਾਕ ਦੇ ਸੀ.ਡੀ.ਪੀ.ਓ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਹਰਦੀਪ ਕੌਰ ਨੇ ਕਿਹਾ ਕਿ ਜ਼ਿਲ੍ਹੇ ਵਿਚ ਸਥਿਤ ਸਾਰੇ ਪ੍ਰਾਈਵੇਟ ਸਕੂਲ/ਸੰਸਥਾਵਾਂ/ਪਲੇਅ-ਵੇ ਸਕੂਲਾਂ ਦੀ ਨਿਯਮਿਤ ਜਾਂਚ ਕੀਤੀ ਜਾਵੇਗੀ। ਜੇਕਰ ਕੋਈ ਵੀ ਸਕੂਲ ਜਾਂ ਸੰਸਥਾ ਸਰਕਾਰੀ ਨੀਤੀਆਂ ਅਤੇ ਮਾਪਦੰਡਾਂ ਦੀ ਪਾਲਣਾ ਕਰਨ ਵਿਚ ਅਸਫ਼ਲ ਰਹਿੰਦਾ ਹੈ ਤਾਂ ਫਿਰ ਉਨ੍ਹਾਂ ਦੇ ਕੰਮ 'ਤੇ ਪਾਬੰਦੀ ਲਗਾ ਦਿੱਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਹ ਕਦਮ ਬੱਚਿਆਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਅਤੇ ਸਿੱਖਿਆ ਦੇ ਮੁਢਲੇ ਪੱਧਰ 'ਤੇ ਗੁਣਵੱਤਾ ਨੂੰ ਬਣਾਈ ਰੱਖਣ ਲਈ ਚੁਕਿਆ ਗਿਆ ਹੈ। ਉਨ੍ਹਾਂ ਨੇ ਸਾਰੀਆਂ ਸਬੰਧਤ ਸੰਸਥਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਮਿਥੇ ਸਮੇਂ ਵਿਚ ਆਪਣੀ ਰਜਿਸਟ੍ਰੇਸ਼ਨ ਯਕੀਨੀ ਬਣਾਉਣ।

## ਸਿਵਲ ਡਿਫੈਂਸ ਟੀਮ ਨੇ ਪੰਛੀ ਰੈਸਕਿਊ ਕੀਤਾ



**ਬਟਾਲਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੋਸਟ ਵਾਰਡਨ ਧਰਮਿੰਦਰ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਸੇ ਵਿਅਕਤੀ ਦੇ ਫੋਨ ਆਉਣ 'ਤੇ ਪਤਾ ਲੱਗਾ ਕਿ ਟੈਲੀਫੋਨ ਐਕਸਚੇਂਜ ਦੇ ਲਾਗੇ ਇਕ ਪੰਛੀ ਚਾਈਨਾ ਡੋਰ ਨਾਲ ਫਸ ਕੇ ਦਰੱਖਤ ਨਾਲ ਲਟਕ ਕੇ ਮੌਤ ਨਾਲ ਜੂਝ ਰਿਹਾ ਹੈ।

ਉਨ੍ਹਾਂ ਅੱਗੇ ਦੱਸਿਆ ਉਨ੍ਹਾਂ ਵੱਲੋਂ ਆਪਣੀ ਟੀਮ ਅਤੇ ਫਾਇਰ ਬ੍ਰਿਗੇਡ ਨੂੰ ਨਾਲ ਲੈ ਕੇ ਇਸ ਮਰਦੇ ਹੋਏ ਪੰਛੀ ਦਾ ਰੈਸਕਿਊ ਕੀਤਾ ਗਿਆ। ਪੰਛੀ ਦੇ ਪੈਰਾਂ , ਗਲੇ ਅਤੇ ਖੰਭ ਵਿਚ ਬੁਰੀ ਤਰ੍ਹਾ ਫਸੀ ਚਾਈਨਾ ਡੋਰ ਕੱਟ ਕੇ ਕੱਢੀ ਗਈ ਅਤੇ ਪੰਛੀ ਨੂੰ ਫਾਇਰ ਬ੍ਰਿਗੇਡ ਦੀ ਆਈ ਟੀਮ ਦੇ ਹਵਾਲੇ ਕਰ ਦਿੱਤਾ।

ਫਾਇਰ ਬ੍ਰਿਗੇਡ ਅਫਸਰ ਨੇ ਇਸ ਦੀ ਲੋੜੀਂਦੀ ਮਲਮ ਪੱਟੀ ਕਰਕੇ ਪੰਛੀ ਨੂੰ ਅਜ਼ਾਦ ਕਰ ਦਿੱਤਾ।

ਇਸ ਮੌਕੇ ਦਵਿੰਦਰ ਸਿੰਘ ਭੰਗੂ, ਹਰਦੀਪ ਸਿੰਘ ਬਾਜਵਾ, ਦਲਜਿੰਦਰ ਸਿੰਘ, ਅਮਨਪ੍ਰੀਤ ਸਿੰਘ, ਜੁਗਰਾਜ ਸਿੰਘ, ਰਾਘਵ ਗੁਪਤਾ,ਰਜੇਸ਼ ਕੁਮਾਰ, ਅਸ਼ਵਨੀ ਕੁਮਾਰ ਅਤੇ ਕੁਮਾਰ ਕਾਰਤਿਕ ਆਦਿ ਹਾਜ਼ਰ ਸਨ।

## ਵਿਧਾਨ ਸਭਾ ਹਲਕਾ ਬਟਾਲੇ ਦਾ ਸਰਬਪੱਖੀ ਵਿਕਾਸ ਹੀ ਮੇਰੀ ਮੁੱਖ ਤਰਜੀਹ : ਵਿਧਾਇਕ ਸ਼ੈਰੀ ਕਲਸੀ

**ਬਟਾਲਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਧਾਨ ਸਭਾ ਹਲਕਾ ਬਟਾਲੇ ਦਾ ਸਰਬੱਖੀ ਵਿਕਾਸ ਹੀ ਮੇਰੀ ਮੁੱਖ ਤਰਜੀਹ ਹੈ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਦੂਰ ਕਰਕੇ ਉਨਾਂ ਨੂੰ ਸਰਕਾਰ ਦੀਆਂ ਵੱਖ-ਵੱਖ ਭਲਾਈ ਸਕੀਮਾਂ ਦਾ ਲਾਭ ਪੁਜਦਾ ਕੀਤਾ ਜਾ ਰਿਹਾ ਹੈ। ਇਹ ਪ੍ਰਗਟਾਵਾ ਬਟਾਲਾ ਦੇ ਵਿਧਾਇਕ ਅਤੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਹਲਕਾ ਵਾਸੀਆਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕੀਤਾ। ਇਸ ਮੌਕੇ ਹਲਕੇ ਦੀਅ ਵੱਖ-ਵੱਖ ਸਖਸ਼ੀਅਤਾਂ ਤੇ ਲੋਕ ਮੌਜੂਦ ਸਨ।

ਵਿਧਾਇਕ ਸ਼ੈਰੀ ਕਲਸੀ ਨੇ ਗੱਲਬਾਤ ਦੌਰਾਨ ਕਿਹਾ ਕਿ ਉਹ ਲੋਕਾਂ ਦੀ ਸੇਵਾ ਵਿੱਚ 24 ਘੰਟੇ ਹਾਜ਼ਰ ਹਨ ਅਤੇ ਉਹ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਅਤੇ ਹਲਕੇ ਅੰਦਰ ਸਰਬਪੱਖੀ ਵਿਕਾਸ ਕਰਨ ਲਈ, ਉਹ ਵਚਨਬੱਧ ਹਨ।

ਬਟਾਲਾ ਵਿਖੇ ਕਰਵਾਏ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਮਹਿਜ 2 ਸਾਲ ਅਤੇ 8 ਮਹੀਨਿਆਂ ਦੇ ਕਾਰਜਕਾਲ ਦੌਰਾਨ ਹਲਕਾ ਬਟਾਲਾ ਵਿੱਚ ਰਿਕਾਰਡ ਵਿਕਾਸ ਕਾਰਜ ਕਰਵਾਏ ਗਏ ਹਨ। ਉਨਾਂ ਦੱਸਿਆ ਕਿ ਬਟਾਲਾ ਸ਼ਹਿਰ ਦੀਆਂ ਵੱਖ-ਵੱਖ ਸੜਕਾਂ ਕਾਦੀਆਂ ਰੋਡ, ਕਾਹਨੂੰਵਾਨ ਚੌਂਕ, ਜਲੰਧਰ ਰੋਡ ਤੇ ਸ਼ਹਿਰ ਵਿਚਲਾ ਬਟਾਲਾ-ਅੰਮ੍ਰਿਤਸਰ ਰੋਡ ਚੌੜੀਆਂ ਕਰਨ ਦੇ ਨਾਲ ਸ਼ਹਿਰ ਦੇ ਚੌਂਕਾਂ ਨੂੰ ਚੋੜਿਆਂ ਕੀਤਿਆਂ ਗਿਆ ਹੈ। ਉਸਮਾਨਪੁਰ ਸਿਟੀ ਨੇੜੇ ਸ਼ਹੀਦ ਭਗਤ ਸਿੰਘ ਚੌਂਕ, ਪੁਰਾਣਾ ਅੰਮ੍ਰਿਤਸਰ-ਬਟਾਲਾ ਬਾਈਪਾਸ ਵਿਖੇ ਮਹਾਰਾਜਾ ਅਗਰਸੈਨ ਚੌਂਕ ਬਣਾਉਣ ਤੋਂ ਇਲਾਵਾ ਸੁੱਖਾ ਸਿੰਘ-ਮਹਿਤਾਬ ਸਿੰਘ ਚੌਂਕ ਨੂੰ ਨਵੀਂ ਦਿੱਖ ਦਿੱਤੀ ਜਾ ਰਹੀ ਹੈ ਅਤੇ ਓਥੇ ਵੱਡ ਅਕਾਰੀ ਕਲਾਕ ਟਾਵਰ ਲਗਾਇਆ ਜਾਵੇਗਾ।

ਉਨਾਂ ਅੱਗੇ ਦੱਸਿਆ ਕਿ ਲੋਕਾਂ ਨੂੰ ਇੱਕ ਛੱਤ ਹੇਠ ਵੱਖ-ਵੱਖ ਸਰਕਾਰੀ ਸਹੂਲਤਾਂ ਦੇਣ ਦੇ ਮੰਤਵ ਨਾਲ ਨਵਾਂ ਤਹਿਸੀਲ ਕੰਪੈਲਕਸ ਉਸਾਰਿਆ ਜਾ ਰਿਹਾ ਹੈ, ਜੋ ਇਸੇ ਮਹੀਨੇ ਲੋਕਾਂ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ। ਸ਼ਹਿਰ ਵਿੱਚ ਨਵੇਂ ਐਂਟਰੀ ਗੇਟ ਬਣਾਏ ਜਾ ਰਹੇ ਹਨ। ਵਿਦਿਆਰਥੀਆਂ ਨੂੰ ਹੋਰ ਬਿਹਤਰ ਸਿੱਖਿਆਂ ਮੁਹੱਈਆ ਕਰਵਾਉਣ ਦੇ ਨਾਲ ਸਕੂਲ ਆਫ ਐਮੀਨੈਂਸ ਉਸਾਰਿਆ ਜਾ ਰਿਹਾ ਹੈ। ਲੋਕਾਂ ਨੂੰ ਹੋਰ ਚੰਗੀਆਂ ਸਿਹਤ ਸਹੂਲਤਾਂ ਦੇਣ ਲਈ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ, ਜੋ ਸਫਲਤਾਪੂਰਵਕ ਚੱਲ ਰਹੇ ਹਨ।

ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਦੱਸਿਆ ਕਿ ਲੋੜਵੰਦ ਲੋਕਾਂ ਦੀਆਂ 4470 ਨਵੀਂ ਪੈਨਸ਼ਨਾਂ ਲਗਾਉਣ ਦੇ ਨਾਲ 750 ਨਵੇਂ ਰਾਸ਼ਨ ਕਾਰਡ ਬਣਾਏ ਗਏ ਹਨ। ਉਨਾਂ ਅੱਗੇ ਦੱਸਿਆ ਕਿ ਬਟਾਲਾ ਸ਼ਹਿਰ ਦੇ ਵਿਕਾਸ ਲਈ ਕਰੀਬ 58.91 ਰੁਪਏ ਖਰਚ ਕੀਤੇ ਜਾ ਚੁੱਕੇ ਹਨ।

ਇਸ ਤੋਂ ਇਲਾਵਾ 21 ਕਰੋੜ ਰੁਪਏ ਦੀ ਲਾਗਤ ਨਾਲ ਸੀਵਰੇਜ਼ ਅਤੇ 4.39 ਕਰੋੜ ਰੁਪਏ ਸਫਾਈ ਵਾਹਨਾਂ ਲਈ ਖਰਚ ਕੀਤੇ ਜਾ ਚੁੱਕੇ ਹਨ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਦੱਸਿਆ ਕਿ ਦਾਣਾ ਮੰਡੀ ਬਟਾਲਾ ਵਿਖੇ ਦੁਕਾਨਦਾਰਾਂ ਤੇ ਆੜ੍ਹਤੀਆਂ ਦੀਆਂ ਸਹੂਲਤ ਲਈ 1.5 ਕਰੋੜ ਦੀ ਲਾਗਤ ਨਾਲ ਮੰਡੀ ਸ਼ੈੱਡ ਉਸਾਰਿਆ ਗਿਆ ਅਤੇ ਕਰੀਬ 6.86 ਕਰੋੜ ਰੁਪਏ ਕੱਚੇ ਕੋਠਿਆਂ ਲਈ ਵੰਡੇ ਗਏ ਹਨ।

ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਹਲਕੇ ਵਿੱਚ ਬਿਨਾਂ ਪੱਖਪਾਤ ਤੋਂ ਹਰ ਵਰਗ ਦੀ ਭਲਾਈ ਲਈ ਕੰਮ ਕੀਤੇ ਜਾ ਰਹੇ ਹਨ। ਉਨ੍ਹਾਂ ਦੁਹਰਾਇਆ ਕਿ ਉਹ ਬਟਾਲਾ ਹਲਕੇ ਦੇ ਸ਼ਹਿਰੀ ਤੇ ਦਿਹਾਤੀ ਖੇਤਰ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹਨ ਅਤੇ ਵਿਕਾਸ ਕਾਰਜਾਂ ਲਈ ਕੋਈ ਕਸਰ ਬਾਕੀਂ ਨਹੀਂ ਛੱਡੀ ਜਾਵੇਗੀ।

## ਸਬ-ਡਵੀਜ਼ਨ ਪੱਧਰ 'ਤੇ ਕੈਂਪ ਲਗਾ ਕੇ ਬਣਾਏ ਜਾ ਰਹੇ ਹਨ ਡਿਸਬਿਲਟੀ ਸਰਟੀਫਿਕੇਟ ਤੇ ਯੂ.ਡੀ.ਆਈ.ਡੀ

**ਹੁਸ਼ਿਆਰਪੁਰ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਦੇ ਸਹਿਯੋਗ ਨਾਲ ਦਿਵਿਆਂਗ ਵਿਅਕਤੀਆਂ ਦੇ ਡਿਸਬਿਲਟੀ ਸਰਟੀਫਿਕੇਟ ਅਤੇ ਯੂ.ਡੀ.ਆਈ.ਡੀ ਬਣਾਉਣ ਲਈ ਬਲਾਕ ਪੱਧਰ 'ਤੇ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਕੈਂਪ ਵਿਚ ਯੂ.ਡੀ.ਆਈ.ਡੀ ਬਣਾਉਣ ਲਈ ਦੋ ਪਾਸਪੋਰਟ ਸਾਈਜ਼ ਫੋਟੋਆਂ, ਆਧਾਰ ਕਾਰਡ ਅਤੇ ਡਿਸਬਿਲਟੀ ਸਰਟੀਫਿਕੇਟ ਲੈ ਕੇ ਆਉਣਾ ਜ਼ਰੂਰੀ ਹੈ।ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨੇ ਦੱਸਿਆ ਕਿ ਸਿਵਲ ਹਸਪਤਾਲ ਮੁਕੇਰੀਆਂ ਵਿਚ ਕੈਂਪ 11,17,24 ਅਤੇ 25 ਜਨਵਰੀ ਨੂੰ, ਸਿਵਲ ਹਸਪਤਾਲ ਦਸੂਹਾ ਵਿਚ 14,21 ਅਤੇ 28 ਜਨਵਰੀ ਨੂੰ ਅਤੇ ਸਿਵਲ ਹਸਪਤਾਲ ਗੜ੍ਹਸ਼ੰਕਰ ਵਿਚ 13,20 ਅਤੇ 27 ਜਨਵਰੀ ਨੂੰ ਕੈਂਪ ਲਗਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸਿਵਲ ਹਸਪਤਾਲ ਹੁਸ਼ਿਆਰਪੁਰ ਵਿਚ ਹਰ ਬੁੱਧਵਾਰ ਅਤੇ ਵੀਰਵਾਰ ਨੂੰ ਰੁਟੀਨ ਵਿਚ ਸਰਟੀਫਿਕੇਟ ਬਣਾਏ ਜਾਣਗੇ।

## ਚੇਅਰਮੈਨ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਪੰਜਾਬ ਸਰਕਾਰ ਨੇ ਸਬਜ਼ੀ ਮੰਡੀ ਗੁਰਦਾਸਪੁਰ ਦੀ ਸੜਕ ਬਣਾਉਣ ਲਈ ਪ੍ਰਬੰਧਕੀ ਪ੍ਰਵਾਨਗੀ ਜਾਰੀ ਕੀਤੀ

**ਗੁਰਦਾਸਪੁਰ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਪੰਜਾਬ ਸਰਕਾਰ ਵੱਲੋਂ ਸਬਜ਼ੀ ਮੰਡੀ ਗੁਰਦਾਸਪੁਰ ਦੇ ਦੁਕਾਨਦਾਰਾਂ ਅਤੇ ਸ਼ਹਿਰ ਵਾਸੀਆਂ ਨੂੰ ਨਵੇਂ ਸਾਲ ਦਾ ਤੋਹਫ਼ਾ ਦਿੰਦਿਆਂ ਸਬਜ਼ੀ ਮੰਡੀ ਦੀ ਮੁੱਖ ਸੜਕ ਨੂੰ ਸੀਮੈਂਟ-ਕੰਕਰੀਟ ਨਾਲ ਨਵੀਂ ਸੜਕ ਬਣਾਉਣ ਦੀ ਪ੍ਰਬੰਧਕੀ ਪ੍ਰਵਾਨਗੀ ਜਾਰੀ ਕੀਤੀ ਗਈ ਹੈ। ਸਬਜ਼ੀ ਮੰਡੀ ਦੀ ਇਹ ਸੜਕ ਬਣਾਉਣ ਉੱਪਰ ਪੰਜਾਬ ਮੰਡੀ ਬੋਰਡ ਵੱਲੋਂ ਇੱਕ ਕਰੋੜ ਰੁਪਏ ਖ਼ਰਚ ਕੀਤੇ ਜਾਣਗੇ।

ਪੰਜਾਬ ਸਰਕਾਰ ਵੱਲੋਂ ਪ੍ਰਬੰਧਕੀ ਪ੍ਰਵਾਨਗੀ ਜਾਰੀ ਕਰਨ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਸਬਜ਼ੀ ਮੰਡੀ ਗੁਰਦਾਸਪੁਰ ਦੇ ਦੁਕਾਨਦਾਰਾਂ ਅਤੇ ਸ਼ਹਿਰ ਵਾਸੀਆਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋਈ ਹੈ। ਉਨ੍ਹਾਂ ਕਿਹਾ ਕਿ ਸਬਜ਼ੀ ਮੰਡੀ ਗੁਰਦਾਸਪੁਰ ਦੇ ਦੁਕਾਨਦਾਰਾਂ ਅਤੇ ਸ਼ਹਿਰ ਵਾਸੀ ਬੜੇ ਲੰਮੇ ਸਮੇਂ ਤੋਂ ਇਹ ਮੰਗ ਕਰ ਰਹੇ ਸਨ ਕਿ ਸਬਜ਼ੀ ਮੰਡੀ ਦੀ ਸੜਕ ਨੂੰ ਬਣਾਇਆ ਜਾਵੇ। ਸ੍ਰੀ ਬਹਿਲ ਨੇ ਕਿਹਾ ਕਿ ਉਨ੍ਹਾਂ ਨੇ ਲੋਕਾਂ ਦੀ ਇਸ ਮੰਗ ਨੂੰ ਪੂਰਾ ਕਰਵਾਉਣ ਲਈ ਇਹ ਮਸਲਾ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਕੇ ਇਸ ਮਸਲੇ ਦੀ ਪੈਰਵੀ ਕੀਤੀ ਸੀ। ਉਨ੍ਹਾਂ ਕਿਹਾ ਕਿ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਨਵੇਂ ਸਾਲ ਮੌਕੇ ਸਬਜ਼ੀ ਮੰਡੀ ਦੇ ਦੁਕਾਨਦਾਰਾਂ ਅਤੇ ਸ਼ਹਿਰ ਵਾਸੀਆਂ ਨੂੰ ਤੋਹਫ਼ਾ ਦਿੰਦਿਆਂ ਇਸ ਸੜਕ ਨੂੰ ਸੀਮੈਂਟ-ਕੰਕਰੀਟ ਦੀ ਨਵੀਂ ਸੜਕ ਬਣਾਉਣ ਦੀ ਪ੍ਰਬੰਧਕੀ ਪ੍ਰਵਾਨਗੀ ਜਾਰੀ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਮੰਡੀ ਬੋਰਡ ਵੱਲੋਂ ਇਸ ਸੜਕ ਨੂੰ ਸੀਮੈਂਟ-ਕੰਕਰੀਟ ਦੀ ਬਣਾਇਆ ਜਾਵੇਗਾ ਜਿਸ ਉੱਪਰ ਇੱਕ ਕਰੋੜ ਰੁਪਏ ਦੀ ਲਾਗਤ ਆਵੇਗੀ। ਉਨ੍ਹਾਂ ਕਿਹਾ ਕਿ ਸਬਜ਼ੀ ਮੰਡੀ ਦੀ ਅਪਰੋਚ ਰੋਡ ਨਵੀਂ ਬਣਨ ਨਾਲ ਗ੍ਰਾਹਕ ਅਸਾਨੀ ਨਾਲ ਸਬਜ਼ੀ ਮੰਡੀ ਵਿੱਚ ਜਾ ਸਕਣਗੇ ਜਿਸ ਨਾਲ ਸਬਜ਼ੀ ਮੰਡੀ ਦੇ ਦੁਕਾਨਦਾਰਾਂ ਦੀ ਗ੍ਰਾਹਕੀ ਵਿੱਚ ਵੀ ਵਾਧਾ ਹੋਵੇਗਾ।

ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਸਬਜ਼ੀ ਮੰਡੀ ਗੁਰਦਾਸਪੁਰ ਦੀ ਅਪਰੋਚ ਰੋਡ ਪਿਛਲੇ ਲੰਮੇ ਸਮੇਂ ਤੋਂ ਟੁੱਟੀ ਹੋਈ ਸੀ ਅਤੇ ਪਿਛਲੀਆਂ ਸਰਕਾਰਾਂ ਵੱਲੋਂ ਲੋਕਾਂ ਦੀ ਇਸ ਜਾਇਜ਼ ਮੰਗ ਵੱਲ ਕੋਈ ਧਿਆਨ ਨਹੀਂ ਸੀ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਰਿਵਾਇਤੀ ਪਾਰਟੀਆਂ ਦੇ ਸਥਾਨਿਕ ਨੁਮਾਇੰਦੇ ਸਿਰਫ਼ ਆਪਣੇ ਆਪ ਅਤੇ ਆਪਣੇ ਨਿੱਜੀ ਮੁਫ਼ਾਦਾਂ ਤੱਕ ਹੀ ਸੀਮਤ ਹਨ ਅਤੇ ਉਨ੍ਹਾਂ ਲਈ ਲੋਕਾਂ ਦੇ ਮੁੱਦੇ ਕੋਈ ਮਾਅਨੇ ਨਹੀਂ ਰੱਖਦੇ। ਸ੍ਰੀ ਬਹਿਲ ਨੇ ਕਿਹਾ ਕਿ ਲੋਕਾਈ ਦੀ ਸੇਵਾ ਅਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਦੀ ਗੁੜ੍ਹਤੀ ਉਨ੍ਹਾਂ ਨੂੰ ਆਪਣੇ ਸਵਰਗੀ ਪਿਤਾ ਸ੍ਰੀ ਖ਼ੁਸ਼ਹਾਲ ਬਹਿਲ ਪਾਸੋਂ ਮਿਲੀ ਸੀ ਅਤੇ ਉਹ ਆਪਣੀ ਇਸ ਪਰਿਵਾਰਕ ਰਿਵਾਇਤ ਨੂੰ ਅੱਗੇ ਵਧਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਵਸਨੀਕਾਂ ਦੀ ਸੇਵਾਦਾਰ ਬਣ ਕੇ ਸੇਵਾ ਕਰ ਰਹੇ ਹਨ ਅਤੇ ਵਿਕਾਸ ਪੱਖੋਂ ਹਲਕਾ ਗੁਰਦਾਸਪੁਰ ਨੂੰ ਪਿੱਛੇ ਨਹੀਂ ਰਹਿਣ ਦਿੱਤਾ ਜਾਵੇਗਾ।

## ਬਟਾਲਾ ਵਿਖੇ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਗਣਤੰਤਰ ਦਿਵਸ-ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਮੀਟਿੰਗ

**ਬਟਾਲਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸਥਾਨਕ ਸਰਕਾਰੀ ਪੌਲੀਟੈਕਨਿਕ ਕਾਲਜ ਬਟਾਲਾ ਦੇ ਰਾਜੀਵ ਗਾਂਧੀ ਖੇਡ ਸਟੇਡੀਅਮ ਵਿਖੇ ਹਰ ਸਾਲ ਦੀ ਤਰਾਂ ਇਸ ਵਾਰ ਵੀ 26 ਜਨਵਰੀ ਨੂੰ ਗਣਤੰਤਰ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਗਣਤੰਤਰ ਦਿਵਸ ਮਨਾਉਣ ਸਬੰਧੀ ਜਗਤਾਰ ਸਿੰਘ ਤਹਿਸੀਲਦਾਰ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਥਾਨਕ ਬਟਾਲਾ ਕਲੱਬ ਵਿਖੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨਾਂ ਨੇ ਕਿਹਾ ਕਿ ਗਣਤੰਤਰ ਦਿਵਸ ਸਾਡਾ ਕੌਮੀ ਤਿਉਹਾਰ ਹੈ ਅਤੇ ਇਸ ਨੂੰ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ।ਉਨਾਂ ਨੇ ਅੱਗੇ ਕਿਹਾ ਕਿ ਗਣਤੰਤਰ ਦਿਵਸ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਪੁਲਿਸ ਜਵਾਨਾਂ, ਪੰਜਾਬ ਹੋਮਗਾਰਡ ਅਤੇ ਐੱਨ.ਐੱਨ.ਸੀ. ਕੈਡਿਟਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਇਸੇ ਦੌਰਾਨ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਬੈਂਡ ਦੇ ਮਾਰਚ ਪਾਸਟ 'ਚ ਹਿੱਸਾ ਲਿਆ ਜਾਵੇਗਾ। ਉਨਾਂ ਕਿਹਾ ਕਿ ਗਣਤੰਤਰ ਦਿਵਸ ਸਮਾਗਮ ਦੌਰਾਨ ਸਕੂਲੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਅਤੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ।ਉਨਾਂ ਅੱਹੇ ਦੱਸਿਆ ਕਿ ਮਾਰਚ ਪਾਸਟ (ਬੈਂਡ) ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਦੀ ਰਿਹਰਸਲ 20 ਅਤੇ 22 ਜਨਵਰੀ ਨੂੰ ਪੁਲਿਸ ਲਾਈਨ ਬਟਾਲਾ ਵਿਖੇ ਸਵੇਰੇ 10.00 ਵਜੇ ਹੋਵੇਗੀ। ਇਸੇ ਤਰਾਂ ਸੱਭਿਆਚਾਰਕ ਪ੍ਰੋਗਰਾਮ ਦੀ ਰਿਹਰਸਲ 16 ਅਤੇ 22 ਜਨਵਰੀ ਨੂੰ ਸ਼ਿਵ ਕੁਮਾਰ ਬਟਾਲਵੀ ਸੱਭਿਆਚਾਰਕ ਕੇਂਦਰ, ਬਟਾਲਾ ਵਿਖੇ ਸਵੇਰੇ 10.00 ਵਜੇ ਹੋਵੇਗੀ।ਉਨਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਗਣਤੰਤਰ ਦਿਵਸ ਸਮਾਗਮ ਦੌਰਾਨ ਲੋਕਾਂ ਦੇ ਬੈਠਣ, ਪੀਣ ਲਈ ਸਾਫ ਪਾਣੀ ਅਤੇ ਦੇ ਵਾਹਨਾਂ ਲਈ ਪਾਰਕਿੰਗ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣ। ਇਸ ਮੌਕੇ ਉਨਾਂ ਨਗਰ ਕੌਂਸਲ ਬਟਾਲਾ ਨੂੰ ਹਦਾਇਤ ਕੀਤੀ ਕਿ ਸਮਾਗਮ ਵਾਲੇ ਸਥਾਨ ਅਤੇ ਸ਼ਹਿਰ ਵਿੱਚ ਸਫ਼ਾਈ ਦੇ ਪ੍ਰਬੰਧਾਂ ਦਾ ਖਾਸ ਖਿਆਲ ਰੱਖਿਆ ਜਾਵੇ।

ਮੀਟਿੰਗ ਵਿੱਚ ਡੀ.ਪੀ.ਆਰ.ਓ ਹਰਜਿੰਦਰ ਸਿੰਘ ਕਲਸੀ, ਡਾ. ਸਤਿੰਦਰ ਕੋਰ, ਲੈਕਚਰਾਰ ਹਰਪ੍ਰੀਤ ਸਿੰਘ, ਸ਼ਸ਼ੀ ਭੂਸ਼ਨ ਵਰਮਾ ਐਮ ਡੀ, ਐਫ.ਸੀ ਵਰਮਾ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਭੰਡਾਰੀ ਗੇਟ ਬਟਾਲਾ, ਸੁਖਦੇਵ ਸਿੰਘ ਤੇ ਲਖਬੀਰ ਸਿੰਘ ਕਲਰਕ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਸਕੂਲਾਂ ਦੇ ਨੁਮਾਇੰਦੇ ਹਾਜ਼ਰ ਸਨ।

## ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਵਿਖੇ ਪਲੇਸਮੈਂਟ ਕੈਂਪ ਲਗਾਇਆ

**ਰੂਪਨਗਰ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਵੱਲੋਂ ਡਿਪਟੀ ਕਮਿਸ਼ਨਰ ਸ਼੍ਰੀ ਹਿਮਾਂਸ਼ੂ ਜੈਨ ਦੀ ਅਗਵਾਈ ਹੇਠ ਐਮ.ਸੀ.ਸੀ-ਕਮ-ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਰੂਪਨਗਰ ਵਿਖੇ ਅੱਜ 14 ਜਨਵਰੀ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਰੂਪਨਗਰ ਸ. ਪ੍ਰਭਜੋਤ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਏਕੇ ਆਟੋਮੋਟਿਵ ਪ੍ਰਾਇਵੇਟ ਲਿਮਿਟੇਡ ਅਤੇ ਫੁਰਕਾਵਾ ਮਿੰਡਾ ਪ੍ਰਾਈਵੇਟ ਲਿਮਿਟੇਡ ਕੰਪਨੀਆਂ ਵੱਲੋਂ ਟਰੇਨੀ ਆਪਰੇਟਰ ਦੀਆਂ ਅਸਾਮੀਆਂ ਲਈ ਦਸਵੀਂ, ਬਾਰਵੀਂ, ਆਈ.ਟੀ.ਆਈ., ਡਿਪਲੋਮਾ, ਗ੍ਰੈਜੂਏਟ, ਬੀ.ਟੈਕ. ਪਾਸ ਪੁਰਸ਼ ਅਤੇ ਇਸਤਰੀ ਦੋਵੇਂ ਉਮੀਦਵਾਰਾਂ ਦੀ ਇੰਟਰਵਿਊ ਲਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ 12000 ਤੋਂ 22,000 ਰੁਪਏ ਤੱਕ ਤਨਖਾਹ ਮਿਲੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਅਸਾਮੀਆਂ ਲਈ ਚੁਣੇ ਜਾਣ ਵਾਲੇ ਉਮੀਦਵਾਰਾਂ ਦੇ ਨੌਕਰੀ ਕਰਨ ਦਾ ਸਥਾਨ ਰੋਹਤਕ, ਰੇਵਾੜੀ (ਹਰਿਆਣਾ) ਹੈ। ਇਸ ਕੈਂਪ ਵਿੱਚ 18 ਤੋਂ 50 ਸਾਲ ਤੱਕ ਦੇ ਉਮੀਦਵਾਰ ਭਾਗ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇੰਟਰਵਿਊ ਦਾ ਸਥਾਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਡੀਸੀ ਕੰਪਲੈਕਸ, ਰੂਪਨਗਰ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਹੈਲਪਲਾਈਨ ਨੰਬਰ 8557010066 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸੜਕ ਸੁਰੱਖਿਆ ਮਹੀਨਾ ਮੁਹਿੰਮ ਤਹਿਤ ਸੈਮੀਨਾਰ ਲਗਾ ਕੇ ਵਾਹਨ ਚਾਲਕਾਂ ਨੂੰ ਸੜਕੀ ਨਿਯਮਾਂ ਬਾਰੇ ਕੀਤਾ ਗਿਆ ਜਾਗਰੂਕ



**ਫਾਜ਼ਿਲਕਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ-ਨਿਰਦੇਸਾਂ ਅਨੁਸਾਰ ਰੀਜਨਲ ਟਰਾਂਪੋਰਟ ਅਫਸਰ ਗੁਰਪਾਲ ਸਿੰਘ ਬਰਾੜ ਦੀ ਅਗਵਾਈ ਹੇਠ ਸੜਕ ਸੁਰੱਖਿਆ ਮਹੀਨਾ ਮੁਹਿੰਮ ਤਹਿਤ ਟਰਾਂਸਪੋਰਟ ਵਿਭਾਗ ਅਤੇ ਟਰੈਫਿਕ ਪੁਲਿਸ ਦੇ ਸਟਾਫ ਵੱਲੋਂ ਆਟੋ ਰਿਕਸ਼ਾ ਵਾਹਨ ਚਾਲਕਾਂ ਅਤੇ ਆਮ ਲੋਕਾਂ ਨੂੰ ਸੜਕੀ ਨਿਯਮਾਂ ਬਾਰੇ ਸੈਮੀਨਾਰ ਲਗਾ ਕੇ ਜਾਗਰੂਕ ਕੀਤਾ ਗਿਆ ਸੈਮੀਨਾਰ ਦੌਰਾਨ ਜਾਗਰੂਕ ਕਰਦਿਆਂ ਉਹਨਾਂ ਕਿਹਾ ਕਿ ਸੜਕ ਤੇ ਚਲਦੇ ਸਮੇਂ ਕਦੇ ਵੀ ਜਲਦੀ ਨਾ ਕੀਤੀ ਜਾਵੇ । ਉਹਨਾਂ ਕਿਹਾ ਕਿ ਨਿਰਧਾਰਿਤ ਗਤੀ ਦੇ ਅੰਦਰ ਹੀ ਵਹੀਕਲ ਨੂੰ ਚਲਾਇਆ ਜਾਵੇ ।ਇਸ ਤੋਂ ਇਲਾਵਾ ਵਹੀਕਲ ਨੂੰ ਓਵਰਲੋਡ ਵੀ ਨਾ ਕੀਤਾ ਜਾਵੇ, ਓਵਰਲੋਡ ਕਾਰਨ ਕਈ ਵਾਰ ਅੱਗੇ ਪਿੱਛੇ ਸਹੀ ਦਿਖਾਈ ਨਾ ਦੇਣ ਕਾਰਨ ਦੁਰਘਟਨਾਵਾਂ ਹੋ ਜਾਂਦੀਆਂ ਹਨ ।ਉਹਨਾਂ ਕਿਹਾ ਕਿ ਲਾਲ ਬੱਤੀ ਹੋਣ ਤੇ ਵਹੀਕਲ ਕ੍ਰੋਸ ਨਾ ਕੀਤਾ ਜਾਵੇ ਜਦੋਂ ਹਰੀ ਬੱਤੀ ਹੋਵੇ ਉਦੋਂ ਹੀ ਵਹੀਕਲ ਕ੍ਰੋਸ ਕੀਤਾ ਜਾਵੇ ।

ਉਨਾਂ ਪ੍ਰੇਰਿਤ ਕਰਦਿਆਂ ਕਿਹਾ ਕਿ ਆਟੋ ਰਿਕਸ਼ਾ ਤੇ ਵੀ ਨਿਰਧਾਰਿਤ ਗਿਣਤੀ ਅਨੁਸਾਰ ਹੀ ਸਵਾਰੀਆਂ ਬਿਠਾਈਆਂ ਜਾਣ ।ਉਹਨਾਂ ਕਿਹਾ ਕਿ ਨਿਰਧਾਰਿਤ ਗਿਣਤੀ ਤੋਂ ਵੱਧ ਸਵਾਰੀਆਂ ਬਿਠਾਉਣ ਕਾਰਨ ਕਈ ਵਾਰ ਆਟੋ ਪਲਟ ਵੀ ਜਾਂਦਾ ਹੈ ਜਿਸ ਨਾਲ ਕਈ ਕੀਮਤੀ ਜਾਨਾਂ ਵੀ ਚਲੀਆਂ ਜਾਂਦੀਆਂ ਹਨ ।ਉਨ੍ਹਾ ਕਿਹਾ ਕਿ ਸੱਜੇ ਤੇ ਖੱਬੇ ਮੁੜਦੇ ਸਮੇਂ ਇੰਡੀਕੇਟਰ ਦੀ ਵਰਤੋਂ ਵੀ ਲਾਜ਼ਮੀ ਕੀਤੀ ਜਾਵੇ ।

ਉਨਾਂ ਕਿਹਾ ਕਿ ਸਰਕਾਰ ਵੱਲੋ ਸੜਕ ਸੁਰੱਖਿਆ ਮਹੀਨਾ ਮੁਹਿੰਮ ਨੂੰ ਮਨਾਉਣ ਦਾ ਮੁੱਖ ਮਕਸਦ ਸੜਕੀ ਹਾਦਸਿਆ ਨੂੰ ਘਟਾਉਣਾ ਹੈ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਸੜਕੀ ਨਿਯਮਾਂ ਬਾਰੇ ਜਾਣੂ ਕਰਵਾਉਣਾ, ਤਾ ਜੋ ਕੀਮਤੀ ਜਾਨ ਨੂੰ ਬਚਾਇਆ ਜਾ ਸਕੇ। ਉਹਨਾਂ ਕਿਹਾ ਕਿ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਆਪਾਂ ਸੜਕ ਤੇ ਚਲਦੇ ਸਮੇਂ ਨਿਯਮਾਂ ਦਾ ਪਾਲਣ ਜ਼ਰੂਰ ਕਰਾਂਗੇ ।

ਇਸ ਮੌਕੇ ਟਰੈਫਿਕ ਇੰਚਾਰਜ ਫਾਜ਼ਿਲਕਾ ਪਰਮਜੀਤ ਸਿੰਘ, ਸੰਜੇ ਸਰਮਾ ਆਰਟੀਓ ਦਫਤਰ ਅਤੇ ਪੁਲਿਸ ਵਿਭਾਗ ਤੋਂ ਸੁਰਿੰਦਰ ਸਿੰਘ ਵੱਲੋਂ ਲੋਕਾਂ ਨੂੰ ਇਸ ਮੁਹਿੰਮ ਸਬੰਧੀ ਪ੍ਰੇਰਿਤ ਕੀਤਾ ਗਿਆ।

## ਟਰੈਫਿਕ ਪੁਲਿਸ ਵੱਲੋਂ ਸੜਕ ਸੁਰੱਖਿਆ ਮਹੀਨੇ ਤਹਿਤ ਵਿਸ਼ੇਸ਼ ਮੁਹਿੰਮ

**ਫ਼ਤਹਿਗੜ੍ਹ ਸਾਹਿਬ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸੀਨੀਅਰ ਕਪਤਾਨ ਪੁਲਿਸ, ਡਾ. ਰਵਜੋਤ ਗਰੇਵਾਲ , ਆਈ.ਪੀ.ਐਸ, ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਟਰੈਫਿਕ ਪੁਲਿਸ ਵੱਲੋਂ ਲੋਕਾਂ ਨੂੰ ਸੜਕ ਸੁਰੱਖਿਆ ਅਤੇ ਟਰੈਫਿਕ ਨਿਯਮਾਂ ਬਾਰੇ ਵੱਧ ਤੋਂ ਵੱਧ ਜਾਗਰੂਕ ਕਰਨ ਤੇ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਉਣ ਲਈ ਸੜਕ ਸੁਰੱਖਿਆ ਮਹੀਨੇ ਤਹਿਤ ਜ਼ਿਲ੍ਹੇ ਭਰ ਵਿੱਚ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦਾ ਮੁੱਖ ਉਦੇਸ਼ ਲੋਕਾਂ ਨੂੰ ਟਰੈਫਿਕ ਨਿਯਮਾਂ ਬਾਰੇ ਜਾਗਰੂਕ ਕਰਨਾ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਖ਼ਿਲਾਫ਼ ਕਾਰਵਾਈ ਕਰਨਾ ਹੈ।

ਇਹ ਜਾਣਕਾਰੀ ਸਾਂਝੀ ਕਰਦਿਆਂ ਡੀ.ਐਸ.ਪੀ. ਟਰੈਫਿਕ ਸ. ਖੁਸ਼ਪ੍ਰੀਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ ਸੂਬੇ ਭਰ ਵਿੱਚ ਸੜਕੀ ਆਵਾਜਾਈ ਨੂੰ ਸੁਰੱਖਿਅਤ ਅਤੇ ਸੁਚਾਰੂ ਢੰਗ ਨਾਲ ਚਲਾਉਣ ਲਈ 31 ਜਨਵਰੀ 2025 ਤਕ ਸੜਕ ਸੁਰੱਖਿਆ ਮਹੀਨਾ ਮਨਾਇਆ ਜਾ ਰਿਹਾ ਹੈ ਤਾਂ ਜੋ ਸੜਕੀ ਹਾਦਸਿਆਂ ਨੂੰ ਠੱਲ੍ਹ ਪਾਈ ਜਾ ਸਕੇ।

ਡੀ.ਐਸ.ਪੀ. ਨੇ ਦੱਸਿਆ ਕਿ ਦੌਰਾਨੇ ਚੈਕਿੰਗ ਓਵਰਸਪੀਡਿੰਗ, ਲਾਲ ਬੱਤੀ ਦੀ ਉਲੰਘਣਾ, ਸੀਟ ਬੈਲਟ ਨਾ ਲਾਉਣ, ਮੋਬਾਈਲ ਫੋਨ ਦੀ ਵਰਤੋਂ ਕਰਨ, ਸ਼ਰਾਬ ਪੀ ਕੇ ਗੱਡੀ ਚਲਾਉਣ, ਬਿਨਾਂ ਹੈਲਮਟ ਅਤੇ ਬੁਲਟ ਮੋਟਸਾਈਕਲਾਂ ਦੇ ਮੋਡੀਫਾਈਡ ਸਾਇਲੈਂਸਰਾਂ ਸਬੰਧੀ ਚਲਾਨ ਕੀਤੇ ਗਏ।

ਇਸ ਮੁਹਿੰਮ ਤਹਿਤ ਹੁਣ ਤਕ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਕੁੱਲ 297 ਚਲਾਨ ਕੀਤੇ ਗਏ ਅਤੇ 06 ਵਾਹਨ ਜ਼ਬਤ ਕੀਤੇ ਗਏ। ਮੁਹਿੰਮ ਦੌਰਾਨ ਵਾਹਨ ਚਾਲਕਾਂ ਨੂੰ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ ਗਿਆ ਅਤੇ ਧੁੰਦ ਦੇ ਮੱਦੇਨਜ਼ਰ ਵਾਹਨਾਂ 'ਤੇ ਰਿਫਲੈਕਟਰ ਵੀ ਲਾਏ ਗਏ।

ਸ. ਖੁਸ਼ਪ੍ਰੀਤ ਸਿੰਘ ਨੇ ਕਿਹਾ ਕਿ ਟਰੈਫਿਕ ਨਿਯਮਾਂ ਦੀ ਪਾਲਣਾ ਨਾਲ ਹੀ ਟਰੈਫਿਕ ਹਾਦਸੇ, ਜਿਨ੍ਹਾਂ ਵਿੱਚ ਲੋਕ ਆਪਣੀ ਜਾਨ ਗਵਾ ਬੈਠਦੇ ਹਨ, ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਉਹਨਾਂ ਕਿਹਾ ਕਿ ਇਹ ਮੁਹਿੰਮ ਲਗਾਤਾਰ ਜਾਰੀ ਰਹੇਗੀ।

ਟਰੈਫਿਕ ਪੁਲਿਸ ਵੱਲੋਂ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਪੁਲਿਸ ਨੇ ਸਾਰੇ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਸੜਕ ਹਾਦਸਿਆਂ ਨੂੰ ਰੋਕਣ ਵਿੱਚ ਉਹਨਾਂ ਦਾ ਸਹਿਯੋਗ ਦੇਣ।

ਜ਼ਿਲ੍ਹਾ ਟ੍ਰੈਫਿਕ ਸਿੱਖਿਆ ਸੈੱਲ ਵੱਲੋਂ ਸਮੇਂ-ਸਮੇਂ 'ਤੇ ਸਕੂਲਾਂ ਅਤੇ ਕਾਲਜਾਂ ਵਿੱਚ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕਤਾ ਫੈਲਾਉਣ ਲਈ ਸੈਮੀਨਾਰ ਵੀ ਕਰਵਾਏ ਜਾ ਰਹੇ ਹਨ।

## ਪੰਜਾਬ ਹੁਨਰ ਵਿਕਾਸ ਯੋਜਨਾ ਅਧੀਨ ਮੁਫਤ ਹੁਨਰ ਵਿਕਾਸ ਟ੍ਰੇਨਿੰਗ ਦੀ ਰਜਿਸਟ੍ਰੇਸ਼ਨ ਸ਼ੁਰੂ- ਵਧੀਕ ਡਿਪਟੀ ਕਮਿਸ਼ਨਰ

**ਰੂਪਨਗਰ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀਮਤੀ ਪੂਜਾ ਸਿਆਲ ਗਰੇਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਦੁਆਰਾ ਨੌਜਵਾਨਾਂ ਨੂੰ ਪੰਜਾਬ ਹੁਨਰ ਵਿਕਾਸ ਮਿਸ਼ਨ ਅਧੀਨ ਮੁਫਤ ਹੁਨਰ ਵਿਕਾਸ ਟ੍ਰੇਨਿੰਗ ਦੇ ਕੇ ਹੁਨਰਮੰਦ ਕੀਤਾ ਜਾ ਰਿਹਾ ਹੈ। ਇਸੇ ਅਧੀਨ ਜ਼ਿਲ੍ਹੇ ਦੇ ਨੌਜਵਾਨਾਂ ਲਈ ਮੁਫਤ ਵਿਚ ਸਕਿੱਲ ਫੋਟੋਗ੍ਰਾਫਰ ਦੀਆਂ ਕੁੱਲ 120 ਸੀਟਾਂ ਦੀ ਹੁਨਰ ਵਿਕਾਸ ਟਰੇਨਿੰਗ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਦੀ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਟਰੇਨਿੰਗ ਵਿਚ ਸਿਖਿਆਰਥੀਆਂ ਨੂੰ ਸਕਿੱਲ ਟ੍ਰੇਨਿੰਗ ਦੇ ਨਾਲ-ਨਾਲ ਕੰਪਿਊਟਰ ਟ੍ਰੇਨਿੰਗ ਅਤੇ ਸਾਫਟ ਸਕਿੱਲ ਅਤੇ ਇੰਗਲਿਸ਼ ਦੀ ਵੀ ਟ੍ਰੇਨਿੰਗ ਦਿੱਤੀ ਜਾਵੇਗੀ।

ਟ੍ਰੇਨਿੰਗ ਸਮੇਂ ਵਿਚ ਮੁਫਤ ਵਰਦੀ, ਬੈਗ ਅਤੇ ਕਿਤਾਬਾਂ ਵੀ ਦਿੱਤੀਆਂ ਜਾਣਗੀਆਂ। ਇਸ ਦੇ ਨਾਲ ਹੀ ਹਾਜ਼ਰੀ ਅਨੁਸਾਰ ਆਉਣ ਜਾਣ ਦਾ ਕਿਰਾਇਆ ਵੀ ਦਿੱਤਾ ਜਾਵੇਗਾ ਅਤੇ ਸਫਲਤਾ ਪੂਰਵਕ ਟ੍ਰੇਨਿੰਗ ਪਾਸ ਕਰ ਚੁੱਕੇ ਸਿਖਿਆਰਥੀ ਨੂੰ ਪ੍ਰਾਈਵੇਟ ਅਦਾਰੇ ਵਿਚ ਪਲੇਸਮੈਂਟ ਵੀ ਕਰਵਾਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਹ ਟ੍ਰੇਨਿੰਗ ਰੂਰਲ ਸਕਿੱਲ ਸੈਂਟਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੂਲਪੁਰ ਗਰੇਵਾਲ ਬਲਾਕ ਰੋਪੜ ਅਤੇ ਰੂਰਲ ਸਕਿੱਲ ਸੈਂਟਰ ਸਰਕਾਰੀ ਇੰਦਰਾ ਹਾਈ ਸਕੂਲ ਕਾਈਨੌਰ ਬਲਾਕ ਮੋਰਿੰਡਾ ਵਿੱਚ ਦਿੱਤੀ ਜਾਵੇਗੀ।

ਸ਼੍ਰੀਮਤੀ ਪੂਜਾ ਸਿਆਲ ਗਰੇਵਾਲ ਨੇ ਦੱਸਿਆ ਕਿ ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦਫਤਰ ਪੰਜਾਬ ਹੁਨਰ ਵਿਕਾਸ ਮਿਸ਼ਨ ਦੇ ਕਮਰਾ ਨੰਬਰ 9 ਵਿੱਚ ਜਾਂ ਦੋਨੋਂ ਟ੍ਰੇਨਿੰਗ ਸੈਂਟਰਾਂ ਵਿੱਚ ਜਾ ਕੇ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ।

## ਡੀ.ਸੀ. ਨੇ ਪੀ.ਏ.ਯੂ ਵਿਖੇ ਹੋਣ ਵਾਲੇ ਨਸ਼ਾ ਮੁਕਤ ਭਾਰਤ ਅਭਿਆਨ ਸਮਾਗਮ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ

**ਲੁਧਿਆਣਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ 14 ਜਨਵਰੀ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਓਪਨ ਏਅਰ ਥੀਏਟਰ ਵਿਖੇ ਹੋਣ ਵਾਲੇ ਨਸ਼ਾ ਮੁਕਤ ਭਾਰਤ ਅਭਿਆਨ ਸਮਾਗਮ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਇੱਕ ਮੀਟਿੰਗ ਦੀ ਪ੍ਰਧਾਨਗੀ ਕੀਤੀ।

ਸਮਾਗਮ ਸਥਾਨ 'ਤੇ ਇੱਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ, ਕੇਂਦਰੀ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰੀ ਡਾ. ਵਰਿੰਦਰ ਕੁਮਾਰ ਅਤੇ ਪੰਜਾਬ ਦੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰੀ ਡਾ. ਬਲਜੀਤ ਕੌਰ ਕਰਨਗੇ। ਉਨ੍ਹਾਂ ਨੇ ਵੱਖ-ਵੱਖ ਕਮੇਟੀਆਂ ਦੇ ਗਠਨ ਦੇ ਹੁਕਮ ਦਿੱਤੇ ਅਤੇ ਇਸ ਸਮਾਗਮ ਦੇ ਸੁਚੱਜੇ ਅਤੇ ਸੁਚਾਰੂ ਸੰਚਾਲਨ ਲਈ ਕਈ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਨਿਰਧਾਰਤ ਕੀਤੀਆਂ।

ਉਨ੍ਹਾਂ ਨੇ ਅਧਿਕਾਰੀਆਂ ਨੂੰ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਆਪਣੀਆਂ ਡਿਊਟੀਆਂ ਨਿਭਾਉਣ ਅਤੇ ਸਾਵਧਾਨੀ ਨਾਲ ਯੋਜਨਾਬੰਦੀ ਅਤੇ ਅਮਲ ਕਰਕੇ ਸੰਪੂਰਨ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਨੇ ਸੁਰੱਖਿਆ, ਡਾਕਟਰੀ ਸੇਵਾਵਾਂ, ਟ੍ਰੈਫਿਕ ਪ੍ਰਬੰਧਨ, ਸਫਾਈ, ਪਾਰਕਿੰਗ, ਬਿਜਲੀ ਸਪਲਾਈ ਅਤੇ ਅੱਗ ਸੁਰੱਖਿਆ ਪ੍ਰੋਟੋਕੋਲ ਸਬੰਧੀ ਵਿਆਪਕ ਪ੍ਰਬੰਧਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ।

ਸ੍ਰੀ ਜਤਿੰਦਰ ਜੋਰਵਾਲ ਨੇ ਕਿਹਾ ਕਿ ਉਸ ਦਿਨ ਟ੍ਰੈਫਿਕ ਡਾਇਵਰਸ਼ਨ, ਵਾਹਨ ਪਾਰਕਿੰਗ, ਸੁਰੱਖਿਆ, ਡਾਕਟਰੀ ਸਹਾਇਤਾ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਲਈ ਨੋਡਲ ਅਫਸਰ ਨਿਯੁਕਤ ਕੀਤੇ ਗਏ ਹਨ। ਉਨ੍ਹਾਂ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ ਕਿ ਸਾਰੇ ਪਤਵੰਤਿਆਂ, ਵਿਦਿਆਰਥੀਆਂ ਅਤੇ ਲੋਕਾਂ ਨੂੰ ਸਮਾਗਮ ਦੌਰਾਨ ਕੋਈ ਅਸੁਵਿਧਾ ਨਾ ਹੋਵੇ। ਇਸ ਤੋਂ ਇਲਾਵਾ ਉਨ੍ਹਾਂ ਐਲਾਨ ਕੀਤਾ ਕਿ ਸਮਾਗਮ ਤੋਂ ਬਾਅਦ ਇੱਕ ਵਾਕਾਥੌਨ ਹੋਵੇਗਾ, ਜਿਸ ਵਿੱਚ ਮੁੱਖ ਮਹਿਮਾਨ ਨਸ਼ਾ ਮੁਕਤ ਭਾਰਤ ਅਭਿਆਨ ਦੇ ਸੰਦੇਸ਼ ਨੂੰ ਫੈਲਾਉਣ ਲਈ ਹਿੱਸਾ ਲੈਣਗੇ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਇਸ ਸਮਾਗਮ ਲਈ ਵਿਸਤ੍ਰਿਤ ਪ੍ਰਬੰਧ ਕੀਤੇ ਜਾਣਗੇ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਸਮਾਗਮ ਲਈ ਇੱਕ ਵਿਆਪਕ ਰਣਨੀਤੀ ਤਿਆਰ ਕੀਤੀ ਹੈ।

ਮੀਟਿੰਗ ਵਿੱਚ ਏ.ਡੀ.ਸੀ ਸ੍ਰੀ ਅਮਰਜੀਤ ਬੈਂਸ, ਸ੍ਰੀ ਰੋਹਿਤ ਗੁਪਤਾ ਅਤੇ ਹੋਰ ਸ਼ਾਮਲ ਸਨ।

## ਡੀ.ਸੀ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਗਣਤੰਤਰ ਦਿਵਸ ਸਮਾਰੋਹ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

**ਲੁਧਿਆਣਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ ਵੀਰਵਾਰ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖੇਡ ਸਟੇਡੀਅਮ ਵਿਖੇ 26 ਜਨਵਰੀ ਨੂੰ ਹੋਣ ਵਾਲੇ ਗਣਤੰਤਰ ਦਿਵਸ ਸਮਾਰੋਹ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਇੱਕ ਵਿਸਤ੍ਰਿਤ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ।ਇਸ ਸਮਾਗਮ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਸ੍ਰੀ ਜਤਿੰਦਰ ਜੋਰਵਾਲ ਨੇ ਕਿਹਾ ਕਿ ਗਣਤੰਤਰ ਦਿਵਸ ਸਮਾਰੋਹ ਦੇਸ਼ ਦੇ ਸਭ ਤੋਂ ਮਹੱਤਵਪੂਰਨ ਰਾਸ਼ਟਰੀ ਸਮਾਗਮਾਂ ਵਿੱਚੋਂ ਇੱਕ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਇਸਨੂੰ ਪੂਰੇ ਦੇਸ਼ ਭਗਤੀ ਦੇ ਜੋਸ਼ ਅਤੇ ਉਤਸ਼ਾਹ ਨਾਲ ਮਨਾਏਗਾ। ਉਨ੍ਹਾਂ ਜ਼ਿਕਰ ਕੀਤਾ ਕਿ ਜ਼ਿਲ੍ਹੇ ਨੂੰ ਹਰ ਸਾਲ ਸੂਬੇ ਵਿੱਚ ਸਭ ਤੋਂ ਵਧੀਆ ਗਣਤੰਤਰ ਦਿਵਸ ਸਮਾਗਮਾਂ ਦੀ ਮੇਜ਼ਬਾਨੀ ਕਰਨ ਲਈ ਪ੍ਰਸਿੱਧੀ ਹਾਸਲ ਹੈ। ਇਸ ਪਰੰਪਰਾ ਨੂੰ ਇਸ ਸਾਲ ਵੀ ਬਰਕਰਾਰ ਰੱਖਿਆ ਜਾਵੇਗਾ।

ਮੀਟਿੰਗ ਦੌਰਾਨ ਸ੍ਰੀ ਜਤਿੰਦਰ ਜੋਰਵਾਲ ਨੇ ਸਮਾਗਮ ਨੂੰ ਸੁਚਾਰੂ ਢੰਗ ਨਾਲ ਪੂਰਾ ਕਰਨ ਲਈ ਵੱਖ-ਵੱਖ ਪ੍ਰਬੰਧਾਂ ਦੀ ਬਾਰੀਕੀ ਨਾਲ ਸਮੀਖਿਆ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਵੱਡੇ ਪੱਧਰ 'ਤੇ ਤਿਆਰੀਆਂ ਕਰਨ ਦੀ ਤਾਕੀਦ ਕਰਦਿਆਂ ਐਲਾਨ ਕੀਤਾ ਕਿ ਰਿਹਰਸਲ ਅਗਲੇ ਹਫ਼ਤੇ ਸ਼ੁਰੂ ਹੋਵੇਗੀ, ਜਿਸਦੀ ਫੁੱਲ ਡਰੈੱਸ ਰਿਹਰਸਲ 23 ਜਨਵਰੀ ਨੂੰ ਹੋਵੇਗੀ। ਇਸ ਤੋਂ ਇਲਾਵਾ ਉਨ੍ਹਾਂ ਨਿਰਦੇਸ਼ ਦਿੱਤੇ ਕਿ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਦੀਆਂ ਟੀਮਾਂ ਸਥਾਨ 'ਤੇ ਮੌਜੂਦ ਰਹਿਣ, ਜਦੋਂ ਕਿ ਨਗਰ ਨਿਗਮ ਦੇ ਅਧਿਕਾਰੀ ਸਫਾਈ ਨੂੰ ਯਕੀਨੀ ਬਣਾਉਣ। ਚਰਚਾ ਕੀਤੇ ਗਏ ਮੁੱਖ ਮੁੱਦਿਆਂ ਵਿੱਚ ਟ੍ਰੈਫਿਕ ਕੰਟਰੋਲ, ਪਾਰਕਿੰਗ, ਪੀਣ ਵਾਲੇ ਪਾਣੀ ਅਤੇ ਰਿਫਰੈਸ਼ਮੈਂਟ ਦੀ ਉਪਲਬਧਤਾ, ਨਿਰਵਿਘਨ ਬਿਜਲੀ ਸਪਲਾਈ ਅਤੇ ਢੁਕਵੇਂ ਝੰਡਾ ਲਹਿਰਾਉਣ ਦੇ ਪ੍ਰਬੰਧ ਸ਼ਾਮਲ ਸਨ।

# ਪ੍ਰਯਾਗਰਾਜ ਵਿਚ ਪੋਹ ਦੀ ਪੂਰਨਮਾਸ਼ੀ ਨਾਲ ਸ਼ੁਰੂ ਹੋਇਆ ਆਸਥਾ ਦਾ ਮਹਾਕੁੰਭ

## ਪਹਿਲੇ ਦਿਨ 40 ਲੱਖ ਤੋਂ ਵੱਧ ਲੋਕਾਂ ਨੇ ਸੰਗਮ ’ਤੇ ਲਾਈ ਡੁਬਕੀ; ਪ੍ਰਧਾਨ ਮੰਤਰੀ ਮੋਦੀ ਨੇ ਟਵੀਟ ਕਰਕੇ ਦਿੱਤੀ ਵਧਾਈ



**ਮਹਾਕੁੰਭ ਨਗਰ(ਯੂਪੀ), 14 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਵਿਚ ਅੱਜ ਤੋਂ ਮਹਾਕੁੰਭ ਮੇਲਾ ਪੋਹ ਦੀ ਪੂਰਨਮਾਸ਼ੀ ਦੇ ਪਵਿੱਤਰ ਮੌਕੇ ਰਵਾਇਤੀ ਅੰਦਾਜ਼ ਵਿਚ ਸ਼ੁਰੂ ਹੋ ਗਿਆ। ਗੰਗਾ, ਯਮੁਨਾ ਤੇ ਸਰਸਵਤੀ ਨਦੀਆਂ ਦੇ ਸੰਗਮ ਉੱਤੇ ਦੇਸ਼-ਵਿਦੇਸ਼ ਤੋਂ ਆਏ ਸ਼ਰਧਾਲੂਆਂ ਨੇ ਚੁੱਬੀ ਲਾ ਕੇ ਇਸ ਮਹਾਸੰਗਮ ਦੀ ਸ਼ੁਰੂਆਤ ਕੀਤੀ। ਮੇਲੇ ਦੇ ਪਹਿਲੇ ਦਿਨ ਹੁਣ ਤੱਕ 40 ਲੱਖ ਤੋਂ ਵੱਧ ਲੋਕ ਪਵਿੱਤਰ ਇਸ਼ਨਾਨ ਕਰ ਚੁੱਕੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪ੍ਰਯਾਗਰਾਜ ਵਿਚ ਮਹਾਕੁੰਭ ਸ਼ੁਰੂ ਹੋਣ ਦੇ ਨਾਲ ਹੀ ਇਸ ਨੂੰ ਭਾਰਤੀ ਕਦਰਾਂ ਕੀਮਤਾਂ ਤੇ ਸਭਿਆਚਾਰ ਨੂੰ ਸੰਜੋ ਕੇ ਰੱਖਣ ਵਾਲਿਆਂ ਲਈ ਬੇਹੱਦ ਖਾਸ ਦਿਨ ਕਰਾਰ ਦਿੱਤਾ। ਉਨ੍ਹਾਂ ਕਿਹ ਕਿ ਇਹ ਵਿਸ਼ਾਲ ਧਾਰਮਿਕ ਸਮਾਗਮ ਭਾਰਤ ਦੀ ਅਧਿਆਤਮਕ ਵਿਰਾਸਤ ਦਾ ਪ੍ਰਤੀਕ ਹੈ। ਸ੍ਰੀ ਮੋਦੀ ਨੇ ਐਕਸ ਉੱਤੇ ਇਕ ਪੋਸਟ ਵਿਚ ਕਿਹਾ ਕਿ ਪੋਹ ਦੀ ਪੂਰਨਮਾਸ਼ੀ ਦੇ ਪਵਿੱਤਰ ਇਸ਼ਨਾਨ ਦੇ ਨਾਲ ਹੀ ਅੱਜ ਤੋਂ ਪ੍ਰਯਾਗਰਾਜ ਦੀ ਪਵਿੱਤਰ ਧਰਤੀ ਉੱਤੇ ਮਹਾਕੁੰਭ ਆਰੰਭ ਹੋ ਗਿਆ ਹੈ। ਉਨ੍ਹਾਂ ਕਿਹਾ, “ਸਾਡੀ ਆਸਥਾ ਤੇ ਸਭਿਆਚਾਰ ਨਾਲ ਜੁੜੇ ਇਸ ਵੱਡੇ ਮੌਕੇ ਉੱਤੇ ਮੈਂ ਸਾਰੇ ਸ਼ਰਧਾਲੂਆਂ ਨੂੰ ਦਿਲੋਂ ਵਧਾਈ ਦਿੰਦਾ ਹਾਂ। ਮੈਂ ਇਹ ਕਾਮਨਾ ਕਰਦਾ ਹਾਂ ਕਿ ਭਾਰਤ ਦੀ ਅਧਿਆਤਮਕ ਰਵਾਇਤ ਦਾ ਇਹ ਵਿਸ਼ਾਲ ਤਿਉਹਾਰ ਤੁਹਾਡੇ ਸਾਰਿਆਂ ਦੇ ਜੀਵਨ ਵਿਚ ਨਵੀਂ ਊਰਜਾ ਤੇ ਉਤਸ਼ਾਹ ਭਰੇ।” ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਇਸ ਮੌਕੇ ਕਿਹਾ, “ਮਹਾਕੁੰਭ 14 ਜਨਵਰੀ ਤੋਂ 26 ਫਰਵਰੀ ਤੱਕ ਹੋਵੇਗਾ, ਜੋ ਭਾਰਤ ਦੇ ਪੁਰਾਤਨ ਸਭਿਆਚਾਰ ਤੇ ਧਾਰਮਿਕ ਰਵਾਇਤਾਂ ਨੂੰ ਆਲਮੀ ਪੱਧਰ ’ਤੇ ਪਛਾਣ ਦਿਵਾਏਗਾ।” ਦੱਸ ਦੇਈਏ ਕਿ ਪਿਛਲੇ ਦੋ ਦਿਨਾਂ ਵਿਚ 85 ਲੱਖ ਸ਼ਰਧਾਲੂਆਂ ਨੇ ਕੁੰਭ ਮੇਲੇ ਵਿਚ ਇਸ਼ਨਾਨ ਕੀਤਾ ਹੈ। ਪੋਹ ਦੀ ਪੂਰਨਮਾਸ਼ੀ ਤੋਂ ਇਕ ਦਿਨ ਪਹਿਲਾਂ ਐਤਵਾਰ ਨੂੰ ਸੰਗਮ ਉੱਤੇ ਕਰੀਬ 50 ਲੱਖ ਸ਼ਰਧਾਲੂਆਂ ਨੇ ਇਸ਼ਨਾਨ ਕੀਤਾ ਸੀ। ਮਹਾਕੁੰਭ ਮੇਲੇ ਵਿਚ ਇਸ ਸਾਲ ਕਰੀਬ 45 ਕਰੋੜ ਸ਼ਰਧਾਲੂਆਂ ਦੇ ਪਹੁੰਚਣ ਦੀ ਸੰਭਾਵਨਾ ਹੈ, ਜੋ ਇਸ ਨੂੰ ਇਤਿਹਾਸ ਦਾ ਸਭ ਤੋਂ ਵੱਡਾ ਸਮਾਗਮ ਬਣਾ ਦੇਵੇਗਾ।ਮਹਾਕੁੰਭ ਦਾ ਪਹਿਲਾ ਸ਼ਾਹੀ ਇਸ਼ਨਾਨ 14 ਜਨਵਰੀ ਨੂੰ ਮਕਰ ਸੰਕ੍ਰਾਂਤੀ (ਮਾਘੀ) ਦੇ ਪਵਿੱਤਰ ਮੌਕੇ ਉੱਤੇ ਹੋਵੇਗਾ। ਇਸ ਦੌਰਾਨ ਸਾਰੇ ਅਖਾੜੇ ਆਪਣੀ ਨਿਰਧਾਰਿਤ ਵਾਰੀ ਮੁਤਾਬਕ ਸ਼ਾਹੀ ਇਸ਼ਨਾਨ ਕਰਨਗੇ। ਉਧਰ ਸੰਤ ਮਹਾਤਮਾ, ਸ਼ਰਧਾਲੂ ਤੇ ਸੈਲਾਨੀ ਇਸ ਧਾਰਮਿਕ ਤਿਓਹਾਰ ਵਿਚ ਸ਼ਾਮਲ ਹੋਣ ਲਈ ਪ੍ਰਯਾਗਰਾਜ ਪਹੁੰਚ ਰਹੇ ਹਨ।

# ਜਗਮੀਤ ਸਿੰਘ ਵੱਲੋਂ ਟਰੰਪ ਨੂੰ ਸੁਨੇਹਾ ‘ਕੈਨੇਡਾ ਵਿਕਾਊ ਨਹੀਂ ਹੈ’

## ਕੈਨੇਡਾ ਵੱਲੋਂ ਵੀ ਅਮਰੀਕੀ ਉਤਪਾਦਾਂ ਉੱਤੇ ਟੈਕਸ ਲਾਉਣ ਦੀ ਪੇਸ਼ਬੰਦੀ



**ਚੰਡੀਗੜ੍ਹ, 14 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਨਿਊ ਡੈਮੋਕਰੈਟਿਕ ਪਾਰਟੀ (ਐਨਡੀਪੀ) ਆਗੂ ਜਗਮੀਤ ਸਿੰਘ ਨੇ ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਟੈਕਸ ਵਧਾਉਣ ਦੀਆਂ ਧਮਕੀਆਂ ਤੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੀ ਪੇਸ਼ਕਸ਼ ਨੂੰ ਲੈ ਕੇ ਤਿੱਖਾ ਪ੍ਰਤੀਕਰਮ ਦਿੱਤਾ ਹੈ। ਸਿੰਘ ਨੇ ਕਿਹਾ ਕਿ ਕੈਨੇਡਾ ‘ਵਿਕਾਊ ਨਹੀਂ ਹੈ’ ਤੇ ਦੇਸ਼ ਦੀ ਪ੍ਰਭੂਸੱਤਾ ਦੀ ਰਾਖੀ ਲਈ ਕੈਨੇਡਾ ਦੇ ਲੋਕ ਪੂਰੀ ਤਾਕਤ ਨਾਲ ਲੜਨ ਵਾਸਤੇ ਤਿਆਰ ਹਨ।

ਜਗਮੀਤ ਸਿੰਘ ਨੇ ਸੋਸ਼ਲ ਮੀਡਆ ਪਲੈਟਫਾਰਮ ਐਕਸ ਉੱਤੇ ਇਕ ਵੀਡੀਓ ਪੋਸਟ ਕਰਦਿਆਂ ਕਿਹਾ, “ਡੋਨਲਡ ਟਰੰਪ ਲਈ ਮੇਰਾ ਸੁਨੇਹਾ ਸਪਸ਼ਟ ਹੈ: ਸਾਡਾ ਦੇਸ਼ ਹੁਣ ਜਾਂ ਕਦੇ ਵੀ ਵਿਕਾਊ ਨਹੀਂ ਹੈ।” ਸਿੰਘ ਨੇ ਅੱਗੇ ਕਿਹਾ ਕਿ ਕੈਨੇਡਾ ਦੇ ਲੋਕ ਗ਼ੈਰਤ ਵਾਲੇ ਲੋਕ ਹਨ ਤੇ ਦੇਸ਼ ਦੀ ਪ੍ਰਭੂਸੱਤਾ ਲਈ ‘ਅਸੀਂ ਨਰਕ ਜਿਹੀ ਲੜਾਈ ਲੜਨ ਲਈ ਤਿਆਰ ਹਾਂ।”

ਕਾਬਿਲੇਗੌਰ ਹੈ ਕਿ ਡੋਨਲਡ ਟਰੰਪ ਨੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦਾ ਸੁਝਾਅ ਦਿੱਤਾ ਸੀ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ‘ਗਵਰਨਰ’ ਦੱਸ ਕੇ ਮਖੌਲ ਉਡਾਇਆ ਸੀ। ਇਸ ਦੇ ਜਵਾਬ ਵਿਚ ਸਿੰਘ ਨੇ ਕਿਹਾ, “ਜੇ ਟਰੰਪ ਸਾਡੇ ਨਾਲ ਆਢਾ ਲਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਇਸ ਦੀ ਵੱਡੀ ਕੀਮਤ ਤਾਰਨੀ ਪਏਗੀ। ਜੇ ਉਹ ਸਾਡੇ ਉੱਤੇ ਟੈਕਸ ਲਾਉਂਦੇ ਹਨ ਤਾਂ ਸਾਨੂੰ ਵੀ ਜਵਾਬ ਵਿਚ ਟੈਕਸ ਲਗਾਉਣੇ ਚਾਹੀਦੇ ਹਨ।” ਉਧਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਸੀ, ‘ਕੈਨੇਡਾ ਤੇ ਅਮਰੀਕਾ ਦੇ ਰਲੇਵੇਂ ਦੀ ਸੰਭਾਵਨੀ ਨਹੀਂ ਹੈ। ਇਹ ਕਦੇ ਨਹੀਂ ਹੋਵੇਗਾ।”

ਇਸ ਦੌਰਾਨ ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀ ਜੌਲੀ ਨੇ ਟਰੰਪ ਦੀਆਂ ਧਮਕੀਆਂ ਖਿਲਾਫ਼ ਸਖ਼ਤ ਰੁਖ਼ ਅਪਣਾਉਂਦਿਆਂ ਕਿਹਾ ਕਿ ਉਹ ਕੌਮਾਂਤਰੀ ਚੁਣੌਤੀਆਂ ਤੇ ਆਰਥਿਕ ਦਬਾਅ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਸਮਰਪਿਤ ਹਨ। ਜੌਲੀ ਨੇ ਇਕ ਪੱਤਰ ਵਿਚ ਕਿਹਾ, “ਮਨੋਨੀਤ ਰਾਸ਼ਟਰਪਤੀ ਵੱਲੋਂ ਲਾਏ ਗਏ ਗੈਰਵਾਜਬ ਟੈਕਸ ਤੇ ਹੋਰ ਆਰਥਿਕ ਦਬਾਅ ਖਿਲਾਫ਼ ਮੈਂ ਹਰ ਸੰਭਵ ਕਦਮ ਚੁੱਕਾਂਗੀ।” ਕੈਨੇਡਾ ਟਰੰਪ ਦੇ ਤਜਵੀਜ਼ਤ 25 ਫੀਸਦ ਦਰਾਮਦ ਟੈਕਸ ਦੇ ਜਵਾਬ ਵਿਚ ਅਮਰੀਕੀ ਉਤਪਾਦਾਂ ਉੱਤੇ ਟੈਕਸ ਲਾਉਣ ਦੀਆਂ ਪੇਸ਼ਬੰਦੀਆਂ ਕਰ ਰਿਹਾ ਹੈ। ਸੂਤਰਾਂ ਮੁਤਾਬਕ ਕੈਨੇਡਾ ਨੇ ਅਜਿਹੇ ਦਰਜਨਾਂ ਅਮਰੀਕੀ ਉਤਪਾਦਾਂ ਦੀ ਸੂਚੀ ਤਿਆਰ ਕੀਤੀ ਹੈ, ਜਿਸ ਨਾਲ ਨਾ ਸਿਰਫ਼ ਅਮਰੀਕਾ ਨੂੰ ਆਰਥਿਕ ਨੁਕਸਾਨ ਪਹੁੰਚੇਗਾ ਬਲਕਿ ਸਿਆਸੀ ਸੁਨੇਹਾ ਵੀ ਜਾਵੇਗਾ। ਕੈਨੇਡਾ ਤੇ ਅਮਰੀਕਾ ਵਿਸ਼ਵ ਦੇ ਸਭ ਤੋਂ ਵੱਡੇ ਵਪਾਰਕ ਭਾਈਵਾਲ ਹਨ। 2023 ਵਿਚ ਅਮਰੀਕਾ ਨੇ ਕੈਨੇਡਾ ਤੋਂ 419 ਅਰਬ ਡਾਲਰ ਦੇ ਉਤਪਾਦ ਦਰਾਮਦ ਕੀਤੇ ਸਨ। ਕੈਨੇਡਾ, ਅਮਰੀਕਾ ਦਾ ਤੇਲ ਦਾ ਸਭ ਤੋਂ ਵੱਡਾ ਬਰਾਮਦਕਾਰ ਹੈ।

# ਪ੍ਰਧਾਨ ਮੰਤਰੀ ਵੱਲੋਂ ਜੰਮੂ ਕਸ਼ਮੀਰ ਵਿਚ ਜ਼ੈੱਡ-ਮੋੜ ਸੁਰੰਗ ਦਾ ਉਦਘਾਟਨ



**ਸ੍ਰੀਨਗਰ, 14 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੰਮੂ ਕਸ਼ਮੀਰ ਦੇ ਸੋਨਮਰਗ ਇਲਾਕੇ ਵਿਚ ਰਣਨੀਤਕ ਪੱਖੋਂ ਅਹਿਮ ਜ਼ੈੱਡ-ਮੋੜ ਸੁਰੰਗ ਦਾ ਉਦਘਾਟਨ ਕੀਤਾ ਹੈ। ਸੁਰੰਗ ਖੁੱਲ੍ਹਣ ਮਗਰੋਂ ਸੈਲਾਨੀਆਂ ਦੀ ਹੁਣ ਪੂਰਾ ਸਾਲ ਇਸ ਸੈਲਾਨੀ ਰਿਜ਼ੋਰਟ ਤੱਕ ਰਸਾਈ ਸੰਭਵ ਹੋ ਜਾਵੇਗੀ। ਮੋਦੀ 2700 ਕਰੋੜ ਦੀ ਲਾਗਤ ਵਾਲੇ ਪ੍ਰਾਜੈਕਟ ਦੇ ਉਦਘਾਟਨ ਮਗਰੋਂ ਸੁਰੰਗ ਦੇ ਅੰਦਰ ਗਏ ਤੇ ਉਨ੍ਹਾਂ ਪ੍ਰਾਜੈਕਟ ਨਾਲ ਜੁੜੇ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਵੱਲੋਂ ਕੀਤੇ ਕੰਮ ਦੀ ਸ਼ਲਾਘਾ ਕੀਤੀ। ਸੁਰੰਗ ਦੇ ਉਦਘਾਟਨ ਮੌਕੇ ਕੇਂਦਰੀ ਮੰਤਰੀ ਨਿਤਿਨ ਗਡਕਰੀ, ਜੰਮੂ ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਤੇ ਮੁੱਖ ਮੰਤਰੀ ਉਮਰ ਅਬਦੁੱਲਾ ਵੀ ਮੌਜੂਦ ਸਨ।

# ਪੰਜਾਬ ਸਰਕਾਰ ਨੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਲਈ ਬਿਨੈ ਪੱਤਰ ਮੰਗੇ

**ਚੰਡੀਗੜ੍ਹ, 14 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਦੇ ਚੇਅਰਮੈਨ ਦੀ ਖਾਲੀ ਪਈ ਅਸਾਮੀ ਨੂੰ ਭਰਨ ਲਈ ਬੇਦਾਗ, ਇਮਾਨਦਾਰ, ਉੱਚ ਸਮਰੱਥਾ ਅਤੇ ਪ੍ਰਸ਼ਾਸਨਿਕ ਤਜ਼ਰਬੇ ਵਾਲੇ ਨਾਮਵਰ ਵਿਅਕਤੀਆਂ ਤੋਂ ਬਿਨੈ ਪੱਤਰ ਮੰਗੇ ਗਏ ਹਨ।

ਇਹ ਪ੍ਰਗਟਾਵਾ ਕਰਦਿਆਂ ਅੱਜ ਇੱਥੇ ਪੰਜਾਬ ਸਰਕਾਰ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਯੋਗਤਾ ਦੇ ਮਾਪਦੰਡਾਂ ਅਨੁਸਾਰ ਬਿਨੈਕਾਰਾਂ ਵੱਲੋਂ ਭਾਰਤ ਸਰਕਾਰ ਜਾਂ ਸੂਬਾ ਸਰਕਾਰ ਦੇ ਅਧੀਨ ਘੱਟੋ-ਘੱਟ 10 ਸਾਲਾਂ ਲਈ ਕੰਮ ਕੀਤਾ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਇਸ ਸਬੰਧ ਵਿਚ ਜਨਤਕ ਨੋਟਿਸ ਜਾਰੀ ਕਰਨ ਦੀ ਮਿਤੀ ਨੂੰ ਬਿਨੈਕਾਰ ਦੀ ਉਮਰ 62 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ। ਮਿਤੀ 26.11.2024, 14.12.2024 ਅਤੇ 24.12.2024 ਦੇ ਇਸ਼ਤਿਹਾਰ ਅਧੀਨ ਜਿੰਨ੍ਹਾਂ ਉਮੀਦਵਾਰਾਂ ਵੱਲੋਂ ਅਪਲਾਈ ਕੀਤਾ ਹੈ, ਨੂੰ ਦੁਬਾਰਾ ਅਪਲਾਈ ਕਰਨ ਦੀ ਜ਼ਰੂਰਤ ਨਹੀ ਹੈ।

ਇਛੁੱਕ ਬਿਨੈਕਾਰ ਆਪਣਾ ਮੁਕੰਮਲ ਬਾਇਓ-ਡਾਟਾ, ਇੱਕ ਅੰਡਰਟੇਕਿੰਗ ਸਮੇਤ, ਸਕੱਤਰ ਪ੍ਰਸੋਨਲ, ਪੰਜਾਬ ਸਰਕਾਰ (ਪੀ.ਪੀ.-3 ਸ਼ਾਖਾ), ਕਮਰਾ ਨੰਬਰ 14, 6ਵੀਂ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ, ਸੈਕਟਰ-1, ਚੰਡੀਗੜ੍ਹ ਦੇ ਦਫ਼ਤਰ ਵਿੱਚ ਆਪਣਾ ਬਿਨੈ-ਪੱਤਰ 15 ਮਾਰਚ, 2025 ਨੂੰ ਸ਼ਾਮ 5:00 ਵਜੇ ਤੱਕ ਜਮ੍ਹਾਂ ਕਰਵਾ ਸਕਦਾ ਹੈ।

ਮੁੱਖ ਸਕੱਤਰ ਦੀ ਅਗਵਾਈ ਵਾਲੀ ਇੱਕ ਖੋਜ ਕਮੇਟੀ ਯੋਗ ਉਮੀਦਵਾਰਾਂ ਦੇ ਨਾਵਾਂ ਨੂੰ ਸ਼ਾਰਟਲਿਸਟ ਕਰੇਗੀ। ਇਨ੍ਹਾਂ ਨਾਵਾਂ ’ਤੇ ਫਿਰ ਪੰਜਾਬ ਦੇ ਮੁੱਖ ਮੰਤਰੀ ਦੀ ਪ੍ਰਧਾਨਗੀ ਵਾਲੀ ਉੱਚ-ਪਾਵਰ ਕਮੇਟੀ ਦੁਆਰਾ ਵਿਚਾਰ ਕੀਤਾ ਜਾਵੇਗਾ।

# ਹਾਊਸਿੰਗ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਵੱਲੋ ਨਵੇਂ ਪ੍ਰਧਾਨ ਪ੍ਰਦੀਪ ਜੋਸ਼ਨ ਦਾ ਸਨਮਾਨ



**ਸਨੌਰ, 14 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਸਨੌਰ ਦੇ ਨਗਰ ਕੌਂਸਲ ਸਨੌਰ ਦੇ ਨਵੇਂ ਬਣੇ ਪ੍ਰਧਾਨ ਪ੍ਰਦੀਪ ਜੋਸਨ ਤੇ ਸੀਨੀਅਰ ਮੀਤ ਪ੍ਰਧਾਨ ਨਰਿੰਦਰ ਸਿੰਘ ਤੱਖਰ ਨੂੰ ਆਮ ਆਦਮੀ ਪਾਰਟੀ ਦੇ ਟਕਸਾਲੀ ਆਗੂ ਤੇ ਪੰਜਾਬ ਸਟੇਟ ਕੰਟੇਨਰ ਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਇੰਦਰਜੀਤ ਸਿੰਘ ਸੰਧੂ ਦੀ ਸਮੂਹ ਟੀਮ ਵੱਲੋ ਸਨਮਾਨਿਤ ਕੀਤਾ ਗਿਆ।

ਇਸ ਦੋਰਾਨ ਉਨ੍ਹਾਂ ਨੇ ਕਿਹਾ ਆਮ ਆਦਮੀ ਪਾਰਟੀ ਦੀ ਸਮੁੱਚੀ ਟੀਮ ਨੇ ਜਿਲੇ ਪਟਿਆਲੇ ਤੋਂ ਕੁੰਦਨ ਗੋਗੀਆ ਨੂੰ ਨਗਰ ਨਿਗਮ ਦੇ ਮੇਅਰ ਤੇ ਸਨੌਰ ਨਗਰ ਕੌਸਲ ਤੋ ਪ੍ਰਦੀਪ ਜੋਸਨ ਨੂੰ ਨਗਰ ਕੌਸਲ ਸਨੌਰ ਤੇ ਪ੍ਰਧਾਨ ਲਗਾਉਣ ਨਾਲ ਆਮ ਆਦਮੀ ਪਾਰਟੀ ਦੇ ਪੁਰਾਣੇ ਤੇ ਮੇਹਨਤੀ ਵਰਕਰਾਂ ਦੇ ਅੰਦਰ ਹੋਸਲਾ ਅਫਜਾਈ ਹੋਇਆ ਹੈ। ਇਸ ਤਰਾਂ ਦੇ ਫੈਸਲੇ ਪੂਰੇ ਪੰਜਾਬ ਅੰਦਰ ਕਰਕੇ ਪੰਜਾਬ ਤੇ ਪੰਜਾਬੀਅਤ ਦਾ ਸਤਿਕਾਰ ਕੀਤਾ ਹੈ। ਪ੍ਰਦੀਪ ਜੋਸਨ ਉਹ ਸਮੇ ਦੇ ਆਗੂ ਹਨ ਜਦੋ ਆਮ ਆਦਮੀ ਪਾਰਟੀ ਦੇ ਝੰਡੇ ਚੁੱਕਣ ਵਾਲੇ ਦਾ ਅਕਾਲੀ ਦੱਲ ਤੇ ਕਾਗਰਸੀ ਪਰਟੀਆ ਦੇ ਵਰਕਰ ਮਜਾਕ ਉਡਾਇਆ ਸਨ।

ਪ੍ਰੰਤੂ ਫਿਰ ਵੀ ਪਾਰਟੀ ਦੀ ਮਜਬੂਤੀ ਲਈ ਦਿਨ ਰਾਤ ਮੇਹਨਤ ਕੀਤੀ ਤੇ ਪੰਜਾਬ ਦੇ ਹਰ ਘਰ ਪਾਰਟੀ ਦੀ ਨੀਤੀਆਂ ਬਾਰੇ ਜਾਣੂ ਕਰਵਾਇਆ ਤੇ ਇੱਕ ਵੱਡੀ ਲਹਿਰ ਪੈਦਾ ਕੀਤੀ, ਜਿਸ ਵਿਚ ਪ੍ਰਦੀਪ ਜੋਸਨ ਦਾ ਵੱਡਾ ਯੋਗਦਾਨ ਸੀ ਸੰਧੂ ਨੇ ਅੱਗੇ ਕਿਹਾ ਕਿ ਸਾਨੂੰ ਪੂਰਨਵਿਸਵਾਸ਼ ਹੈ ਕਿ ਜੋਸਨ ਸਾਬ ਨੂੰ ਦਿੱਤੀ ਜਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਿਵਾਉਣ ਗਏ, ਤੇ ਨਗਰ ਕੌਸਲ ਸਨੌਰ ਨੂੰ ਬਲੂੰਦੀਆ ਤੱਕ ਲੈ ਕੇ ਜਾਣਗੇ।

# ਪੰਜਾਬ ਸਰਕਾਰ ਨੇ ਹਾਈਟੈੱਕ ਕੀਤੀ ਪੁਲਿਸ, ਸਹੂਲਤ ਲਈ ਦਿੱਤੀਆਂ ਜਾ ਰਹੀਆਂ ਆਧੁਨਿਕ ਗੱਡੀਆਂ



**ਚੰਡੀਗੜ੍ਹ, 14 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸੂਬੇ ਦੀ ਜਨਤਾ ਦੀ ਸੁਰੱਖਿਆ ਪੁਖਤਾ ਬਨਾਉਣ ਲਈ ਪੰਜਾਬ ਪੁਲਸ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ ਜਿਸ ਦੇ ਚੱਲਦੇ ਪੁਲਸ ਨੂੰ ਅਤਿਆਧੁਨਿਕ ਵਾਹਨ ਪ੍ਰਦਾਨ ਕੀਤੇ ਗਏ ਹਨ। ਇਸ ਸਦਕਾ ਪੁਲਸ ਦੀ ਕਾਰਗੁਜ਼ਾਰੀ ਅਤੇ ਮੁਕਾਬਲਾ ਕਰਨ ਦੀ ਸਮਰੱਥਾ ਵੀ ਵਧੀ ਹੈ। ਪੰਜਾਬ ਸਰਕਾਰ ਨੇ ਪੁਲਸ ਫੋਰਸ ਨੂੰ ਖਾਸ ਵਾਹਨ ਪ੍ਰਦਾਨ ਕੀਤੇ ਹਨ, ਜੋ ਕਿ ਵੱਖ-ਵੱਖ ਹਾਲਾਤ ਵਿਚ ਪੁਲਸ ਲਈ ਬੇਹੱਦ ਮਦਦਗਾਰ ਸਾਬਤ ਹੋ ਰਹੇ ਹਨ। 141 ਕਰੋੜ ਦੀ ਲਾਗਤ ਨਾਲ ਹੁਣ ਤਕ 940 ਤੋਂ ਵੱਧ ਵਾਹਨ ਪੰਜਾਬ ਪੁਲਸ ਨੂੰ ਮਨਜ਼ੂਰ ਕੀਤੇ ਗਏ ਹਨ।

ਇਹ ਵਾਹਨ ਸੜਕਾਂ ’ਤੇ ਪੈਟਰੋਲਿੰਗ ਕਰਨ ਲਈ ਵਰਤੇ ਜਾਂਦੇ ਹਨ। ਇਹ ਵਾਹਨ ਤੇਜ਼ ਰਫ਼ਤਾਰ ਅਤੇ ਤੁਰੰਤ ਕਾਰਵਾਈ ਕਰਨ ਵਿਚ ਮਦਦ ਕਰਦੇ ਹਨ। ਇਨ੍ਹਾਂ ਵਾਹਨਾਂ ਵਿਚ ਜੀ.ਪੀ.ਐੱਸ. ਜਿਹੇ ਅਪਗਰੇਡ ਫੀਚਰ ਹਨ। ਪੰਜਾਬ ਪੁਲਸ ਨੂੰ ਅਜਿਹੇ ਵਾਹਨ ਵੀ ਪ੍ਰਦਾਨ ਕੀਤੇ ਗਏ ਹਨ, ਜਿਹੜੇ ਐਂਬੂਲੈਂਸ ਸਹੂਲਤਾਂ ਨਾਲ ਵੀ ਲੈੱਸ ਹਨ। ਫੋਰ-ਬਾਏ-ਫੋਰ ਇਹ ਵਾਹਨ ਜਿੱਥੇ ਕਿਸੇ ਤਰ੍ਹਾਂ ਦਾ ਹਾਦਸਾ ਹੋਣ ’ਤੇ ਤੁਰੰਤ ਜ਼ਖਮੀ ਨੂੰ ਮੁੱਢਲੀ ਸਹਾਇਤਾ ਦੇਣ ਦੀ ਸਮਰੱਥਾ ਰੱਖਦੇ ਹਨ, ਉਥੇ ਹੀ ਕਿਸੇ ਹੈਵੀ ਵਾਹਨ ਨੂੰ ਵੀ ਘਟਨਾ ਸਥਾਨ ਤੋਂ ਹਟਾਉਣ ਦੇ ਸਮਰੱਥ ਹਨ। ਇਸ ਲਈ ਬਕਾਇਦਾ ਐੱਸ. ਐੱਸ. ਐੱਫ. ਦਾ ਗਠਨ ਕੀਤਾ ਗਿਆ ਹੈ। ਐੱਸ. ਐੱਸ. ਐੱਫ. ਸਦਕਾ ਹੁਣ ਤਕ ਸੈਂਕੜੇ ਕੀਮਤੀ ਜਾਨਾਂ ਬਚਾਈਆਂ ਜਾ ਚੁੱਕੀਆਂ ਹਨ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਲੋਕਾਂ ਨੂੰ ਲਿੰਗ ਅਨੁਪਾਤ ’ਚ ਹੋਰ ਸੁਧਾਰ ਲਿਆਉਣ ਲਈ ਲਾਮਬੰਦ ਹੋਣ ਦਾ ਸੱਦਾ



**ਪਟਿਆਲਾ, 14 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਸੂਬਾ ਵਾਸੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਲਿੰਗ ਅਨੁਪਾਤ ’ਚ ਹੋਰ ਸੁਧਾਰ ਲਿਆਉਣ ਲਈ ਲਾਮਬੰਦ ਹੋਣ।

ਡਾ. ਬਲਬੀਰ ਸਿੰਘ, ਰਾਜ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਧੀਆਂ ਦੀ ਲੋਹੜੀ ਮਨਾਉਣ ਲਈ ਪਟਿਆਲਾ ਵਿਖੇ ਕਰਵਾਏ ਰਾਜ ਪੱਧਰੀ ਸਮਾਗਮ ਮੌਕੇ ਧੀਆਂ ਦਾ ਸਨਮਾਨ ਕਰਨ ਪੁੱਜੇ ਹੋਏ ਸਨ। ਇਸ ਦੌਰਾਨ ਉਨ੍ਹਾਂ ਨੇ ਲੋਹੜੀ ਦੇ ਤਿਉਹਾਰ ਦੀ ਵਧਾਈ ਦਿੰਦਿਆਂ ਪਟਿਆਲਾ ਸ਼ਹਿਰ ਤੇ ਨੇੜਲੇ ਇਲਾਕਿਆਂ ‘ਚੋਂ ਪੁੱਜੀਆਂ ਮਾਵਾਂ ਤੇ ਧੀਆਂ ਦਾ ਪੰਜਾਬ ਸਰਕਾਰ ਦੀ ਤਰਫੋਂ ਸਨਮਾਨ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ ’ਤੇ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੀਆਂ ਆਸ਼ਾ ਵਰਕਰਾਂ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਸਕੱਤਰ -ਕਮ- ਐਮ.ਡੀ.ਐਨ.ਐਚ.ਐਮ ਘਣਸ਼ਿਆਮ ਥੋਰੀ, ਪਟਿਆਲਾ ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਡਿਪਟੀ ਮੇਅਰ ਜਗਦੀਪ ਸਿੰਘ ਜੱਗਾ, ਡਾਇਰੈਕਟਰ ਸਿਹਤ ਸੇਵਾਵਾਂ ਪਰਿਵਾਰ ਭਲਾਈ ਪੰਜਾਬ ਡਾ. ਜਸਮਿੰਦਰ, ਡਾਇਰੈਕਟਰ ਐਨ.ਐਚ.ਐਮ ਡਾ. ਬਲਵਿੰਦਰ ਸਿੰਘ, ਸਟੇਟ ਪ੍ਰੋਗਰਾਮ ਅਫ਼ਸਰ ਡਾ. ਹਰਪ੍ਰੀਤ ਕੌਰ ਵੀ ਮੌਜੂਦ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਕੁੜੀਆਂ ਹਰੇਕ ਖੇਤਰ ਵਿੱਚ ਅੱਗੇ ਵੱਧ ਰਹੀਆਂ ਹਨ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਉਨ੍ਹਾਂ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਘੱਟ ਰਹੀ ਗਿਣਤੀ ‘ਤੇ ਵੀ ਚਿੰਤਾ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਪੰਜਾਬ ਵਿੱਚ ਲਿੰਗ ਅਨੁਪਾਤ ਮੁਤਾਬਕ ਲੜਕੀਆਂ ਦੀ ਗਿਣਤੀ ਮੁੰਡਿਆਂ ਦੇ ਬਰਾਬਰ ਕਰਨ ਲਈ ਸਾਨੂੰ ਆਪਣੀ ਸੋਚ ਵਿੱਚ ਬਦਲਾਉ ਲਿਆਉਣਾ ਪਵੇਗਾ। ਉਨ੍ਹਾਂ ਦੱਸਿਆ ਕਿ ਇਸੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੁੰਡਿਆਂ ਤੇ ਲੜਕੀਆਂ ਦੀ ਬਰਾਬਰੀ ਦਾ ਸੁਨੇਹਾ ਦੇਣ ਲਈ ਧੀਆਂ ਦੀ ਲੋਹੜੀ ਮਨਾਉਣ ਦਾ ਪ੍ਰੋਗਰਾਮ ਵੀ ਉਲੀਕਿਆ ਤਾਂ ਕਿ ਲੋਕ, ਮੁੰਡੇ ਕੁੜੀ ਦਰਮਿਆਨ ਕੋਈ ਫਰਕ ਤੇ ਵਿਤਕਰਾ ਨਾ ਕਰਨ ਅਤੇ ਕੁੜੀਆਂ ਨੂੰ ਬਰਾਬਰ ਦਾ ਦਰਜਾ ਦੇਣ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਾਡੇ ਸਮਾਜ ‘ਚ ਆਮ ਘਰਾਂ ਅੰਦਰ ਅਜੇ ਵੀ ਕਿਤੇ ਨਾ ਕਿਤੇ ਨਾਬਰਾਬਰੀ ਹੈ ਪਰੰਤੂ ਇਹ ਸਾਬਤ ਹੋ ਗਿਆ ਹੈ ਕਿ ਧੀਆਂ ਨੂੰ ਜਿੱਥੇ ਕਿਤੇ ਵੀ ਮੌਕੇ ਦਿੱਤੇ ਗਏ, ਇਨ੍ਹਾਂ ਨੇ ਮੱਲਾਂ ਮਾਰਕੇ ਆਪਣੇ ਆਪ ਨੂੰ ਸਾਬਤ ਕੀਤਾ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਨੇ ਪੰਜਾਬ ਨੂੰ ਸਿਹਤ ਦੇ ਮਾਮਲੇ ‘ਚ ਮੋਹਰੀ ਸੂਬਾ ਬਣਾਇਆ ਹੈ ਤੇ ਸਾਡਾ ਰਾਜ ਮੁੜ ਤੋਂ ‘ਰੰਗਲਾ ਪੰਜਾਬ’ ਬਣ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਹਤ ਸੁਧਾਰਾਂ ਲਈ ਜਿਥੇ ਮੈਡੀਕਲ ਸਟਾਫ਼ ਦੀ ਭਰਤੀ ਕੀਤੀ ਗਈ ਹੈ, ਉਥੇ ਹੀ ਆਸ਼ਾ ਵਰਕਰਾਂ ਨੂੰ ਵੀ ਅੱਗੇ ਵੱਧਣ ਦੇ ਮੌਕੇ ਪ੍ਰਦਾਨ ਕੀਤੇ ਜਾ ਰਹੇ ਹਨ, ਜਿਸ ਤਹਿਤ ਜਿਹੜੀਆਂ ਆਸ਼ਾ ਵਰਕਰਾਂ ਅੱਗੇ ਪੜਨਾ ਚਾਹੁੰਦੀਆਂ ਹਨ, ਉਨ੍ਹਾਂ ਨੂੰ ਪੜਾਈ ਦੇ ਹਿਸਾਬ ਨਾਲ ਤਰੱਕੀ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਿਹੜੀਆਂ ਆਸ਼ਾ ਵਰਕਰਾਂ ਆਪਣੇ ਅਧੀਨ ਪੈਂਦੇ ਖੇਤਰਾਂ ਨੂੰ ਡੇਂਗੂ ਮੁਕਤ ਕਰਨ ਸਮੇਤ ਬੀ.ਪੀ., ਸ਼ੂਗਰ ਦੇ ਮਰੀਜ਼ਾਂ ਦੀ ਪਛਾਣ ਕਰਕੇ ਇਲਾਜ ਲਈ ਲੈਕੇ ਆਉਣਗੀਆਂ, ਉਨ੍ਹਾਂ ਨੂੰ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੀਆਂ ਆਸ਼ਾ ਵਰਕਾਰਾਂ ਨੂੰ ਕੋਟੀਆ ਦੇ ਕੇ ਸਨਮਾਨਤ ਕੀਤਾ ਗਿਆ।

ਸਮਾਰੋਹ ਮੌਕੇ ਵਿਸ਼ੇਸ਼ ਸਕੱਤਰ -ਕਮ- ਐਮ.ਡੀ.ਐਨ.ਐਚ.ਐਮ ਘਣਸ਼ਿਆਮ ਥੋਰੀ, ਡਾਇਰੈਕਟਰ ਸਿਹਤ ਸੇਵਾਵਾਂ ਪਰਿਵਾਰ ਭਲਾਈ ਪੰਜਾਬ ਡਾ. ਜਸਮਿੰਦਰ ਤੇ ਕਾਰਜਕਾਰੀ ਸਿਵਲ ਸਰਜਨ ਡਾ. ਜਗਪਾਲ ਇੰਦਰ ਸਿੰਘ ਨੇ ਵੀ ਸੰਬੋਧਨ ਕੀਤਾ।

# ਡਿਪਟੀ ਕਮਿਸ਼ਨਰ ਨੇ ਬੱਚਿਆਂ ਨਾਲ ਕੇਕ ਕੱਟ ਕੇ ਮਨਾਈ ਲੋਹੜੀ

## ਬੱਚਿਆਂ ਨੂੰ ਟਰੈਕ ਸੂਟ, ਬੈਗ, ਕਿੱਟਾਂ ਅਤੇ ਖਾਣ ਪੀਣ ਦਾ ਸਮਾਨ ਦਿੱਤਾ



**ਪਟਿਆਲਾ, 14 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਲੋਹੜੀ ਦੇ ਪਵਿੱਤਰ ਤਿਓਹਾਰ ‘ਤੇ ‘ਧੀਆਂ ਦੀ ਲੋਹੜੀ ਦੀ ਵਧਾਈ ਦੇਂਦਿਆਂ ਕਿਹਾ ਕਿ ਮੁੱਖ ਮੰਤਰੀ ਸ੍ਰ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਅਨੇਕਾਂ ਸਕੀਮਾਂ ਲਾਗੂ ਕੀਤੀਆਂ ਗਈਆਂ ਹਨ । ਇਹਨਾਂ ਸਕੀਮਾਂ ਦਾ ਲਾਭ ਧੀਆਂ ਦੇ ਮਾਪਿਆਂ ਨੂੰ ਲੈਣਾ ਚਾਹੀਦਾ ਹੈ । ਉਹਨਾਂ ਧੀਆਂ ਦੇ ਸਸ਼ਕਤੀਕਰਨ ਤਹਿਤ ਪੰਜਾਬ ਸਰਕਾਰ ਵੱਲੋਂ ਚੁੱਕੇ ਕਦਮਾਂ ਦੀ ਸ਼ਲਾਘਾ ਵੀ ਕੀਤੀ।

ਡਿਪਟੀ ਕਮਿਸ਼ਨਰ ਵੱਲੋਂ ਲੋਹੜੀ ਦੇ ਤਿਉਹਾਰ ‘ਤੇ ਬੱਚਿਆਂ ਨੂੰ ਟਰੈਕ ਸੂਟ, ਬੈਗ, ਕਿੱਟਾਂ ਅਤੇ ਖਾਣ ਪੀਣ ਦੀਆਂ ਵਸਤਾਂ ਦੇ ਕੇ ਸਨਮਾਨਿਤ ਕੀਤਾ । ਉਹਨਾਂ ਕਿਹਾ ਕਿ ਧੀਆਂ-ਪੁੱਤਰਾਂ ਵਿੱਚ ਕੋਈ ਫਰਕ ਨਹੀਂ ਹੈ, ਇਸ ਲਈ ਹੁਣ ਧੀਆਂ ਲਈ ਵੀ ਲੋਹੜੀ ਦਾ ਤਿਉਹਾਰ ਖੁਸ਼ੀ-ਖੁਸ਼ੀ ਮਨਾਇਆ ਜਾਂਦਾ ਹੈ।

ਡਾ: ਪ੍ਰੀਤੀ ਯਾਦਵ ਨੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਕਰਵਾਏ ਗਏ ਸਮਾਗਮ ਦੀ ਸ਼ਲਾਘਾ ਕੀਤੀ। ਇਸ ਦੌਰਾਨ ਬੱਚਿਆਂ ਵੱਲੋਂ ਡਿਪਟੀ ਕਮਿਸ਼ਨਰ ਨੂੰ ਆਪਣੇ ਹੱਥੀਂ ਬਣਾਈਆਂ ਗਈਆਂ ਪੇਂਟਿੰਗਜ਼ ਭੇਂਟ ਵਜੋਂ ਦਿੱਤੀਆਂ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਬੱਚਿਆਂ ਨਾਲ ਕੇਕ ਕੱਟਣ ਦੀ ਰਸਮ ਵੀ ਅਦਾ ਕੀਤੀ । ਸਮਾਗਮ ਦੌਰਾਨ ਬੱਚਿਆਂ ਵੱਲੋਂ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।

ਇਸ ਮੌਕੇ ਏ.ਡੀ.ਸੀ.(ਜ) ਇਸ਼ਾ ਸਿੰਗਲ, ਏ.ਡੀ.ਸੀ.(ਡੀ.) ਅਨੁਪ੍ਰਿਤਾ ਜੌਹਲ, ਐਸ.ਡੀ.ਐਮ ਨਾਭਾ ਇਸਮਿਤ ਵਿਜੇ ਸਿੰਘ, ਐਸ.ਡੀ.ਐਮ. ਪਾਤੜਾਂ ਅਸ਼ੋਕ ਕੁਮਾਰ, ਮੁੱਖ ਮੰਤਰੀ ਫੀਲਡ ਅਫਸਰ ਨਵਜੋਤ ਸ਼ਰਮਾ , ਸਮਾਜਿਕ ਸੁਰੱਖਿਆ ਅਫਸਰ ਸ਼ਾਇਨਾ ਕਪੂਰ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਪਰਦੀਪ ਸਿੰਘ ਸ਼ਾਮਲ ਸਨ ।

# ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੱਲੋਂ ਵੱਡੀ ਤੇ ਛੋਟੀ ਨਦੀ ਦੇ ਨਵੀਨੀਕਰਨ ਤੇ ਸੁੰਦਰੀਕਰਨ ਪ੍ਰਾਜੈਕਟ ਦਾ ਜਾਇਜ਼ਾ

## ਛੋਟੀ ਤੇ ਵੱਡੀ ਨਦੀ ਦਾ ਨਵੀਨੀਕਰਨ ਤੇ ਸੁੰਦਰੀਕਰਨ ਪੰਜਾਬ ਸਰਕਾਰ ਦਾ ਅਹਿਮ ਪ੍ਰਾਜੈਕਟ, ਇਸ ’ਚ ਕੋਈ ਢਿੱਲ-ਮੱਠ ਬਰਦਾਸ਼ਤ ਨਹੀਂ: ਡਾ. ਪ੍ਰੀਤੀ ਯਾਦਵ



ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਪਟਿਆਲਾ ਦੀ ਛੋਟੀ ਤੇ ਵੱਡੀ ਨਦੀਆਂ ਦੇ ਪੁਨਰ ਸੁਰਜੀਤੀ ਪ੍ਰਾਜੈਕਟ ਦਾ ਜਾਇਜ਼ਾ ਲੈਂਦੇ ਹੋਏ।

**ਪਟਿਆਲਾ, 14 ਜਨਵਰੀ -ਅਮਰਜੀਤ ਸਿੰਘ ਲਾਂਬਾ- -ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪਟਿਆਲਾ ਦੀ ਛੋਟੀ ਨਦੀ ਅਤੇ ਵੱਡੀ ਨਦੀ ਦੀ ਪੁਨਰ ਸੁਰਜੀਤੀ ਲਈ ਸੁੰਦਰੀਕਰਨ ਅਤੇ ਨਵੀਨੀਕਰਨ ਪ੍ਰਾਜੈਕਟ ਦਾ ਮੌਕੇ ’ਤੇ ਜਾ ਕੇ ਜਾਇਜ਼ਾ ਲਿਆ। ਉਨ੍ਹਾਂ ਨੇ ਡਰੇਨੇਜ ਅਤੇ ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਤੋਂ ਜਾਣੂ ਕਰਵਾਉਂਦਿਆਂ ਹਦਾਇਤ ਕੀਤੀ ਕਿ ਆਪਸੀ ਤਾਲਮੇਲ ਨਾਲ ਪ੍ਰਾਜੈਕਟ ਦੇ ਕੰਮ ਵਿੱਚ ਤੇਜੀ ਲਿਆਂਦੀ ਜਾਵੇ।

ਡਾ. ਪ੍ਰੀਤੀ ਯਾਦਵ ਨੇ ਸਬੰਧਤ ਅਧਿਕਾਰੀਆਂ ਤੋਂ ਕੰਮ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਪਟਿਆਲਾ ਦੀ ਛੋਟੀ ਨਦੀ ਅਤੇ ਵੱਡੀ ਨਦੀ ਦੀ ਪੁਨਰ ਸੁਰਜੀਤੀ ਕਰਕੇ ਇਸਦੇ ਨਵੀਨੀਕਰਨ ਤੇ ਸੁੰਦਰੀਕਰਨ ਨਾਲ ਇੱਕ ਸੈਰਗਾਹ ਵਜੋਂ ਵਿਕਸਤ ਕਰਨਾ, ਪੰਜਾਬ ਸਰਕਾਰ ਦਾ ਇੱਕ ਅਹਿਮ ਪ੍ਰਾਜੈਕਟ ਹੈ, ਜਿਸ ਲਈ ਇਸ ਵਿੱਚ ਕਿਸੇ ਕਿਸਮ ਦੀ ਕੋਈ ਢਿੱਲ-ਮੱਠ ਨਾ ਵਰਤੀ ਜਾਵੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਮੁਤਾਬਕ 15 ਐਮ.ਐਲ.ਡੀ. ਦਾ ਐਸ.ਟੀ.ਪੀ. ਦੌਲਤਪੁਰ ਨੇੜੇ ਬਣ ਰਿਹਾ ਹੈ, ਜਿਸ ਦਾ ਕੰਮ 80 ਫ਼ੀਸਦੀ ਮੁਕੰਮਲ ਹੋ ਚੁੱਕਾ ਹੈ ਜਦੋਂਕਿ ਇੱਥੇ ਹੀ ਲੱਗ ਰਿਹਾ 2.5 ਐਮ.ਐਲ.ਡੀ. ਦਾ ਈ.ਟੀ.ਪੀ. ਫੋਕਲ ਪੁਆਇੰਟ ਦੇ ਇੰਡਸਟ੍ਰੀਅਲ ਵੇਸਟ ਨੂੰ ਵੀ ਟਰੀਟ ਕਰੇਗਾ ਤੇ ਇਸ ਦਾ ਕੰਮ 35 ਫ਼ੀਸਦੀ ਹੋਇਆ ਹੈ। ਇਸ ਤੋਂ ਬਿਨ੍ਹਾਂ ਸੰਨੀ ਇਨਕਲੇਵ ਦੇ ਪਿਛਲੇ ਪਾਸੇ 26 ਐਮ.ਐਲ.ਡੀ. ਦਾ ਸੀਵਰੇਜ ਟ੍ਰੀਟਮੈਂਟ ਪਲਾਂਟ ਦਾ ਕੰਮ ਵੀ 80 ਫ਼ੀਸਦੀ ਮੁਕੰਮਲ ਹੋ ਗਿਆ ਹੈ ਅਤੇ ਇਹ ਸਾਰੇ ਕੰਮ 30 ਸਤੰਬਰ 2025 ਤੱਕ ਮੁਕੰਮਲ ਕਰ ਲਏ ਜਾਣਗੇ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਹੜ੍ਹਾਂ ਕਰਕੇ ਵੱਡੀ ਨਦੀ ਦੇ ਬੰਧਾਂ ਤੇ ਐਸ.ਟੀ.ਪੀ. ਨੂੰ ਕਾਫੀ ਨੁਕਸਾਨ ਹੋਇਆ ਸੀ ਜਿਸ ਕਰਕੇ ਪ੍ਰਾਜੈਕਟ ’ਚ ਕੁਝ ਦੇਰੀ ਹੋਈ ਪਰੰਤੂ ਹੁਣ ਇਸ ਦਾ ਕੰਮ ਤੇਜੀ ਨਾਲ ਚੱਲ ਰਿਹਾ ਹੈ ਅਤੇ ਇਸ ਨੂੰ 31 ਅਕਤੂਬਰ 2025 ਤੱਕ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਦੋਵਾਂ ਨਦੀਆਂ ਵਿੱਚ ਕਿਸੇ ਤਰ੍ਹਾਂ ਦਾ ਸੀਵਰੇਜ ਦਾ ਗੰਦਾ ਪਾਣੀ ਸਿੱਧਾ ਨਹੀਂ ਪਾਇਆ ਜਾਵੇਗਾ ਤੇ ਇਹ ਟ੍ਰੀਟ ਕਰਕੇ ਹੀ ਇਨ੍ਹਾਂ ’ਚ ਪੈ ਸਕੇਗਾ। ਡਿਪਟੀ ਕਮਿਸ਼ਨਰ ਨੇ ਸਾਰੇ ਕੰਮਾਂ ਦਾ ਜਾਇਜ਼ਾ ਲੈਂਦਿਆਂ ਇਸ ਦੀ ਪ੍ਰਗਤੀ ਰਿਪੋਰਟ ਲਗਾਤਾਰ ਭੇਜਣ ਦੀ ਵੀ ਹਦਾਇਤ ਕੀਤੀ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਇਹ ਨਦੀਆਂ ਸ਼ਹਿਰ ’ਚੋਂ ਮੁੱਖ ਨਿਕਾਸੀ ਨਦੀਆਂ ਹਨ ਅਤੇ ਮਾਨਸੂਨ ਦੇ ਸੀਜਨ ’ਚ ਇਨ੍ਹਾਂ ’ਚ ਰੁਕਾਵਟਾਂ ਪੈਦਾ ਹੋਣ ਕਰਕੇ ਹੜ੍ਹ ਵੀ ਆਉਂਦੇ ਹਨ, ਪਰੰਤੂ 164 ਕਰੋੜ ਰੁਪਏ ਦੀ ਲਾਗਤ ਨਾਲ ਛੋਟੀ ਨਦੀ ਦੀ ਚੈਨੇਲਾਈਜੇਸ਼ਨ, ਸੈਰ ਤੇ ਸਾਇਕਲਿੰਗ ਲਈ ਟਰੈਕ, ਫੈਂਸਿੰਗ ਸਮੇਤ ਵੱਡੀ ਨਦੀ ਦੇ ਇਨਲੈਟਸ, ਚੈਕ ਡੈਮ, ਬ੍ਰਿਜਿਜ਼, ਰੀਸੱਕਸਨਿੰਗ, ਦੋਵਾਂ ਨਦੀਆਂ ਦੇ ਸੁੰਦਰੀਕਰਨ ਤੇ ਨਵੀਨੀਕਰਨ ਦੇ ਪ੍ਰਾਜੈਕਟ ਦੇ ਮੁਕੰਮਲ ਹੋਣ ਨਾਲ ਜਲ ਨਿਕਾਸ ਠੀਕ ਹੋਵੇਗਾ।

ਇਸ ਮੌਕੇ ਜਲ ਨਿਕਾਸ ਵਿਭਾਗ ਦੇ ਐਸ.ਡੀ.ਓ. ਰਕਵਿੰਦਰ ਸਿੰਘ ਅਤੇ ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਐਸ.ਡੀ.ਓ. ਸੰਜੇ ਜਿੰਦਲ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਅਗਰਵਾਲ ਸਮਾਜ ਸਭਾ ਨੇ ਲੋਹੜੀ ਦਾ ਤਿਉਹਾਰ ਮਨਾਇਆ

## ਅਗਰਵਾਲ ਸਮਾਜ ਨੂੰ ਇੱਕਮੁੱਠ ਹੋ ਕੇ ਅੱਗੇ ਆਉਣ ਦੀ ਲੋੜ : ਮਦਨ ਲਾਲ ਬਾਂਸਲ

**ਧੂਰੀ, 14 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਅੱਗਰਵਾਲ ਸਮਾਜ ਸਭਾ ਧੂਰੀ ਵੱਲੋਂ ਪ੍ਰਧਾਨ ਮਦਨ ਲਾਲ ਬਾਂਸਲ ਦੀ ਅਗਵਾਈ ਹੇਠ ਲੋਹੜੀ ਦਾ ਤਿਉਂਹਾਰ ਸ਼ਰਧਾ ਤੇ ਧੂਮ—ਧਾਮ ਨਾਲ ਮਨਾਇਆ ਗਿਆ। ਕਰਵਾਏ ਗਏ ਇਸ ਸਮਾਗਮ ਦਾ ਆਗਾਜ਼ ਮਹਾਰਾਜਾ ਅੱਗਰਸੈਨ ਨੂੰ ਯਾਦ ਕਰਦਿਆਂ ਸਮਾਜ ਦੀ ਬੇਹਤਰੀ ਅਤੇ ਭਲਾਈ ਨੂੰ ਸਮਰਪਿਤ ਹੋ ਕੇ ਕੀਤਾ ਗਿਆ।ਸਭਾ ਦੇ ਸੈਕਟਰੀ ਨਰੇਸ਼ ਸਿੰਗਲਾ ਅਤੇ ਸੀਨੀਅਰ ਵਾਇਸ ਪ੍ਰਧਾਨ ਜਨਕ ਰਾਜ ਮੀਮਸਾ ਨੇ ਬੀਤੇ ਸਮੇਂ ਸਭਾ ਵੱਲੋਂ ਲਗਾਏ ਗਏ ਮੁਫ਼ਤ ਸਿਹਤ ਜਾਂਚ ਕੈਂਪਾਂ ਅਤੇ ਹੋਰ ਸਮਾਜ ਭਲਾਈ ਦੇ ਪ੍ਰੋਜੈਕਟਾਂ ਦਾ ਜਿਕਰ ਕਰਦਿਆਂ ਅਗਾਮੀ ਪ੍ਰੋਜੈਕਟਾਂ ਬਾਰੇ ਵੀ ਹਾਜਰੀਨ ਨੂੰ ਜਾਣੂ ਕਰਵਾਇਆ।

ਸਭਾ ਦੇ ਪ੍ਰਧਾਨ ਮਦਨ ਲਾਲ ਬਾਂਸਲ ਨੇ ਸਮੂਹ ਅੱਗਰਵਾਲ ਸਮਾਜ ਨੂੰ ਇਕਮੁੱਠ ਹੋ ਕੇ ਅੱਗੇ ਆਉਣ ਦੀ ਲੋੜ *ਤੇ ਜ਼ੋਰ ਦਿੰਦਿਆਂ ਕਿਹਾ ਕਿ ਅੱਗਰਵਾਲ ਸਮਾਜ ਨੇ ਵਿਸ਼ਵ ਦੇ ਹਰ ਕੋਨੇ ਵਿੱਚ ਆਪਣੀ ਮਿਹਨਤ ਅਤੇ ਸਫ਼ਲਤਾ ਦਾ ਲੋਹਾ ਮੰਨਵਾਇਆ ਹੈ, ਪਰ ਸਮਾਜ ਵਿੱਚ ਏਕੇ ਦੀ ਘਾਟ ਤੋਂ ਇੰਨਕਾਰ ਨਹੀਂ ਕੀਤਾ ਜਾ ਸਕਦਾ।

ਇਸ ਮੌਕੇ ਸਭਾ ਪਵਨ ਗਰਗ , ਪ੍ਰਦੀਪ ਮਿੱਤਲ,ਰਵੀ ਸਿੰਗਲਾ,ਗਿਆਨ ਮਿੱਤਲ, ਸੰਜੇ ਸਿੰਗਲਾ, ਸੁਰੇਸ਼ ਬਾਂਸਲ, ਲੁਕੇਸ਼ ਲੱਕੀ, ਰਵੀਸ਼ ਕੁਮਾਰ ਹੈਪੀ, ਸੰਦੀਪ ਬਾਂਸਲ, ਐਡ: ਦੀਪਕ ਗਰਗ, ਲਖਵਿੰਦਰ ਕੁਮਾਰ, ਰਾਕੇਸ਼ ਠੇਕੇਦਾਰ, ਅਰੁਣ ਆਰੀਆ, ਯੋਗੇਸ਼ ਮਿੱਤਲ, ਵਿੱਕੀ ਨੇ ਵੀ ਸ਼ਮੂਲੀਅਤ ਕੀਤੀ।

# ਅਮਨ ਅਰੋੜਾ ਨੇ ਸੁਨਾਮ ਸ਼ਹਿਰ ਵਿੱਚ ਸਫਾਈ ਵਿਵਸਥਾ ਨੂੰ ਹੋਰ ਸੁਚਾਰੂ ਕਰਨ ਲਈ 8 ਈ-ਰਿਕਸ਼ਾ ਅਤੇ 3 ਟਾਟਾ ਏਸ ਨਗਰ ਕੌਂਸਲ ਨੂੰ ਸੌਂਪੇ

**ਸੁਨਾਮ ਊਧਮ ਸਿੰਘ ਵਾਲਾ, 14 ਜਨਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਨਵੀ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਪ੍ਰਸ਼ਾਸਕੀ ਸੁਧਾਰ ਤੇ ਸ਼ਿਕਾਇਤ ਨਿਵਾਰਣ ਅਤੇ ਰੋਜ਼ਗਾਰ ਉਤਪਤੀ ਤੇ ਸਿਖਲਾਈ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਸੁਨਾਮ ਸ਼ਹਿਰ ਵਿਖੇ ਸਫਾਈ ਵਿਵਸਥਾ ਵਿੱਚ ਹੋਰ ਸੁਧਾਰ ਨੂੰ ਯਕੀਨੀ ਬਣਾਉਣ ਲਈ ਲਗਭਗ 42 ਲੱਖ ਰੁਪਏ ਦੀ ਲਾਗਤ ਵਾਲੇ 8 ਈ-ਰਿਕਸ਼ਾ ਅਤੇ 3 ਟਾਟਾ ਏਸ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਸੌਂਪੇ।

ਇਸ ਮੌਕੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ ਵੱਡੀ ਗਿਣਤੀ ਵਿੱਚ ਸਾਫ ਸਫਾਈ ਨਾਲ ਸਬੰਧਤ ਸਾਜੋ ਸਮਾਨ ਅਤੇ ਆਧੁਨਿਕ ਵਾਹਨ ਨਗਰ ਕੌਂਸਲ ਨੂੰ ਬੁਨਿਆਦੀ ਢਾਂਚੇ ਵਜੋਂ ਉਪਲਬਧ ਕਰਵਾਏ ਜਾ ਚੁੱਕੇ ਹਨ ਅਤੇ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਹੈ ਕਿ ਨਾਗਰਿਕ ਆਪਣੇ ਆਲੇ ਦੁਆਲੇ ਦੀ ਸਾਫ ਸਫਾਈ ਨੂੰ ਯਕੀਨੀ ਬਣਾਉਣ ਦੀ ਮੁਹਿੰਮ ਵਿੱਚ ਸਹਿਯੋਗ ਦੇਣ।

ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਇਹਨਾਂ ਨਵੇਂ ਵਾਹਨਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਦਿਆਂ ਕਿਹਾ ਕਿ ਗਿੱਲਾ ਅਤੇ ਸੁੱਕਾ ਕੂੜਾ ਵੱਖ-ਵੱਖ ਇਕੱਤਰ ਕਰਨ ਲਈ ਲਗਾਏ ਗਏ ਇਹ ਵਾਹਨ ਆਪਣੇ ਮਕਸਦ ਵਿੱਚ ਤਾਂ ਹੀ ਸਫਲ ਹੋ ਸਕਦੇ ਹਨ ਜੇਕਰ ਲੋਕ ਆਪਣੇ ਘਰਾਂ ਵਿੱਚੋਂ ਹੀ ਗਿੱਲਾ ਅਤੇ ਸੁੱਕਾ ਕੂੜਾ ਕਰਕਟ ਵੱਖ-ਵੱਖ ਕਰਕੇ ਦੇਣ ਤਾਂ ਜੋ ਕੂੜੇ ਤੋਂ ਖਾਦ ਅਤੇ ਹੋਰ ਢੰਗਾਂ ਰਾਹੀਂ ਯੋਗ ਪ੍ਰਬੰਧਨ ਕਰਵਾਇਆ ਜਾ ਸਕੇ।

ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨਾਂ ਵੱਲੋਂ ਸੁਨਾਮ ਹਲਕੇ ਨੂੰ ਵਿਕਾਸ ਕਾਰਜਾਂ ਲਈ ਸਮੇਂ ਸਿਰ ਗਰਾਂਟਾਂ ਜਾਰੀ ਕਰਵਾਈਆਂ ਜਾ ਰਹੀਆਂ ਹਨ।

ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਸੁਨਾਮ, ਚੀਮਾ, ਲੌਂਗੋਵਾਲ ਦੇ ਹਰ ਇੱਕ ਹਿੱਸੇ ਵਿੱਚ ਵੱਸਦੇ ਲੋਕਾਂ ਦੀਆਂ ਜਰੂਰਤਾਂ ਅਤੇ ਪ੍ਰਮੁੱਖ ਲੋੜਾਂ ਤੋਂ ਉਹ ਚੰਗੀ ਤਰ੍ਹਾਂ ਵਾਕਿਫ਼ ਹਨ ਅਤੇ ਯੋਜਨਾਬੱਧ ਢੰਗ ਨਾਲ ਵਿਕਾਸ ਕਾਰਜਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਨਗਰ ਕੌਂਸਲ ਦੇ ਪ੍ਰਧਾਨ ਨਿਸ਼ਾਨ ਸਿੰਘ ਟੋਨੀ, ਮਾਰਕਿਟ ਕਮੇਟੀ ਦੇ ਚੇਅਰਮੈਨ ਮੁਕੇਸ਼ ਜੁਨੇਜਾ, ਚਮਕੌਰ ਹਾਂਡਾ ਐਮ.ਸੀ, ਗੁਰਦੇਵ ਸਿੰਘ ਨਿੱਕਾ ਐਮ.ਸੀ, ਜਤਿੰਦਰ ਜੈਨ, ਨਿਰਮਲਾ ਦੇਵੀ, ਰਵੀ ਗੋਇਲ, ਮਨਪ੍ਰੀਤ ਬਾਂਸਲ, ਨਰਿੰਦਰ ਠੇਕੇਦਾਰ, ਹਰਵਿੰਦਰ ਸਿੰਘ ਨਾਮਧਾਰੀ, ਸਾਹਿਬ ਸਿੰਘ ਤੇ ਸੰਦੀਪ ਜਿੰਦਲ ਬਲਾਕ ਪ੍ਰਧਾਨ, ਰਿਸ਼ਵ ਸ਼ਰਮਾ, ਯਾਦਵਿੰਦਰ ਰਾਜਾ ਪ੍ਰਧਾਨ ਟਰੱਕ ਯੂਨੀਅਨ, ਲਾਭ ਸਿੰਘ ਨੀਲੋਵਾਲ, ਰਿੰਪੀ ਥਿੰਦ, ਰਾਮ ਕੁਮਾਰ, ਸੁਭਾਸ਼ ਤਨੇਜਾ ਵੀ ਹਾਜ਼ਰ ਸਨ।

# ਪੰਜਾਬ ਦੇ 46 ਸ਼ਹਿਰਾਂ ’ਚ ਆਮ ਆਦਮੀ ਪਾਰਟੀ ਨੇ ਚੋਣਾਂ ਵਿਕਾਸ ਦੇ ਏਜੰਡੇ ’ਤੇ ਲੜਕੇ ਸ਼ਾਨਦਾਰ ਜਿੱਤ ਦਰਜ ਕੀਤੀ : ਅਮਨ ਅਰੋੜਾ

## ➢ ਪਟਿਆਲਾ ਦੀ ਸਮੁੱਚੀ ਟੀਮ ਸ਼ਹਿਰ ਦਾ ਕਰਵਾਏਗੀ ਬੇਮਿਸਾਲ ਵਿਕਾਸ : ਡਾ. ਬਲਬੀਰ ਸਿੰਘ

## ➢ ਸਾਰਿਆਂ ਦੇ ਸਹਿਯੋਗ ਨਾਲ ਕੀਤਾ ਜਾਵੇਗਾ ਪਟਿਆਲਾ ਸ਼ਹਿਰ ਦਾ ਵਿਕਾਸ : ਕੁੰਦਨ ਗੋਗੀਆ

**ਪਟਿਆਲਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਸੂਬੇ ਦੇ 46 ਸ਼ਹਿਰਾਂ ਵਿੱਚ ਹੋਈਆਂ ਨਗਰ ਨਿਗਮ, ਨਗਰ ਕੌਂਸਲ ਤੇ ਨਗਰ ਪੰਚਾਇਤ ਦੀਆਂ ਚੋਣਾਂ ਆਮ ਆਦਮੀ ਪਾਰਟੀ ਨੇ ਵਿਕਾਸ ਦੇ ਏਜੰਡੇ ’ਤੇ ਲੜੀਆਂ ਅਤੇ ਸੂਬਾ ਵਾਸੀਆਂ ਨੇ ਵੀ ਪੂਰਾ ਸਮਰਥਨ ਦਿੰਦਿਆਂ ਸੂਬੇ ਦੇ 55 ਫ਼ੀਸਦੀ ਵਾਰਡਾਂ ’ਤੇ ਆਮ ਆਦਮੀ ਪਾਰਟੀ ਨੂੰ ਜਿਤਾਅ ਕੇ ਨਵਾਂ ਰਿਕਾਰਡ ਬਣਾਇਆ ਹੈ। ਸ੍ਰੀ ਅਮਨ ਅਰੋੜਾ ਆਪਣੇ ਸਾਥੀ ਕੈਬਨਿਟ ਮੰਤਰੀਆਂ ਡਾ. ਬਲਬੀਰ ਤੇ ਬਰਿੰਦਰ ਗੋਇਲ ਤੇ ਐਮ.ਐਲ.ਏ ਸਨੌਰ ਹਰਮੀਤ ਸਿੰਘ ਪਠਾਣਮਾਜਰਾ ਨਾਲ ਪਟਿਆਲਾ ਦੇ ਨਵੇਂ ਚੁਣੇ ਮੇਅਰ ਕੁੰਦਨ ਗੋਗੀਆ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਤੇ ਡਿਪਟੀ ਮੇਅਰ ਜਗਦੀਪ ਸਿੰਘ ਜੱਗਾ ਨੂੰ ਆਪਣੇ ਅਹੁਦਿਆਂ ’ਤੇ ਬਿਠਾਉਣ ਮੌਕੇ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਇਸ ਮੌਕੇ ਪੀ.ਆਰ.ਟੀ.ਸੀ. ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਤੇ ਪੰਜਾਬ ਜਲ ਸਪਲਾਈ ਤੇ ਸੀਵਰੇਜ ਬੋਰਡ ਦੇ ਚੇਅਰਮੈਨ ਡਾ. ਸੰਨੀ ਆਹਲੂਵਾਲੀਆ ਵੀ ਮੌਜੂਦ ਸਨ।



ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਪਟਿਆਲਾ ਦੀ ਨਗਰ ਨਿਗਮ ਦੇ ਚੁਣੇ ਗਏ 53 ਕੌਂਸਲਰਾਂ ਵਿਚੋਂ 43 ਕੌਂਸਲਰ ਆਮ ਆਦਮੀ ਪਾਰਟੀ ਦੇ ਹਨ ਅਤੇ ਇਨ੍ਹਾਂ ਵਿਚੋਂ ਪਾਰਟੀ ਦੇ ਪੁਰਾਣੇ ਵਲੰਟੀਅਰ ਦੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦੀ ਟੀਮ ਦੇ ਅਹਿਮ ਮੈਂਬਰ ਸ੍ਰੀ ਕੁੰਦਨ ਗੋਗੀਆ ਨੂੰ ਸਰਵਸੰਮਤੀ ਨਾਲ ਮੇਅਰ ਅਤੇ ਸ੍ਰੀ ਹਰਿੰਦਰ ਕੋਹਲੀ ਨੂੰ ਸੀਨੀਅਰ ਡਿਪਟੀ ਮੇਅਰ ਤੇ ਜਗਦੀਪ ਸਿੰਘ ਜੱਗਾ ਨੂੰ ਡਿਪਟੀ ਮੇਅਰ ਚੁਣ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਕੁੰਦਨ ਗੋਗੀਆ ਇੱਕ ਗੈਰ ਰਾਜਨੀਤਿਕ ਪਰਿਵਾਰ ਨਾਲ ਸਬੰਧ ਰੱਖਦੇ ਹਨ ਤੇ ਪਾਰਟੀ ਵਿੱਚ ਵਲੰਟੀਅਰ ਦੇ ਤੌਰ ’ਤੇ ਲੰਬੇ ਸਮੇਂ ਤੋਂ ਕੰਮ ਕਰਦੇ ਆ ਰਹੇ ਹਨ ਤੇ ਪਾਰਟੀ ਵੱਲੋਂ ਆਪਣੇ ਵਲੰਟੀਅਰ ਨੂੰ ਬਣਦਾ ਮਾਣ ਦਿੰਦਿਆਂ ਸ਼ਹਿਰ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਪਟਿਆਲਾ ਸ਼ਹਿਰ ਦੇ ਵਿਕਾਸ ਲਈ ਨਵੇਂ ਯੁੱਗ ਦੀ ਸ਼ੁਰੂਆਤ ਹੋ ਗਈ ਹੈ ਤੇ ਇਸ ਦੇ ਸਾਰਥਕ ਨਤੀਜੇ ਜਲਦੀ ਹੀ ਦਿਖਣੇ ਸ਼ੁਰੂ ਹੋ ਜਾਣਗੇ।

ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਪਟਿਆਲਾ ਨਗਰ ਨਿਗਮ ਦੀ ਚੁਣੀ ਗਈ ਨਵੀਂ ਟੀਮ ਅਗਲੇ ਦੋ ਸਾਲਾਂ ਵਿੱਚ ਸ਼ਹਿਰ ਦੀ ਨੁਹਾਰ ਬਦਲੇਗੀ ਤੇ ਚੋਣਾਂ ਦੌਰਾਨ ਪਾਰਟੀ ਵੱਲੋਂ ਜੋ ਪੰਜ ਗਰੰਟੀਆਂ ਦਿੱਤੀਆਂ ਗਈਆਂ ਸਨ, ਉਨ੍ਹਾਂ ਨੂੰ ਪੂਰਾ ਕਰਨ ਲਈ ਅੱਜ ਤੋਂ ਹੀ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਲੋਕਾਂ ਨੂੰ ਪਾਰਦਰਸ਼ੀ ਤੇ ਸਾਫ਼ ਸੁਥਰਾ ਪ੍ਰਸ਼ਾਸਨ ਦੇਣ ਲਈ ਸੂਬਾ ਸਰਕਾਰ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸ੍ਰੀ ਕੁੰਦਨ ਗੋਗੀਆ, ਡਾ. ਬਲਬੀਰ ਸਿੰਘ, ਅਜੀਤਪਾਲ ਸਿੰਘ ਕੋਹਲੀ ਤੇ ਹਰਮੀਤ ਸਿੰਘ ਪਠਾਣਮਾਜਰਾ ਇੱਕ ਟੀਮ ਦੀ ਤਰ੍ਹਾਂ ਕੰਮ ਕਰਦੇ ਹੋਏ ਪਟਿਆਲਾ ਸ਼ਹਿਰ ਨੂੰ ਵਿਕਾਸ ਦੀਆਂ ਨਵੀਆਂ ਉਚਾਈਆਂ ’ਤੇ ਲੈਕੇ ਜਾਣਗੇ।

ਇਸ ਮੌਕੇ ਉਨ੍ਹਾਂ ਕਿਹਾ ਕਿ ਬੀਤੇ ਦਿਨ ਪੰਜਾਬ ਦੇ ਅੱਠ ਸ਼ਹਿਰਾਂ ਦੀਆਂ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਪ੍ਰਧਾਨ ਦੇ ਅਹੁਦੇ ਦੀ ਚੋਣ ਹੋਈ ਅਤੇ ਸਾਰੇ ਸ਼ਹਿਰਾਂ ਵਿੱਚ ਆਮ ਆਦਮੀ ਪਾਰਟੀ ਦੇ ਐਮ.ਸੀ. ਅਹੁਦਿਆਂ ’ਤੇ ਕਾਬਜ ਹੋਏ ਹਨ ਅਤੇ ਇਨ੍ਹਾਂ ਸਾਰੇ ਸ਼ਹਿਰਾਂ ਦੀ ਨੁਹਾਰ ਵੀ ਆਉਂਦੇ ਦੋ ਸਾਲਾਂ ਵਿੱਚ ਬਦਲ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬਾ ਵਾਸੀਆਂ ਨੇ ਪੰਜਾਬ ਸਰਕਾਰ ਦੇ ਵਿਕਾਸ ਕੰਮਾਂ ’ਤੇ ਮੋਹਰ ਲਗਾਈ ਹੈ।

ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਪਟਿਆਲਾ ਦੀ ਸਮੁੱਚੀ ਟੀਮ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ਹਿਰ ਦਾ ਬੇਮਿਸਾਲ ਵਿਕਾਸ ਕਰਵਾਏਗੀ ਅਤੇ ਜੋ ਸਾਲਾਂ ਤੋਂ ਵਿਕਾਸ ਦੇ ਪ੍ਰੋਜੈਕਟ ਲਟਕੇ ਆ ਰਹੇ ਹਨ, ਉਹ ਜਲਦੀ ਹੀ ਮੁਕੰਮਲ ਕੀਤੇ ਜਾਣਗੇ।

ਇਸ ਮੌਕੇ ਨਵੇਂ ਬਣੇ ਮੇਅਰ ਕੁੰਦਨ ਗੋਗੀਆ ਨੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਤੇ ਪਟਿਆਲਾ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਜਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਹ ਉਸਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਪਟਿਆਲਾ ਵਾਸੀਆਂ ਨੂੰ ਨਾਲ ਲੈਕੇ ਸ਼ਹਿਰ ਦੀਆਂ ਸਾਰੀਆਂ ਮੁਸ਼ਕਲਾਂ ਨੂੰ ਹੱਲ ਕਰਨਗੇ। ਉਨ੍ਹਾਂ ਪਟਿਆਲਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਪਹਿਲਾਂ ਪਟਿਆਲਾ ਵਾਸੀਆਂ ਨੇ ਉਨ੍ਹਾਂ ਨੂੰ ਸਹਿਯੋਗ ਦਿੱਤਾ ਹੈ, ਉਸੇ ਤਰ੍ਹਾਂ ਅੱਗੇ ਵੀ ਸ਼ਹਿਰ ਦੇ ਸਰਵਪੱਖੀ ਵਿਕਾਸ ਲਈ ਕੰਮ ਕਰਨ ਲਈ ਸਹਿਯੋਗ ਦੇਣ।

# ਪ੍ਰਾਈਵੇਟ ਸਕੂਲ/ਸੰਸਥਾਵਾਂ/ਪਲੇਅ-ਵੇਅ ਸਕੂਲਾਂ ਨੂੰ ਰਜਿਸਟਰਡ ਕਰਨ ਲਈ ਨੋਟੀਫਿਕੇਸ਼ਨ ਜਾਰੀ

**ਬਠਿੰਡਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ ਪ੍ਰਾਈਵੇਟ ਸਕੂਲ/ਸੰਸਥਾਵਾਂ/ਪਲੇਅ-ਵੇਅ ਸਕੂਲ ਜੋ ਕਿ ਅਰਲੀ ਚਾਈਲਡ ਕੇਅਰ ਐਂਡ ਐਜੂਕੇਸਨ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਹਨ, ਨੂੰ ਰਜਿਸਟਰ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਜਿਲ੍ਹਾ ਪ੍ਰੋਗਰਾਮ ਅਫ਼ਸਰ ਸ੍ਰੀ ਪੰਕਜ਼ ਕੁਮਾਰ ਨੇ ਦੱਸਿਆ ਕਿ ਪੰਜਾਬ ਰਾਜ ਵਿੱਚ 3-6 ਸਾਲ ਦੇ ਬੱਚਿਆਂ ਲਈ ਈ.ਸੀ.ਸੀ.ਈ. ਖੇਤਰ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ ਦੀ ਵਿਭਾਗ ਵੱਲੋਂ ਰਜਿਸਟ੍ਰੇਸ਼ਨ ਸ਼ੁਰੂ ਕੀਤੀਆਂ ਗਈਆਂ ਹਨ। ਰਜਿਸਟ੍ਰੇਸ਼ਨ ਲਾਜ਼ਮੀ ਬਣਾਉਣ ਲਈ ਤੁਰੰਤ ਦਫ਼ਤਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਬਠਿੰਡਾ ਜਾਂ ਸਬੰਧਤ ਬਲਾਕ ਦੇ ਸੀ.ਡੀ.ਪੀ.ਓ. ਨਾਲ ਤਾਲਮੇਲ ਕਰ ਕੇ ਐਪਲੀਕੇਸ਼ਨ ਫਾਰਮ ਨੰਬਰ-1 ਪ੍ਰਾਪਤ ਕੀਤਾ ਜਾ ਸਕਦਾ ਹੈ।

ਜੇਕਰ ਰਜਿਸਟ੍ਰੇਸ਼ਨ ਦੌਰਾਨ ਕਿਸੇ ਕਿਸਮ ਦੀ ਪਰੇਸ਼ਾਨੀ ਹੁੰਦੀ ਹੈ ਤਾਂ ਜਿਲ੍ਹਾ ਪ੍ਰੋਗਰਾਮ ਅਫ਼ਸਰ ਬਠਿੰਡਾ ਜਾਂ ਸਬੰਧਤ ਬਲਾਕ ਦੇ ਸੀ.ਡੀ.ਪੀ.ਓ. ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਹਰੇਕ ਪਲੇਅ-ਵੇਅ ਸਕੂਲ ਨੂੰ ਰਜਿਸਟਰਡ ਕਰਵਾਉਣਾ ਲਾਜ਼ਮੀ ਹੈ। ਜ਼ਿਲ੍ਹੇ ਅਧੀਨ ਸਾਰੇ ਪ੍ਰਾਈਵੇਟ ਸਕੂਲ/ਸੰਸਥਾਵਾਂ/ਪਲੇਅ ਵੇਅ ਸਕੂਲਾਂ ਦੀ ਚੈਕਿੰਗ ਕੀਤੀ ਜਾਵੇਗੀ। ਜੇਕਰ ਕੋਈ ਪ੍ਰਾਈਵੇਟ ਸਕੂਲ/ਸੰਸਥਾਵਾਂ/ਪਲੇਅ-ਵੇਅ ਸਕੂਲ ਪਾਲਿਸੀ ਦੇ ਮਾਪਦੰਡ ਨੂੰ ਪੂਰਾ ਨਹੀਂ ਕਰਦੇ ਹਨ ਤਾਂ ਉਸ ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਸਫਾਈ ਕਰਮਚਾਰੀਆਂ ਦੀ ਸੁਰੱਖਿਆ ਲਈ ਸ਼ੁਰੂ ਕੀਤਾ ਗਿਆ ‘ਸਫਾਈ ਮਿੱਤਰ ਸੁਰੱਖਿਆ ਚੈਲੇਂਜ 2025’

**ਹੁਸ਼ਿਆਰਪੁਰ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਨਿਗਮ ਹੁਸ਼ਿਆਰਪੁਰ ਦੇ ਕਮਿਸ਼ਨਰ ਡਾ. ਅਮਨਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰ ਵਲੋਂ ਸਫਾਈ ਕਰਮਚਾਰੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ‘ਸਫਾਈ ਮਿਤਰ ਸੁਰੱਖਿਆ ਚੈਲੇਂਜ 2025’ ਸ਼ੁਰੂ ਕੀਤਾ ਗਿਆ ਹੈ। ਇਸ ਮੁਹਿੰਮ ਤਹਿਤ ਸੀਵਰਮੈਨਾਂ ਵਲੋਂ ਸੀਵਰ ਦੀ ਮੈਨੂਅਲ ਐਂਟਰੀ ’ਤੇ ਪੂਰੀ ਤਰ੍ਹਾਂ ਤੋਂ ਰੋਕ ਲਗਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕਿਸੇ ਵੀ ਵਿਅਕਤੀ ਨੂੰ ਬਿਨ੍ਹਾਂ ਪੂਰਨ ਸੁਰੱਖਿਆ ਗਿਅਰ ਤੋਂ ਸੀਵਰ ਦੇ ਮੈਨਹੋਲ ਵਿਚ ਉਤਾਰਨ ਦੀ ਆਗਿਆ ਨਹੀ ਹੈ ਅਤੇ ਸੀਵਰ ਦੀ ਸਫਾਈ ਕੇਵਲ ਮਸ਼ੀਨਾ ਰਾਹੀਂ ਕੀਤੀ ਜਾਵੇਗੀ।

ਨਗਰ ਨਿਗਮ ਕਮਿਸ਼ਨਰ ਨੇ ਦੱਸਿਆ ਕਿ ਜੇਕਰ ਕਿਸੇ ਵਿਅਕਤੀ ਵਲੋਂ ਇਨ੍ਹਾਂ ਨਿਯਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਸਬੰਧਤ ਦੇ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਆਮ ਜਨਤਾ ਵੀ ਇਸ ਮੁਹਿੰਮ ਵਿਚ ਆਪਣੀ ਭਾਗੀਦਾਰੀ ਦੇ ਸਕਦਾ ਹੈ। ਜੇਕਰ ਉਨ੍ਹਾਂ ਦੇ ਆਸਪਾਸ ਕੋਈ ਵਿਅਕਤੀ ਬਿਨ੍ਹਾਂ ਸੁਰੱਖਿਆ ਉਪਰਕਣਾਂ ਤੋਂ ਸੀਵਰ ਦੀ ਸਫਾਈ ਕਰਦਾ ਦਿਖਾਈ ਦੇਵੇ ਜਾਂ ਸੀਵਰ ਸਬੰਧੀ ਕੋਈ ਹੋਰ ਸਮੱਸਿਆ ਹੋਵੇ ਤਾਂ ਹੈਲਪਲਾਈਨ ਨੰਬਰ 14420, ਨਗਰ ਨਿਗਮ ਦਫ਼ਤਰ ਦੇ ਫੋਨ ਨੰਬਰ 01882-229687 ਅਤੇ ਮੋਬਾਇਲ ਨੰਬਰ 94634-97791 ’ਤੇ ਸੂਚਨਾ ਦਿੱਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਵਿਚ ਜਾਗਰੂਕਤਾ ਲਈ ਪੋਸਟਰ ਅਤੇ ਫਲੈਕਸ ਲਗਾਏ ਗਏ ਹਨ, ਜੋ ਲੋਕਾਂ ਨੂੰ ਸੀਵਰ ਸਫਾਈ ਨਾਲ ਸਬੰਧਤ ਨਿਯਮਾਂ ਅਤੇ ਸਾਵਧਾਨੀਆਂ ਦੇ ਬਾਰੇ ਵਿਚ ਜਾਗਰੂਕ ਕਰ ਰਹੇ ਹਨ। ਇਸ ਦੌਰਾਨ ਸੰਯੁਕਤ ਕਮਿਸ਼ਨਰ ਨਗਰ ਨਿਗਮ ਸੰਦੀਪ ਤਿਵਾੜੀ ਵੀ ਮੌਜੂਦ ਸਨ।

# ਸੁਖਬੀਰ ਬਾਦਲ ਦਾ ਅਸਤੀਫ਼ਾ ਪ੍ਰਵਾਨ; ਨਵੇਂ ਪ੍ਰਧਾਨ ਦੀ ਚੋਣ ਲਈ ਪ੍ਰਕਿਰਿਆ ਸ਼ੁਰੂ; ਪਹਿਲੀ ਮਾਰਚ ਨੂੰ ਹੋਵੇਗੀ ਚੋਣ

## ➢ ਗੁਲਜ਼ਾਰ ਸਿੰਘ ਰਣੀਕੇ ਮੁੱਖ ਚੋਣ ਅਧਿਕਾਰੀ ਨਿਯੁਕਤ ➢ 13 ਸੀਨੀਅਰ ਆਗੂਆਂ ਨੂੰ ਵੱਖ-ਵੱਖ ਸੂਬਿਆਂ ਦਾ ਚੋਣ ਆਬਜ਼ਰਵਰ ਲਾਇਆ

**ਚੰਡੀਗੜ੍ਹ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਕਰੀਬ 55 ਦਿਨਾਂ ਦੀ ਲੰਬੀ ਜੱਕੋ-ਤੱਕੀ ਮਗਰੋਂ ਅੱਜ ਸਰਬਸੰਮਤੀ ਨਾਲ ਸੁਖਬੀਰ ਸਿੰਘ ਬਾਦਲ ਦਾ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਪ੍ਰਵਾਨ ਕਰ ਲਿਆ ਹੈ। ਸੁਖਬੀਰ ਸਿੰਘ ਬਾਦਲ ਨੇ ਰਸਮੀ ਤੌਰ ’ਤੇ 16 ਨਵੰਬਰ ਨੂੰ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਵਰਕਿੰਗ ਕਮੇਟੀ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਦੇ ਪੁਨਰਗਠਨ ਲਈ 20 ਜਨਵਰੀ ਤੋਂ ਨਵੀਂ ਮੈਂਬਰਸ਼ਿਪ ਮੁਹਿੰਮ ਸ਼ੁਰੂ ਕਰਨ ਦਾ ਫ਼ੈਸਲਾ ਲਿਆ ਹੈ। ਨਵੇਂ ਪਾਰਟੀ ਪ੍ਰਧਾਨ ਦੀ ਚੋਣ ਹੁਣ ਪਹਿਲੀ ਮਾਰਚ ਨੂੰ ਹੋਵੇਗੀ। ਜਥੇਬੰਦਕ ਚੋਣਾਂ ਕਰਵਾਉਣ ਲਈ ਗੁਲਜ਼ਾਰ ਸਿੰਘ ਰਣੀਕੇ ਨੂੰ ਮੁੱਖ ਚੋਣ ਅਧਿਕਾਰੀ ਨਿਯੁਕਤ ਕੀਤਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਅੱਜ ਵਰਕਿੰਗ ਕਮੇਟੀ ਦੀ ਹੋਈ ਮੀਟਿੰਗ ਵਿੱਚ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਪ੍ਰਵਾਨ ਕਰਦਿਆਂ ਉਨ੍ਹਾਂ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ। ਸੁਖਬੀਰ ਸਿੰਘ ਬਾਦਲ ਵੀ ਅੱਜ ਮੀਟਿੰਗ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਭਰੋਸਾ ਦਿੱਤਾ ਕਿ ਉਹ ਬਤੌਰ ਵਰਕਰ ਪਾਰਟੀ ਤੇ ਪੰਜਾਬ ਦੀ ਸੇਵਾ ਲਈ ਵਚਨਬੱਧ ਰਹਿਣਗੇ। ਅੱਜ ਦੀ ਮੀਟਿੰਗ ਵਿੱਚ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨਾਲ ਜੁੜੇ ਸੀਨੀਅਰ ਆਗੂਆਂ ਨੂੰ ਚੋਣ ਪ੍ਰਕਿਰਿਆ ਵਿੱਚ ਕੋਈ ਜ਼ਿੰਮੇਵਾਰੀ ਨਹੀਂ ਦਿੱਤੀ ਗਈ।

ਚੇਤੇ ਰਹੇ ਕਿ ਕਰੀਬ ਤਿੰਨ ਦਹਾਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ’ਤੇ ਬਾਦਲ ਪਰਿਵਾਰ ਕਾਬਜ਼ ਸੀ। ਸਾਲ 1995 ਵਿੱਚ ਪ੍ਰਕਾਸ਼ ਸਿੰਘ ਬਾਦਲ ਨੇ ਪਾਰਟੀ ਦੀ ਵਾਗਡੋਰ ਸੰਭਾਲੀ ਸੀ ਅਤੇ ਸਾਲ 2008 ਤੋਂ ਸੁਖਬੀਰ ਸਿੰਘ ਬਾਦਲ ਪ੍ਰਧਾਨ ਚੱਲੇ ਆ ਰਹੇ ਸਨ। ਲੰਬੇ ਅਰਸੇ ਮਗਰੋਂ ਬਾਦਲ ਪਰਿਵਾਰ ਪਾਰਟੀ ਦੀ ਪ੍ਰਧਾਨਗੀ ਤੋਂ ਲਾਂਭੇ ਹੋਇਆ ਹੈ। ਪਿਛਲੀ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਸੁਖਬੀਰ ਸਿੰਘ ਬਾਦਲ ਦੇ ਅਸਤੀਫ਼ੇ ਦਾ ਫ਼ੈਸਲਾ ਟਾਲ ਦਿੱਤਾ ਗਿਆ ਸੀ। ਵਰਕਿੰਗ ਕਮੇਟੀ ਦੀ ਮੀਟਿੰਗ ਤੋਂ ਪਹਿਲਾਂ 8 ਜਨਵਰੀ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਵਫ਼ਦ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਨਾਲ ਮੀਟਿੰਗ ਕੀਤੀ ਗਈ ਸੀ। ਅੱਜ ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਵਰਕਿੰਗ ਕਮੇਟੀ ਵੱਲੋਂ ਲਏ ਫ਼ੈਸਲਿਆਂ ਤੋਂ ਪ੍ਰੈੱਸ ਨੂੰ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਜਿੰਨਾ ਚਿਰ ਨਵੇਂ ਪ੍ਰਧਾਨ ਦੀ ਚੋਣ ਨਹੀਂ ਹੁੰਦੀ, ਉਦੋਂ ਤੱਕ ਅਹਿਮ ਫ਼ੈਸਲੇ ਸ੍ਰੀ ਭੂੰਦੜ ਦੀ ਅਗਵਾਈ ਹੇਠਲੇ ਪਾਰਲੀਮਾਨੀ ਬੋਰਡ ਵੱਲੋਂ ਲਏ ਜਾਣਗੇ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ 20 ਜਨਵਰੀ ਤੋਂ 20 ਫਰਵਰੀ ਤੱਕ ਨਵੀਂ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਅਤੇ 25 ਲੱਖ ਮੈਂਬਰ ਬਣਾਏ ਜਾਣ ਦਾ ਟੀਚਾ ਮਿੱਥਿਆ ਗਿਆ ਹੈ। ਸਮੁੱਚੀ ਪ੍ਰਕਿਰਿਆ ਵਿੱਚ ਤਾਲਮੇਲ ਦੀ ਜ਼ਿੰਮੇਵਾਰੀ ਖ਼ੁਦ ਡਾ. ਚੀਮਾ ਨਿਭਾਉਣਗੇ। ਚੋਣ ਪ੍ਰਕਿਰਿਆ ਲਈ 13 ਸੀਨੀਅਰ ਆਗੂਆਂ ਨੂੰ ਵੱਖ-ਵੱਖ ਸੂਬਿਆਂ ਦੇ ਚੋਣ ਆਬਜ਼ਰਵਰਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਅਤੇ ਹਰੇਕ ਜ਼ਿਲ੍ਹੇ ਦੇ ਨਿਗਰਾਨ ਵੀ ਨਿਯੁਕਤ ਕੀਤੇ ਗਏ ਹਨ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਜੰਮੂ ਕਸ਼ਮੀਰ ਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਆਬਜ਼ਰਵਰ ਹੋਣਗੇ ਅਤੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸਮੁੱਚੇ ਮਾਲਵਾ ਖਿੱਤੇ ਦੀ ਨਿਗਰਾਨੀ ਕਰਨਗੇ। ਰਾਜਸਥਾਨ ਵਿੱਚ ਭਰਤੀ ਮੁਹਿੰਮ ਦੇ ਆਬਜ਼ਰਵਰ ਮਨਪ੍ਰੀਤ ਸਿੰਘ ਇਯਾਲੀ, ਹਿਮਾਚਲ ਪ੍ਰਦੇਸ਼ ਦੇ ਸੰਤਾ ਸਿੰਘ ਉਮੈਦਪੁਰੀ, ਹਰਿਆਣਾ ਦੇ ਰਘੂਜੀਤ ਸਿੰਘ ਵਿਰਕ ਤੇ ਬਲਦੇਵ ਸਿੰਘ, ਉੱਤਰ ਪ੍ਰਦੇਸ਼ ਤੇ ਉੱਤਰਾਖੰਡ ਦੇ ਮਨਜੀਤ ਸਿੰਘ ਜੀਕੇ, ਮਾਲੇਰਕੋਟਲਾ ਦੇ ਇਕਬਾਲ ਸਿੰਘ ਝੂੰਦਾਂ ਅਤੇ ਦਿੱਲੀ ਦੇ ਪਰਮਜੀਤ ਸਿੰਘ ਸਰਨਾ ਆਬਜ਼ਰਵਰ ਹੋਣਗੇ। ਇਸੇ ਤਰ੍ਹਾਂ ਸਮੁੱਚੇ ਜ਼ਿਲ੍ਹਿਆਂ ਦੇ ਆਬਜ਼ਰਵਰ ਲਾਏ ਗਏ ਹਨ। ਡਾ. ਚੀਮਾ ਨੇ ਕਿਹਾ ਕਿ ਸਮੁੱਚੀ ਭਰਤੀ ਪ੍ਰਕਿਰਿਆ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਹੋਵੇਗੀ। ਉਨ੍ਹਾਂ ਦੱਸਿਆ ਕਿ ਅਕਾਲ ਤਖ਼ਤ ਤੋਂ ਮਿਲੇ ਆਦੇਸ਼ਾਂ ਮੁਤਾਬਕ ਪਾਰਟੀ ਵੱਲੋਂ ਪਹਿਲੀ ਮਾਰਚ ਤੋਂ 30 ਅਪਰੈਲ ਤੱਕ ਸਵਾ ਲੱਖ ਬੂਟੇ ਲਗਾਏ ਜਾਣਗੇ। ਮੀਟਿੰਗ ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਅਤੇ ਸਾਬਕਾ ਵਿਧਾਇਕ ਅਜੈਬ ਸਿੰਘ ਮੁਖਮੈਲਪੁਰ ਦੇ ਦੇਹਾਂਤ ’ਤੇ ਸ਼ੋਕ ਮਤੇ ਪਾਸ ਕੀਤੇ ਗਏ।

ਵਰਕਿੰਗ ਕਮੇਟੀ ਨੇ ਕੌਮੀ ਖੇਤੀ ਮੰਡੀ ਨੀਤੀ ਦੇ ਖਰੜੇ ਅਤੇ ਚੰਡੀਗੜ੍ਹ ਯੂਟੀ ਦੇ ਸਲਾਹਕਾਰ ਦਾ ਅਹੁਦਾ ਖ਼ਤਮ ਕੀਤੇ ਜਾਣ ਅਤੇ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਰ ਸੂਚੀਆਂ ਵਿੱਚ ਹੋਈ ਧਾਂਦਲੀ ਨੂੰ ਲੈ ਕੇ ਸਰਕਾਰ ਦੀ ਨਿੰਦਾ ਕੀਤੀ। ਇਸ ਤੋਂ ਇਲਾਵਾ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਖ਼ਤਮ ਕਰਾਉਣ ਲਈ ਕੇਂਦਰ ਤੇ ਸੂਬਾ ਸਰਕਾਰ ਵੱਲੋਂ ਵੱਟੀ ਘੇਸਲ ਦੀ ਆਲੋਚਨਾ ਕੀਤੀ ਗਈ। ਕੌਮੀ ਖੇਤੀ ਮੰਡੀ ਨੀਤੀ ਦੇ ਖਰੜੇ ਨੂੰ ਰੱਦ ਕਰਨ ਲਈ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣ ਦੀ ਮੰਗ ਵੀ ਉੱਠੀ।

ਪਿਛਲੇ ਅਰਸੇ ਦੌਰਾਨ ਵਾਪਰੇ ਘਟਨਾਕ੍ਰਮ ’ਤੇ ਨਜ਼ਰ ਮਾਰੀਏ ਤਾਂ ਸਾਲ 2015 ਵਿੱਚ ਹੋਈਆਂ ਬੇਅਦਬੀਆਂ ਅਤੇ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫ਼ੀ ਦੇਣ ਨਾਲ ਅਕਾਲੀ ਦਲ ਦਾ ਮਿਆਰ ਡਿੱਗਣਾ ਸ਼ੁਰੂ ਹੋ ਗਿਆ ਸੀ। ਪਹਿਲਾਂ ਲਗਾਤਾਰ ਚੋਣਾਂ ਹਾਰਨ ਅਤੇ ਮਗਰੋਂ ਅਕਾਲੀ ਦਲ ਵਿੱਚ ਹੋਈ ਬਗਾਵਤ ਨੇ ਸੁਖਬੀਰ ਸਿੰਘ ਬਾਦਲ ਲਈ ਚੁਣੌਤੀ ਖੜ੍ਹੀ ਕਰ ਦਿੱਤੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤਨਖ਼ਾਹੀਆ ਕਰਾਰ ਦਿੱਤੇ ਜਾਣ ਮਗਰੋਂ ਸੁਖਬੀਰ ਸਿੰਘ ਬਾਦਲ ਨੂੰ ਅਸਤੀਫ਼ਾ ਦੇਣਾ ਪਿਆ ਸੀ।

ਬਾਗੀ ਅਕਾਲੀ ਆਗੂਆਂ ਦੇ ਸੰਦਰਭ ਵਿੱਚ ਡਾ. ਚੀਮਾ ਨੇ ਕਿਹਾ ਕਿ ਜਿਹੜੇ ਆਗੂ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ’ਚੋਂ ਬਾਹਰ ਹਨ, ਉਹ ਅਨੁਸ਼ਾਸਨੀ ਕਮੇਟੀ ਕੋਲ ਪੇਸ਼ ਹੋ ਕੇ ਆਪਣਾ ਪੱਖ ਰੱਖਣ ਤਾਂ ਜੋ ਉਨ੍ਹਾਂ ਦੀ ਪਾਰਟੀ ’ਚ ਵਾਪਸੀ ਲਈ ਕੇਸਾਂ ਦੀ ਸੁਣਵਾਈ ਦਾ ਕੰਮ ਮੁਕੰਮਲ ਹੋ ਸਕੇ। ਚੀਮਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਵੱਲੋਂ ਅਸਤੀਫ਼ਾ ਦਿੱਤੇ ਜਾਣ ਮਗਰੋਂ ਜਿਨ੍ਹਾਂ ਆਗੂਆਂ ਨੇ ਭਾਵੁਕ ਹੋ ਕੇ ਅਸਤੀਫ਼ੇ ਦਿੱਤੇ ਸਨ, ਪਾਰਟੀ ਨੇ ਉਨ੍ਹਾਂ ਦੇ ਅਸਤੀਫ਼ੇ ਰੱਦ ਕਰ ਦਿੱਤੇ ਸਨ।

**ਵਰਕਿੰਗ ਕਮੇਟੀ ਨੇ ਸੱਤ ਮੈਂਬਰੀ ਕਮੇਟੀ ਤੋਂ ਪਾਸਾ ਵੱਟਿਆ**

ਦੱਸਣਯੋਗ ਹੈ ਕਿ ਅਕਾਲ ਤਖ਼ਤ ਵੱਲੋਂ ਨਵੀਂ ਚੋਣ ਪ੍ਰਕਿਰਿਆ ਲਈ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ ਪ੍ਰੰਤੂ ਅੱਜ ਵਰਕਿੰਗ ਕਮੇਟੀ ਨੇ ਇਸ ਕਮੇਟੀ ਤੋਂ ਪਾਸਾ ਵੱਟ ਕੇ ਚੋਣ ਪ੍ਰਕਿਰਿਆ ਐਲਾਨ ਦਿੱਤੀ ਹੈ।

ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਇਸ ਬਾਰੇ ਕਿਹਾ ਕਿ ਉਨ੍ਹਾਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਜਾਣੂ ਕਰਵਾ ਦਿੱਤਾ ਸੀ ਕਿ ਸੱਤ ਮੈਂਬਰੀ ਕਮੇਟੀ ਦੀ ਅਗਵਾਈ ਹੇਠ ਸੰਵਿਧਾਨਕ ਤੌਰ ’ਤੇ ਚੋਣ ਨਹੀਂ ਕਰਵਾਈ ਜਾ ਸਕੇਗੀ ਕਿਉਂਕਿ ਇਸ ਨਾਲ ਪਾਰਟੀ ਦੀ ਚੋਣ ਕਮਿਸ਼ਨ ਤੋਂ ਮਾਨਤਾ ਖ਼ਤਰੇ ਵਿੱਚ ਪੈ ਜਾਵੇਗੀ। ਉਨ੍ਹਾਂ ਕਿਹਾ ਕਿ ਜਥੇਦਾਰ ਨੇ ਇਸ ਬਾਰੇ ਸਹਿਮਤੀ ਦੇ ਦਿੱਤੀ ਸੀ।

# ਉਰਦੂ ਭਾਸ਼ਾ ਦੀ ਸਿਖਲਾਈ ਲਈ 20 ਜਨਵਰੀ ਤੱਕ ਲਿਆ ਜਾ ਸਕਦੇ ਦਾਖਲਾ : ਜ਼ਿਲ੍ਹਾ ਭਾਸ਼ਾ ਅ਼ਫਸਰ

**ਪਟਿਆਲਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਭਾਸ਼ਾ ਅ਼ਫਸਰ ਮਨਜਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਸ਼ਾ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਜ਼ਿਲ੍ਹਾ ਭਾਸ਼ਾ ਦਫ਼ਤਰ, ਪਟਿਆਲਾ ਵਿਖੇ ਜਨਵਰੀ 2025 ਤੋਂ ‘ਉਰਦੂ ਆਮੋਜ਼’ ਸਿਖਲਾਈ ਦੀਆਂ ਜਮਾਤਾਂ ਵਿੱਚ ਦਾਖ਼ਲਾ ਲੈਣ ਦੀ ਆਖ਼ਰੀ ਮਿਤੀ 10.01.2015 ਤੋਂ ਵਧਾ ਕੇ 20.01.2025 ਕੀਤੀ ਜਾਂਦੀ ਹੈ। ਇਹ ਸਿਖਲਾਈ ਜਨਵਰੀ ਮਹੀਨੇ (2025) ਤੋਂ ਸ਼ੁਰੂ ਹੋ ਕੇ ਜੂਨ (2025) ਮਹੀਨੇ ਤੱਕ ਚੱਲੇਗੀ। ਇਸ ਸਿਖਲਾਈ ਦੀ ਮਿਆਦ ਛੇ ਮਹੀਨੇ ਦੀ ਹੈ। ਇਸ ਸਿਖਲਾਈ ਦੀ ਸਮੁੱਚੀ ਇੱਕ ਵਾਰ ਦੀ ਫੀਸ 500/- ਰੁਪਏ ਹੈ। ਇਸ ਜਮਾਤ ਦਾ ਸਮਾਂ ਸ਼ਾਮ 5.00 ਵਜੇ ਤੋਂ ਲੈ ਕੇ 6.00 ਵਜੇ ਤੱਕ ਦਾ ਹੈ। ਇਸ ਲਈ ਉਰਦੂ ਸਿੱਖਣ ਦੇ ਚਾਹਵਾਨ ਵਿਅਕਤੀ ਮਿਤੀ 20.01.2025 ਤੱਕ ਦਫ਼ਤਰ, ਜ਼ਿਲ੍ਹਾ ਭਾਸ਼ਾ ਅ਼ਫਸਰ (ਭਾਸ਼ਾ ਭਵਨ), ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਆਪਣਾ ਫਾਰਮ (ਸਮੇਤ ਇਕ ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ ਅਤੇ ਵਿਦਿਅਕ ਯੋਗਤਾ ਦੇ ਸਰਕਟੀਫਿਕੇਟ ਦੀ ਫੋਟੋ ਕਾਪੀ) ਭਰ ਕੇ ਦਾਖਲਾ ਲੈ ਸਕਦੇ ਹਨ। ਉਰਦੂ ਆਮੋਜ਼ ਦੀ ਸਿਖਲਾਈ ਸਬੰਧੀ ਕਿਸੇ ਕਿਸਮ ਦੀ ਜਾਣਕਾਰੀ ਲਈ ਦਫ਼ਤਰ ਦੀ ਈਮੇਲ dlo.patiala @gmail. com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰੂ ਦੱਤ ਭਾਰਦਵਾਜ ਹੈਬੋਵਾਲ ਨੇ ਤ੍ਰਿਵੈਣੀ ਲਗਾ ਕੇ ਵਾਤਾਵਰਨ ਪੱਖੀ ਜਨਮ ਦਿਨ ਮਨਾਇਆ

**ਗੜ੍ਹਸ਼ੰਕਰ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਹੈਬੋਵਾਲ ਬੀਤ ਵਿਖੇ ਸਮਾਜ ਸੇਵੀ ਅਤੇ ਵਾਤਾਵਰਨ ਪ੍ਰੇਮੀ ਗੁਰੂ ਦੱਤ ਭਾਰਦਵਾਜ ਨੇ ਤ੍ਰਿਵੈਣੀ ਲਗਾ ਕੇ ਵਾਤਾਵਰਨ ਪੱਖੀ ਜਨਮ ਦਿਨ ਮਨਾਇਆ। ਇਸ ਮੌਕੇ ਉਹਨਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੈਬੋਵਾਲ ਦੇ ਵਿਦਿਆਰਥੀਆਂ ਨੂੰ ਕੜਾਹ ਪ੍ਰਸ਼ਾਦ ਵੰਡ ਕੇ ਖੁਸ਼ੀ ਸਾਂਝੀ ਕੀਤੀ। ਇਸ ਮੌਕੇ ਬੋਲਦਿਆਂ ਗਰੀਨ ਵਿਲੇਜ਼ ਵੈਲਫੇਅਰ ਸੁਸਾਇਟੀ ਬੀਣੇਵਾਲ ਦੇ ਪ੍ਰਧਾਨ ਪ੍ਰਿੰਸੀਪਲ ਰਾਜ ਕੁਮਾਰ ਨੇ ਕਿਹਾ ਕਿ ਪੌਦੇ ਲਗਾਉਣਾ ਅਤੇ ਉਹਨਾਂ ਨੂੰ ਪਾਲਣਾ ਸਮੇਂ ਦੀ ਲੋੜ ਹੈ। ਲੈਕਚਰਾਰ ਅਮਰੀਕ ਸਿੰਘ ਦਿਆਲ ਨੇ ਸ੍ਰੀ ਭਾਰਦਵਾਜ ਨੂੰ ਇਸ ਨੇਕ ਕਾਰਜ ਲਈ ਵਧਾਈ ਦਿੱਤੀ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਖੁਸ਼ੀ ਦੇ ਮੌਕਿਆਂ ਅਤੇ ਆਪਣੇ ਬਜ਼ੁਰਗਾਂ ਦੀ ਯਾਦ ਵਿੱਚ ਇੱਕ-ਇੱਕ ਪੌਦਾ ਜ਼ਰੂਰ ਲਗਾਉਣ ਅਤੇ ਉਸ ਦੀ ਦੇਖਭਾਲ ਕਰਨ।

ਮਹੇਸ਼ ਪੁਰੀ ਨੇ ਸਾਰਿਆਂ ਦਾ ਧੰਨਵਾਦ ਕੀਤਾ।ਇਸ ਮੌਕੇ ਗੁਰੂ ਦੱਤ ਭਾਰਦਵਾਜ, ਸਰਪੰਚ ਹੈਬੋਵਾਲ ਦੀਪਕ ਕੁਮਾਰ, ਸੁਰਿੰਦਰ ਚੰਦ ਡੀ.ਪੀ.ਈ, ਸੂਬੇਦਾਰ ਵਰਿੰਦਰ ਸ਼ਰਮਾ, ਜਸਬੀਰ ਵਿੱਕੀ ਸ਼ਿਵਾਲਕ ਮੈਡੀਕੋਜ ਹਾਜ਼ਰ ਸਨ।

# ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਨੇ ਖੰਨਾ ਵਿੱਚ ‘ਧੀਆਂ ਦੀ ਲੋਹੜੀ’ ਮਨਾਈ

**ਲੁਧਿਆਣਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਵਜੰਮੀਆ ਬੱਚੀਆ ਨੂੰ ਸਮਾਜ ਵਿੱਚ ਸਮਾਨਤਾ ਦਾ ਅਧਿਕਾਰ ਦਿਵਾਉਣ ਅਤੇ ਸੂਬੇ ਦੇ ਲਿੰਗ ਅਨੁਪਾਤ ਵਿੱਚ ਹੋਰ ਸੁਧਾਰ ਲਿਆਉਣ ਲਈ ਧੀਆਂ ਦੀ ਲੋਹੜੀ ਮਨਾਉਣਾ ਸਮੇਂ ਦੀ ਅਹਿਮ ਲੋੜ ਹੈ। ਧੀਆਂ ਇਸ ਦੇਸ਼ ਦੀ ਧਰੋਹਰ ਹਨ। ਜੇਕਰ ਦੇਸ਼ ਨੇ ਕਿਸੇ ਵੀ ਤਰ੍ਹਾਂ ਦੀ ਤਰੱਕੀ ਕਰਨੀ ਹੈ ਤਾਂ ਉਹ ਧੀਆਂ ਤੋਂ ਬਗੈਰ ਨਹੀਂ ਹੋ ਸਕਦੀ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਵੱਲੋਂ ਏ.ਐਸ.ਕਾਲਜ (ਲੜਕੀਆਂ), ਖੰਨਾ ਵਿਖੇ ਕਰਵਾਏ ਗਏ ’ਧੀਆਂ ਦੀ ਲੋਹੜੀ’ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਮੌਕੇ ਕੀਤਾ ਗਿਆ।




ਉਨ੍ਹਾਂ ਕਿਹਾ ਕਿ ਅੱਜ ਦਾ ਸਮਾਗਮ ਧੀਆਂ ਨੂੰ ਸਮਰਪਿਤ ਹੈ। ਕੋਈ ਅਜਿਹਾ ਖੇਤਰ ਨਹੀਂ ਜਿੱਥੇ ਧੀਆਂ ਦਾ ਯੋਗਦਾਨ ਨਾ ਹੋਵੇ। ਅੱਜ ਦੀਆਂ ਧੀਆਂ ਮਾਹਰ ਡਾਕਟਰ, ਪਾਇਲਟ, ਸਾਇੰਸਦਾਨ ਅਤੇ ਪ੍ਰੋਫੈਸਰ ਹਨ। ਸਮਾਜ ਵਿਚ ਧੀਆਂ ਦਾ ਸਤਿਕਾਰ ਸਭ ਤੋਂ ਪਹਿਲੇ ਨੰਬਰ ’ਤੇ ਹੈ। ਗੁਰੂ ਸਾਹਿਬ ਨੇ ਵੀ ਆਖਿਆ ਹੈ, ÷ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥÷ ਜਿਸ ਦੀ ਕੁੱਖ ਤੋਂ ਇਸ ਸ੍ਰਿਸ਼ਟੀ ਦੀ ਉਤਪੱਤੀ ਹੋਈ ਹੈ ਉਸ ਨੂੰ ਮੰਦਾ ਕਿਵੇਂ ਕਹਿ ਸਕਦੇ ਹਾਂ। ਅਸੀਂ ਦਿਲੋਂ ਚਾਹੁੰਦੇ ਹਾਂ ਕਿ ਧੀਆਂ ਨੂੰ ਹਰ ਖੇਤਰ ਵਿਚ ਅੱਗੇ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਹੁਤ ਖੇਤਰਾਂ ਵਿੱਚ ਧੀਆਂ ਅੱਜ ਮੁੰਡਿਆਂ ਤੋਂ ਅੱਗੇ ਲੰਘ ਚੁੱਕੀਆਂ ਹਨ।

ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਧੀਆਂ ਦੇ ਸਤਿਕਾਰ ਅਤੇ ਨਾਰੀ ਸਸ਼ਕਤੀਕਰਨ ਤਹਿਤ ਅਨੇਕਾਂ ਪਹਿਲਕਦਮੀਆਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਿੰਗ ਅਨੁਪਾਤ ਵਿੱਚ ਸੁਧਾਰ ਲਿਆਉਣ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਗੱਲ ਉੱਤੇ ਖੁਸ਼ੀ ਤੇ ਤਸੱਲੀ ਪ੍ਰਗਟਾਈ ਕਿ ਮੌਜੂਦਾ ਸਮੇਂ ਬਹੁਤ ਸਾਰੀਆਂ ਲੜਕੀਆਂ ਸਰਕਾਰੀ ਨੌਕਰੀਆਂ ਅਤੇ ਹੋਰ ਉੱਚੇ ਅਹੁਦਿਆਂ ’ਤੇ ਬਿਰਾਜਮਾਨ ਹਨ।

ਸੌਂਦ ਨੇ ਕਿਹਾ ਕਿ ਧੀਆਂ ਹਮੇਸ਼ਾ ਆਪਣੇ ਮਾਪਿਆਂ ਦੀ ਖ਼ੈਰ ਮੰਗਦੀਆਂ ਹਨ ਅਤੇ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਧੀਆਂ ਨੂੰ ਪੁੱਤਰਾਂ ਦੇ ਬਰਾਬਰ ਦਾ ਮਾਹੌਲ ਸਿਰਜੀਏ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਧੀਆਂ ਦੀ ਸਿੱਖਿਆ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਸਿੱਖਿਆ ਹੀ ਅਜਿਹੀ ਪੌੜੀ ਹੈ ਜਿਸ ਰਾਹੀ ਔਰਤਾਂ ਸਮਾਜ ਵਿੱਚ ਸਮਾਨਤਾ ਦਾ ਅਧਿਕਾਰ ਪਾ ਸਕਦੀਆਂ ਹਨ।

ਮੁੱਖ ਮਹਿਮਾਨ ਨੇ ਕਿਹਾ ਕਿ ਪੰਜਾਬ ਦੀਆਂ ਧੀਆਂ ਨੇ ਘਰਾਂ ਦੀਆਂ ਚਾਰਦੀਵਾਰੀਆਂ ਵਿੱਚੋਂ ਨਿਕਲ ਕੇ ਆਪਣਾ ਅਤੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਸੂਬੇ ਦੀਆਂ ਧੀਆਂ-ਭੈਣਾਂ ਲਈ ਬਜਟ ਵਿੱਚ ਉਚੇਚਾ ਹਿੱਸਾ ਰੱਖਿਆ ਹੈ।

ਇਸ ਮੌਕੇ ਗਾਇਕ ਮੀਤ ਕੌਰ ਅਤੇ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ। ਪ੍ਰੋਗਰਾਮ ਵਿੱਚ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੀ ਧਰਮ ਪਤਨੀ ਕਮਲਜੀਤ ਕੌਰ ਅਤੇ ਬੇਟੀ ਜਸਕੀਰਤ ਕੌਰ ਵੀ ਵਿਸ਼ੇਸ਼ ਤੌਰ ’ਤੇ ਸ਼ਾਮਿਲ ਹੋਏ।

ਪ੍ਰੋਗਰਾਮ ਦੌਰਾਨ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਮਾਲਵਿੰਦਰ ਸਿੰਘ ਜੱਗੀ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੀ ਡਾਇਰੈਕਟਰ ਸ੍ਰੀਮਤੀ ਅੰਮ੍ਰਿਤ ਸਿੰਘ, ਜੁਆਇੰਟ ਡਾਇਰੈਕਟਰ ਦਮਪ੍ਰੀਤ ਸਿੰਘ ਵਾਲੀਆ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਮਰਜੀਤ ਬੈਂਸ, ਵਧੀਕ ਡਿਪਟੀ ਕਮਿਸ਼ਨਰ ਖੰਨਾ ਮੈਡਮ ਸ਼ਿਖਾ ਭਗਤ, ਉਪ ਮੰਡਲ ਮੈਜਿਸਟਰੇਟ ਖੰਨਾ ਡਾ. ਬਲਵਿੰਦਰ ਸਿੰਘ ਢਿੱਲੋਂ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅ਼ਫਸਰ ਨਵਦੀਪ ਕੌਰ, ਕਾਲਜ ਦੀ ਪ੍ਰਿੰਸੀਪਲ ਰਣਜੀਤ ਕੌਰ ਸਮੇਤ ਭਾਰੀ ਗਿਣਤੀ ‘ਚ ਲੜਕੀਆਂ ਹਾਜ਼ਰ ਸਨ।

# ਮੁੱਖ ਮੰਤਰੀ ਦੇ ਸ਼ਹਿਰ ’ਚ ਵਧੀਆ ਚੋਰੀਆਂ ਸ਼ਹਿਰ ਵਾਸੀਆਂ ਵਿੱਚ ਸਹਿਮ ਦਾ ਮਾਹੌਲ

**ਧੂਰੀ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਿਧਾਨ ਸਭਾ ਹਲਕੇ ਹਲਕਾ ਧੂਰੀ ਵਿੱਚ ਚੋਰਾਂ ਵੱਲੋਂ ਲਗਾਤਾਰ ਚੋਰੀਆਂ ਕੀਤੀਆਂ ਜਾ ਰਹੀਆਂ ਹਨ। ਜਿਸ ਕਾਰਨ ਧੂਰੀ ਵਾਸੀਆਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਅੱਜ ਧੂਰੀ ਵਿੱਚ ਸਮੂਹ ਸਮਾਜਿਕ ਅਤੇ ਰਾਜਨੀਤਿਕ ਪਾਰਟੀਆਂ ਨੇ ਧੂਰੀ ਵਿੱਚ ਥਾਣੇ ਦਾ ਘਿਰਾਓ ਕੀਤਾ। ਅਤੇ ਪ੍ਰਸ਼ਾਸਨ ਖ਼ਿਲਾਫ਼ ਕੀਤੀ ਨਾਅਰੇਬਾਜ਼ੀ ਉਨ੍ਹਾਂ ਕਿਹਾ ਕਿ ਧੂਰੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਆਪਣਾ ਹਲਕਾ ਹੈ ਅਤੇ ਪੰਜਾਬ ਦੀ ਕਮਾਂਡ ਧੂਰੀ ਤੋਂ ਚਲਦੀ ਹੈ ਕਿਉਂਕਿ ਭਗਵੰਤ ਸਿੰਘ ਮਾਨ ਇੱਥੋਂ ਹੀ ਰਹਿੰਦੇ ਹਨ। ਅਤੇ ਸੀ.ਐਮ ਸਿਟੀ ਧੂਰੀ ਦੀ ਹਾਲਤ ਖਰਾਬ ਹੈ। ਚੋਰਾਂ ਨੇ ਪੂਰੇ ਸ਼ਹਿਰ ਨੂੰ ਘੇਰ ਲਿਆ ਹੈ। ਅਸੀਂ ਚਾਹੁੰਦੇ ਹਾਂ ਕਿ ਜੇਕਰ ਪੁਲਿਸ ਪ੍ਰਸ਼ਾਸਨ ਵੱਲੋਂ ਚੋਰਾਂ ਨੂੰ ਨਾ ਫੜਿਆ ਜਾਵੇ ਤਾਂ ਥਾਣੇ ਨੂੰ ਤਾਲਾ ਲਗਾ ਕੇ ਬੰਦ ਕੀਤਾ ਜਾਵੇ । ਨਹੀਂ, ਪੁਲਿਸ ਨੂੰ ਆਪਣੀ ਡਿਊਟੀ ਇਮਾਨਦਾਰੀ ਨਾਲ ਕਰਨੀ ਚਾਹੀਦੀ ਹੈ ਅਤੇ ਚੋਰਾਂ ਨੂੰ ਜਲਦ ਤੋਂ ਜਲਦ ਕਾਬੂ ਕਰਨਾ ਚਾਹੀਦਾ ਹੈ। ਇਸ ਮੌਕੇ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਸ਼ੁਭਮ ਸ਼ਰਮਾ ਸ਼ੁਭੀ, ਵਪਾਰ ਮੰਡਲ ਤੋਂ ਵਿਕਾਸ ਜੈਨ, ਕਾਂਗਰਸ ਤੋਂ ਨਰੇਸ਼ ਮੰਗੀ, ਭਾਜਪਾ ਤੋਂ ਭੁਪੇਸ਼ ਜਿੰਦਲ ਅਤੇ ਧੂਰੀ ਦੇ ਸਮੂਹ ਵਪਾਰੀ ਹਾਜ਼ਰ ਸਨ।

# ਸਿਟੀ ਮੀਡੀਆ ਪ੍ਰੈਸ ਕਲੱਬ ਸਨਾਮ ਵੱਲੋਂ ਮਨਾਈ ਜਾਵੇਗੀ ਸ੍ਰੀ ਰਾਮ ਲੱਲਾ ਪ੍ਰਾਣ ਪ੍ਰਤਿਸ਼ਠਾ ਵਰ੍ਹੇਗੰਢ

**ਸੁਨਾਮ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਟੀ ਮੀਡੀਆ ਪ੍ਰੈਸ ਕਲੱਬ ਵੱਲੋਂ ਸ਼੍ਰੀ ਰਾਮ ਮੰਦਿਰ ਅਯੋਧਿਆ ਵਿੱਚ ਰਾਮ ਲੱਲਾ ਪ੍ਰਾਣ ਪ੍ਰਤਿਸ਼ਠਾ ਵਰੇਗੰਢ ਨੂੰ ਸਮਰਪਿਤ ਵਿਸ਼ਾਲ ਧਾਰਮਿਕ ਸਮਾਗਮ 22 ਜਨਵਰੀ ਨੂੰ ਇੰਦਰ ਬਸਤੀ ਦੇ ਸ਼੍ਰੀ ਰਾਮ ਮੰਦਿਰ ਵਿੱਚ ਆਯੋਜਿਤ ਕੀਤਾ ਜਾਵੇਗਾ। ਇਹ ਜਾਣਕਾਰੀ ਕਲੱਬ ਦੇ ਪ੍ਰਧਾਨ ਤਰੁਣ ਬਾਂਸਲ ਨੇ ਕਲੱਬ ਦੇ ਮੈਂਬਰਾਂ ਨਾਲ ਸਾਂਝੀ ਕੀਤੀ।

ਉਨ੍ਹਾਂ ਦੱਸਿਆ ਕਿ ਇਸ ਸ਼ੁਭ ਮੌਕੇ ਤੇ ਸ਼੍ਰੀ ਸੁੰਦਰ ਕਾਂਡ ਦੇ ਪਾਠ ਹੋਣਗੇ ਅਤੇ ਸ਼ਰਧਾਲੂਆਂ ਲਈ ਅਤੁੱਟ ਲੰਗਰ ਲਗਾਇਆ ਜਾਵੇਗਾ।



ਤਰੁਣ ਬਾਂਸਲ ਇਹ ਜਾਣਕਾਰੀ ਸਲਰਪ ਹੋਟਲ ਵਿਖੇ ਕਲੱਬ ਵੱਲੋਂ ਮਨਾਏ ਗਏ ਲੋਹੜੀ ਦੇ ਤਿਉਹਾਰ ਦੌਰਾਨ ਮੈਂਬਰਾਂ ਨਾਲ ਗੱਲਬਾਤ ਕਰਦੇ ਹੋਏ ਸਾਂਝੀ ਕਰ ਰਹੇ ਸਨ। ਤਰੁਣ ਬਾਂਸਲ ਨੇ ਮੀਡੀਆ ਨੂੰ ਜਾਰੀ ਬਿਆਨ ਵਿੱਚ ਦੱਸਿਆ ਸਿਟੀ ਮੀਡੀਆ ਪ੍ਰੈਸ ਕਲੱਬ ਵੱਲੋਂ ਇਸ ਧਾਰਮਿਕ ਸਮਾਗਮ ਦੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ ਅਤੇ ਇਹ ਸਮਾਰੋਹ ਸ਼ਰਧਾਲੂਆਂ ਲਈ ਧਾਰਮਿਕ ਅਤੇ ਆਧਿਆਤਮਿਕ ਪ੍ਰੇਰਨਾ ਦਾ ਸਰੋਤ ਬਣੇਗਾ।

ਕਲੱਬ ਦੇ ਸਕੱਤਰ ਆਰ.ਐਨ. ਕਾਂਸਲ ਨੇ ਇਸ ਸਮਾਗਮ ਵਿੱਚ ਸ਼ਾਮਲ ਸਾਰੇ ਮੈਂਬਰਾਂ ਦਾ ਸਵਾਗਤ ਕੀਤਾ ਅਤੇ ਪਿਛਲੇ ਦਿਨਾਂ ਦੌਰਾਨ ਸ਼ਹੀਦੀ ਜੋੜ ਮੇਲੇ ਵਿੱਚ ਲਗਾਏ ਗਏ ਲੰਗਰ ਲਈ ਪ੍ਰਸ਼ਾਸ਼ਨ ਦੇ ਸਹਿਯੋਗ ਅਤੇ ਕਲੱਬ ਮੈਂਬਰਾਂ ਦੇ ਯੋਗਦਾਨ ਲਈ ਧੰਨਵਾਦ ਜਤਾਇਆ।

ਇਸ ਮੌਕੇ ਕਲੱਬ ਦੇ ਮੁੱਖ ਸਰਪ੍ਰਸਤ ਕ੍ਰਿਸ਼ਨ ਸੰਦੋਹਾ ਨੇ ਆਪਣੀ ਕਈ ਦਹਾਕਿਆਂ ਦੀ ਪੱਤਰਕਾਰਿਤਾ ਦੇ ਤਜਰਬੇ ਸਾਂਝੇ ਕਰਦਿਆਂ ਕਲੱਬ ਮੈਂਬਰਾਂ ਨੂੰ ਸਮਾਜ ਹਿੱਤ ਸਾਫ-ਸੁਥਰੀ ਸੇਵਾਵਾਂ ਕਰਨ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਕਲੱਬ ਮੈਂਬਰਾਂ ਦੀ ਪਿਛਲੇ ਸਮੇਂ ਦੌਰਾਨ ਕੀਤੀਆਂ ਵਧੀਆ ਕਾਰਗੁਜ਼ਾਰੀਆਂ ਦੀ ਹੌਂਸਲਾ ਅਫਜਾਈ ਵੀ ਕੀਤੀ।

ਕਲੱਬ ਮੈਂਬਰ ਵਿਕਰਮ ਸ਼ਰਮਾ ਵੱਲੋਂ ਵੀ ਕਈ ਅਹਿਮ ਵਿਚਾਰ ਪੇਸ਼ ਕੀਤੇ ਗਏ, ਜਿਨ੍ਹਾਂ ਦੀ ਮੈਬਰਾਂ ਵੱਲੋਂ ਸ਼ਲਾਘਾ ਕੀਤੀ ਗਈ।

ਇਸ ਸਮਾਰੋਹ ਵਿੱਚ ਅਰੁਣ ਬਾਂਸਲ, ਅੰਸ਼ੂ ਡੋਗਰਾ, ਅਭਿਸ਼ੇਕ ਜਿੰਦਲ, ਅਸ਼ੋਕ ਬਾਂਸਲ, ਪ੍ਰਦੀਪ ਕੁਮਾਰ, ਅਸ਼ੋਕ ਸਿੰਗਲਾ, ਸ਼ੈਲੀ ਬਾਂਸਲ, ਕਰਮ ਸਿੰਘ ਥਿੰਦ, ਵਰੁਣ ਬਾਂਸਲ, ਹਾਕਮ ਸਿੰਘ ਭੱਟੀ, ਕੁਲਦੀਪ ਸਿੰਘ ਖਿੱਪਲ, ਰਾਜੇਸ਼ ਕੁਮਾਰ, ਰਾਜੂ ਸਿੰਗਲਾ ਹਾਜ਼ਰ ਸਨ।

# ਲੰਬੀ ਦੇ ਪਿੰਡ ਸਿੱਖਾਂਵਾਲਾ ਕਾਲਜ ਵਿੱਚ ਸੱਤ ਰੋਜ਼ਾ ਐਨ ਐਸ ਐਸ ਕੈਂਪ ਦੀ ਹੋਈ ਸ਼ੁਰੂਆਤ

**ਲੰਬੀ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਯੂਨੀਵਰਸਿਟੀ ਕੰਸਟੀਚੁਐਂਟ ਕਾਲਜ਼, ਸਿੱਖਾਂਵਾਲਾ , ਸ੍ਰੀ ਮੁਕਤਸਰ ਸਾਹਿਬ ਵਿਖੇ ਪ੍ਰਿੰਸੀਪਲ ਡਾ ਜਸਮਿੰਦਰ ਸਿੰਘ ਢਿੱਲੋਂ ਦੀ ਸੁਯੋਗ ਅਗਵਾਈ ਵਿਚ ਸੱਤ ਰੋਜ਼ਾ ਮਿਤੀ 6 ਜਨਵਰੀ 2025 ਤੋਂ 12 ਜਨਵਰੀ 2025 ਤੱਕ/ਐਨ ਐਸ ਐਸ ਕੈਂਪ ਦੀ ਸ਼ੁਰੂਆਤ ਹੋਈ, ਜਿਸ ਵਿਚ 88 ਦੇ ਕਰੀਬ ਵਲੰਟੀਅਰਜ ਨੇ ਭਾਗ ਲਿਆ। ਕੈਂਪ ਦੀ ਸ਼ੁਰੂਆਤ ਰਾਸ਼ਟਰੀ ਗੀਤ ਨਾਲ ਕੀਤੀ ਗਈ ਅਤੇ ਸ਼ਬਦ ਗਾਇਨ ਹੋਇਆ।

ਪ੍ਰੋਗਰਾਮ ਅਫਸਰ ਡਾ ਰਣਜੀਤ ਕੌਰ ਅਤੇ ਡਾ ਅਮਰਿੰਦਰ ਸਿੰਘ ਨੇ ਵਲੰਟੀਅਰਜ ਨੂੰ ਐਨ ਐਸ ਐਸ ਦੀ ਅਹਿਮੀਅਤ ਤੋਂ ਜਾਣੂ ਕਰਵਾਇਆ। ਇਸ ਸਮੇਂ ਪ੍ਰਿੰਸੀਪਲ ਪ੍ਰੋਫੈਸਰ ਡਾ ਜਸਮਿੰਦਰ ਸਿੰਘ ਢਿੱਲੋਂ ਨੇ ਵਿਦਿਆਰਥੀਆਂ ਨੂੰ ਸੇਵਾ ਭਾਵਨਾ ਅਤੇ ਸਮਾਜ ਭਲਾਈ ਦੇ ਕੰਮਾਂ ਨੂੰ ਇਮਾਨਦਾਰੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਸਵੱਛ ਭਾਰਤ ਅਭਿਆਨ ਤਹਿਤ ਵਲੰਟੀਅਰਜ ਨੇ ਸਫਾਈ ਮੁਹਿੰਮ ਦਾ ਅਗਾਜ ਕੀਤਾ

# ਝੋਨੇ ਦਾ ਸੁਚੱਜਾ ਮੰਡੀਕਰਨ ਕਿਵੇਂ ਕੀਤਾ ਜਾਵੇ ?



**• ਅਮਰੀਕ ਸਿੰਘ ਚੀਮਾ**

ਝੋਨਾ ਸਾਉਣੀ ਦੀ ਮੁੱਖ ਫ਼ਸਲ ਹੈ ਜੋ ਸਾਲ 2015-16 ਦੌਰਾਨ ਤਕਰੀਬਨ 29.75 ਲੱਖ ਹੈਕਟੇਅਰ ਰਕਬੇ ਵਿਚ ਬੀਜੀ ਗਈ ਹੈ। ਰਾਜ ਦੀਆਂ ਮੰਡੀਆਂ ਵਿਚ ਸਾਲ 1970-71 ਵਿਚ ਝੋਨੇ ਦੀ ਕੁੱਲ ਆਮਦ 8.46 ਲੱਖ ਟਨ ਸੀ ਜੋ 2015-16 ਵਿਚ ਵਧ ਕੇ 177.34 ਲੱਖ ਟਨ ਤੱਕ ਪਹੁੰਚ ਗਈ । ਚਾਲੂ ਸਾਲ ਦੌਰਾਨ ਮੰਡੀਆਂ ਵਿਚ ਝੋਨੇ ਦੀ ਕੁੱਲ ਆਮਦ ਹੋਣ ਦੀ ਸੰਭਾਵਨਾ ਹੈ। ਜਿਸ ਤਰ੍ਹਾਂ ਝੋਨੇ ਦੀ ਪੈਦਾਵਾਰ ਲਈ ਤਕਨੀਕੀ ਗਿਆਨ ਦਾ ਹੋਣਾ ਜ਼ਰੂਰੀ ਹੈ, ਉਸੇ ਤਰ੍ਹਾਂ ਜਿਣਸ ਦਾ ਮੰਡੀਕਰਨ ਦੇ ਗਿਆਨ ਦਾ ਹੋਣਾ ਹੋਰ ਵੀ ਬਹੁਤ ਜ਼ਰੂਰੀ ਹੈ। ਆਮ ਕਰਕੇ ਦੇਖਿਆ ਜਾਂਦਾ ਹੈ ਕਿ ਕਿਸਾਨ ਸੋਚਦੇ ਹਨ ਕਿ ਖੇਤੀ ਜਿਨਸਾਂ ਦਾ ਮੰਡੀਕਰਨ ਪੈਦਾਵਾਰ ਤੋਂ ਬਾਅਦ ਵਿਚ ਸ਼ੁਰੂ ਹੁੰਦਾ ਹੈ, ਜਦ ਕਿ ਕਿਸਾਨਾਂ ਨੂੰ ਫ਼ਸਲ ਦੀ ਬਿਜਾਈ ਤੋਂ ਪਹਿਲਾਂ ਹੀ ਮੰਡੀਕਰਨ ਬਾਰੇ ਸੋਚਣਾ ਚਾਹੀਦਾ ਹੈ। ਮੰਡੀਕਰਨ ਨਾਲ ਸੰਬੰਧਤ ਮਾਹਿਰਾਂ ਦੀ ਰਾਇ ਹੈ ਕਿ ਜੇਕਰ ਜਿਣਸ ਦੀ ਵਿਕਰੀ, ਮੰਡੀਕਰਨ ਦੇ ਸਿਧਾਤਾਂ ਨੂੰ ਮੁੱਖ ਰੱਖ ਕੇ ਕੀਤੀ ਜਾਵੇ ਤਾਂ ਕਿਸਾਨ ਆਪਣੀ ਉਪਜ ਦਾ ਲਾਹੇਵੰਦ ਭਾਅ ਲੈ ਸਕਦੇ ਹਨ। ਜੇਕਰ ਹੇਠ ਲਿਖੀਆਂ ਕੁਝ ਗੱਲਾਂ ਦਾ ਖਿਆਲ ਰੱਖਿਆ ਜਾਵੇ ਤਾਂ ਮੰਡੀਕਰਨ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਤੋਂ ਬਚਿਆ ਜਾ ਸਕਦਾ ਹੈ।

ਝੋਨੇ ਅਤੇ ਬਾਸਮਤੀ ਦੀ ਕਟਾਈ ਫ਼ਸਲ ਦੇ ਪੂਰੀ ਤਰਾਂ ਪੱਕਣ 'ਤੇ ਹੀ ਕਰੋ ਕਿਉਂਕਿ ਜੇਕਰ ਫ਼ਸਲ ਦੀ ਕਟਾਈ ਪੱਕਣ ਤੋਂ ਪਹਿਲਾਂ ਹੀ ਕਰ ਲਈ ਜਾਵੇ ਤਾਂ ਅਣਪੱਕੇ ਅਤੇ ਹਰੇ ਦਾਣੇ ਉਪਜ ਦੇ ਮਿਆਰੀਪਨ 'ਤੇ ਅਸਰ ਪਾਉਂਦੇ ਹਨ। ਇਸ ਤਰਾਂ ਕਿਸਾਨ ਨੂੰ ਕਈ ਵਾਰ ਜਿਣਸ ਦਾ ਘੱਟ ਭਾਅ ਮਿਲਦਾ ਹੈ। ਇਸ ਤੋਂ ਇਲਾਵਾ ਉਪਜ ਨੂੰ ਪੂਰੀ ਤਰਾਂ ਸੁਕਾ ਕੇ ਮੰਡੀ ਵਿਚ ਲਿਜਾਇਆ ਜਾਵੇ ਤਾਂ ਬਹੁਤ ਸਾਰੀ ਖੱਜਲ-ਖਰਾਬੀ ਤੋਂ ਬਚਿਆ ਜਾ ਸਕਦਾ ਹੈ ਅਤੇ ਵਧੇਰੇ ਵਿੱਤੀ ਫਾਇਦਾ ਵੀ ਹੋਵੇਗਾ। ਕਈ ਵਾਰ ਕਿਸਾਨ ਉਪਜ ਨੂੰ ਕੱਚੇ ਪਿੜ ਜਾਂ ਖੇਤ ਵਿਚ ਇਕੱਠਾ ਕਰ ਲੈਂਦੇ ਹਨ ਜਿਸ ਨਾਲ ਮਿੱਟੀ ਘੱਟਾ ਜਿਣਸ ਵਿਚ ਰਲ ਜਾਂਦਾ ਹੈ । ਇਸ ਲਈ ਮੰਡੀ ਵਿਚ ਜਿਣਸ ਲਿਜਾਣ ਤੋਂ ਪਹਿਲਾਂ ਜਿਨਸ ਨੂੰ ਸਾਫ ਕਰ ਲੈਣਾ ਚਾਹੀਦਾ। ਬਿਜਲੀ ਨਾਲ ਚੱਲਣ ਵਾਲੇ ਪੱਖੇ ਨਾਲ ਵੀ ਸਫਾਈ ਕੀਤੀ ਜਾ ਸਕਦੀ ਹੈ। ਕਦੇ ਵੀ ਛਾਂ ਹੇਠੋਂ ਝੋਨਾ ਪੱਕੇ ਹੋਏ, ਬਿਮਾਰੀ ਨਾਲ ਪ੍ਰਭਾਵਿਤ ਝੋਨੇ ਦੀ ਕਟਾਈ ਪੱਕੇ ਹੋਏ ਝੋਨੇ ਦੀ ਕਟਾਈ ਦੇ ਨਾਲ ਨਾਂ ਕਰੋ ਕਿਉਂਕਿ ਇਹ ਵੀ ਉਪਜ ਦੇ ਮਿਆਰੀਪਨ 'ਤੇ ਅਸਰ ਪਾਉਂਦੀ ਹੈ। ਵੱਖ -ਵੱਖ ਕਿਸਮਾਂ ਦੀ ਕਟਾਈ ਹਮੇਸ਼ਾ ਵੱਖ ਵੱਖ ਹੀ ਕਰਨੀ ਚਾਹੀਦੀ ਹੈ। ਚੰਗਾ ਅਤੇ ਪੂਰਾ ਭਾਅ ਲੈਣ ਲਈ ਉਪਜ ਵਿਚ ਨਮੀਂ ਦੀ ਮਾਤਰਾ ਨਿਰਧਾਰਤ ਮਾਪਦੰਡਾਂ ਅਨੁਸਾਰ ਹੀ ਹੋਣੀ ਚਾਹੀਦੀ ਕਿਉਂ ਨਮੀ ਦੀ ਮਾਤਰਾ ਦੇ ਆਧਾਰ 'ਤੇ ਹੀ ਉਪਜ ਦਾ ਮੰਡੀਕਰਨ ਹੁੰਦਾ ਹੈ, ਬੇਹਤਰ ਹੋਵੇਗਾ ਜੇਕਰ ਖੜ੍ਹੀ ਫ਼ਸਲ ਨੂੰ ਚੰਗੀ ਤਰਾਂ ਪੱਕਣ 'ਤੇ ਹੀ ਕਟਾਈ ਕਰਕੇ ਘਰੋਂ ਸੁਕਾ ਕੇ ਲਿਆਵੇ ਤਾਂ ਜੋ ਕਿਸਾਨ ਫ਼ਸਲ ਵੇਚ ਕੇ ਸਮੇਂ ਸਿਰ ਘਰ ਵਾਪਸ ਜਾ ਸਕੇ। ਜੇਕਰ ਉਪਜ ਵਿਚ ਨਮੀ ਦੀ ਮਾਤਰਾ ਜ਼ਿਆਦਾ ਹੋਵੇਗੀ ਤਾਂ ਮੰਡੀ ਵਿਚ ਖਿਲਾਰ ਕੇ ਸੁਕਾਉਣੀ ਪੈਂਦੀ ਹੈ ਅਤੇ ਮੰਡੀਆਂ ਵਿਚ ਜਗ੍ਹਾ ਸੀਮਿਤ ਹੋਣ ਕਾਰਨ ਸਕਾਉਣ ਵੇਲੇ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਝੋਨੇ ਦੀ ਕਟਾਈ ਸਵੇਰੇ 10 ਵਜੇ ਤੋਂ ਬਾਅਦ ਅਤੇ ਸ਼ਾਮ 7 ਵਜੇ ਤੋਂ ਪਹਿਲਾਂ ਹੀ ਕਰੋ। ਜੇਕਰ ਦਾਣੇ ਦੰਦਾਂ ਨਾਲ ਚਬਾਉਣ 'ਤੇ ਕੜੱਕ ਕਰ ਟੁੱਟਣ ਤਾਂ ਸਮਝੋ ਨਮੀ ਦੀ ਮਾਤਰਾ ਪੂਰੀ ਹੈ ਅਤੇ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਹੋਰ ਸੁਕਾਉਣ ਦੀ ਜ਼ਰੂਰਤ ਹੈ, ਇਸ ਲਈ ਜ਼ਰੂਰੀ ਹੈ ਫ਼ਸਲ ਚੰਗੀ ਤਰ੍ਹਾਂ ਪੱਕਣ 'ਤੇ ਹੀ ਕਟਾਈ ਕੀਤੀ ਜਾਵੇ। ਝੋਨੇ ਦੀਆਂ ਸਾਰੀਆਂ ਕਿਸਮਾਂ ਵਿਚ ਨਮੀ ਦੀ ਮਾਤਰਾ 17 ਫੀਸਦੀ ਅਤੇ ਮਿੱਟੀ ਘੱਟੇ ਦੀ ਮਿਕਦਾਰ 2.0 ਫੀਸਦੀ ਨਿਰਧਾਰਤ ਕੀਤੀ ਗਈ ਹੈ। ਖਰਾਬ, ਬਦਰੰਗ , ਪੁੰਗਰੇ ਅਤੇ ਸੁੰਡੀਆਂ ਦੇ ਖਾਧੇ ਦਾਣੇ 4.0 ਫੀਸਦੀ, ਕੱਚੇ , ਸੁੰਗੜੇ ਅਤੇ ਪਿਚਕੇ ਦਾਣੇ 3.0 ਫੀਸਦੀ ਅਤੇ ਹੇਠਲੇ ਵਰਗ ਦੇ ਦਾਣਿਆਂ ਦੇ ਮਿਸ਼ਰਣ ਵੱਧ ਤੋਂ ਵੱਧ 6.0 ਫੀਸਦੀ ਹੋ ਸਕਦੀ ਹੈ।



ਕਿਸਾਨਾਂ ਨੂੰ ਮੰਡੀਆਂ ਵਿਚ ਅਦਾਇਗੀਯੋਗ ਖਰਚਿਆਂ ਦੀ ਕਟੌਤੀ ਦਾ ਪੂਰਾ ਗਿਆਨ ਹੋਣਾ ਚਾਹੀਦਾ। ਕਿਸਾਨ ਨੇ ਮੰਡੀ ਵਿਚ ਸਫਾਈ ਅਤੇ ਉਤਰਾਈ ਦਾ ਹੀ ਖਰਚਾ ਦੇਣਾ ਹੁੰਦਾ। ਇਕ ਝਾਰ ਲੱਗੇ ਝੋਨੇ ਦੀ 35 ਕਿਲੋ ਭਰਾਈ 'ਤੇ 2.05 ਰੁਪਏ, 37.50 ਕਿਲੋ ਭਰਾਈ 'ਤੇ 2.21ਰੁਪਏ ਅਤੇ 50 ਕਿਲੋ ਭਰਾਈ 'ਤੇ 2.78 ਰੁਪਏ ਉਤਰਾਈ ਦਾ ਖਰਚਾ, ਸਫਾਈ ਪਾਵਰ ਕਲੀਨਰ ਦਾ ਖਰਚਾ 35 ਕਿਲੋ ਭਰਾਈ 'ਤੇ 5.70 ਰੁਪਏ, 37.50 ਕਿਲੋ ਭਰਾਈ 'ਤੇ 6.11 ਰੁਪਏ ਅਤੇ 50 ਕਿਲੋ ਭਰਾਈ 'ਤੇ 7.64 ਰੁਪਏ ਪ੍ਰਤੀ ਨਗ ਦੇਣੇ ਹੁੰਦੇ ਹਨ। ਖਾਲੀ ਬੋਰੀ ਦਾ ਭਾਰ 750 ਗ੍ਰਾਮ ਹੁੰਦਾ ਹੈ।

ਫ਼ਸਲਾਂ ਦੀ ਖਰੀਦ ਤੇ ਹੋਰ ਖਰਚੇ ਜਿਵੇਂ ਮਾਰਕੀਟ ਫੀਸ, ਖਰੀਦ ਟੈਕਸ, ਆੜ੍ਹਤ, ਪੇਂਡੂ ਵਿਕਾਸ ਫੰਡ, ਬੁਨਿਆਦੀ ਢਾਂਚਾ ਵਿਕਾਸ ਫੰਡ ਖਰੀਦਦਾਰ ਨੇ ਦੇਣੇ ਹੁੰਦੇ ਹਨ, ਨਾ ਕਿ ਜ਼ਿਮੀਂਦਾਰ ਨੇ। ਕਿਸਾਨ ਨੂੰ ਜਿਣਸ ਦੀ ਬੋਲੀ ਮੌਕੇ ਹਮੇਸ਼ਾਂ ਢੇਰੀ ਦੇ ਕੋਲ ਰਹਿਣਾ ਚਾਹੀਦਾ ਤਾਂ ਜੋ ਢੇਰੀ ਦੇ ਲੱਗੇ ਭਾਅ ਦਾ ਪਤਾ ਲੱਗ ਸਕੇ। ਜੇਕਰ ਕਿਸਾਨ ਨੂੰ ਲੱਗੇ ਕਿ ਭਾਅ ਘੱਟ ਲੱਗਾ ਹੈ ਤਾਂ ਉਹ ਵੇਚਣ ਤੋਂ ਇਨਕਾਰ ਵੀ ਕਰ ਸਕਦਾ ਹੈ। ਫ਼ਸਲ ਦੀ ਵਿਕਰੀ ਉਪਰੰਤ ਪੱਕੀ ਪਰਚੀ ਭਾਵ 'ਜੇ' ਫਾਰਮ ਜ਼ਰੂਰ ਲਉ। ਅਸਲੀ 'ਜੇ' ਫਾਰਮ ਉਪਰ ਸਕੱਤਰ ਮਾਰਕੀਟ ਕਮੇਟੀ ਦੀ ਮੋਹਰ ਲੱਗੀ ਹੁੰਦੀ ਹੈ। ਕਿਸਾਨ ਨੂੰ ਆਪਣੀ ਜਿਣਸ ਦੀ ਤੁਲਾਈ ਆਪਣੀ ਨਿਗਰਾਨੀ ਹੇਠ ਕਰਵਾਉਣੀ ਚਾਹੀਦੀ ਹੈ, ਜੇਕਰ ਕਿਸਾਨ ਨੂੰ ਲੱਗੇ ਕਿ ਤੁਲਾਈ ਵੱਧ ਹੋ ਰਹੀ ਹੈ ਤਾਂ ਉਹ ਆਪਣੀ ਤੋਲੀ ਜਿਣਸ ਦੀ 10 ਫੀਸਦੀ ਦੀ ਤੁਲਾਈ ਬਿਨਾਂ ਕਿਸੇ ਫੀਸ ਤੋਂ 'ਪਰਖ ਤੁਲਾਈ' ਕਰਵਾ ਸਕਦਾ ਹੈ। ਇਹ ਤੁਲਵਾਈ ਮਾਰਕੀਟ ਕਮੇਟੀ ਦੇ ਕਰਮਚਾਰੀ ਜਾਂ ਖੇਤੀਬਾੜੀ ਵਿਭਾਗ ਦੇ ਮੰਡੀਕਰਨ ਸ਼ਾਖਾ ਦੇ ਖੇਤੀਬਾੜੀ ਵਿਕਾਸ ਅਫਸਰ ਜਾਂ ਸਹਾਇਕ ਮੰਡੀਕਰਨ ਅਫਸਰ ਦੀ ਹਾਜ਼ਰੀ ਵਿਚ ਹੋਣੀ ਜ਼ਰੂਰੀ ਹੈ।

ਜੇਕਰ ਤੁਲਾਈ ਵੱਧ ਨਿਕਲਦੀ ਹੈ ਤਾਂ ਵਾਧੂ ਤੋਲੀ ਜਿਣਸ ਦੀ ਕੀਮਤ ਲੈਣ ਦਾ ਕਿਸਾਨ ਹੱਕਦਾਰ ਹੁੰਦਾ ਹੈ ਅਤੇ ਪੱਲੇਦਾਰ ਦਾ ਲਾਇਸੈਂਸ ਵੀ ਰੱਦ ਅਤੇ ਜੁਰਮਾਨਾ ਵੀ ਹੋ ਸਕਦਾ ਹੈ। ਸਾਲ 2017-18 ਦੌਰਾਨ ਝੋਨੇ (ਗਰੇਡ ਏ) ਦਾ ਘੱਟੋ ਘੱਟ ਸਮਰਥਨ ਮੁੱਲ 1590 ਅਤੇ ਆਮ ਸ਼੍ਰੇਣੀ ਲਈ 1550 ਰੁਪਏ ਪ੍ਰਤੀ ਕੁਇੰਟਲ ਨਿਸਚਤ ਕੀਤੀ ਗਈ ਹੈ। ਜੇਕਰ ਉਪਰੋਕਤ ਗੱਲਾਂ ਦਾ ਕਿਸਾਨ ਵੀਰ ਧਿਆਨ ਵਿਚ ਰੱਖਣ ਤਾਂ ਨਿਸਚਤ ਤੌਰ 'ਤੇ ਆਪਣੀ ਜਿਣਸ ਦਾ ਉਚਿਤ ਭਾਅ ਪਾ ਸਕਦੇ ਹਨ ਅਤੇ ਮੁਸ਼ਕਲਾਂ ਤੋਂ ਬਚ ਸਕਦੇ ਹਨ।

-(ਸਟੇਟ ਅਵਾਰਡੀ) ਸਹਾਇਕ ਮੰਡੀਕਰਨ ਅਫਸਰ, ਗੁਰਦਾਸਪੁਰ।

# ਕਿਸਾਨਾਂ ਦੀ ਆਮਦਨ ਵਿੱਚ ਵਾਧੇ ਲਈ ਸਾਰਥਿਕ ਯਤਨਾਂ ਦੀ ਲੋੜ

**ਡਾ. ਰਣਜੀਤ ਸਿੰਘ**



ਪਿਛਲੇ ਸਾਲ ਤੋਂ ਕੇਂਦਰ ਸਰਕਾਰ ਪ੍ਰਚਾਰ ਕਰ ਰਹੀ ਹੈ ਕਿ ਅਗਲੇ ਪੰਜ ਸਾਲਾਂ ਦੌਰਾਨ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ। ਉਮੀਦ ਕੀਤੀ ਜਾਂਦੀ ਸੀ ਕਿ ਨੀਤੀ ਆਯੋਗ ਜਾਂ ਖੇਤੀਬਾੜੀ ਵਜਾਰਤ ਕੋਈ ਵਧੀਆ ਯੋਜਨਾ ਉਲੀਕੇਗੀ ਅਤੇ ਉਸ ਨੂੰ ਪੂਰੀ ਸੰਜੀਦਗੀ ਨਾਲ ਲਾਗੂ ਕੀਤਾ ਜਾਵੇਗਾ। ਦੇਸ਼ ਦੀ ਅਧਿਉਂ ਵੱਧ ਆਬਾਦੀ ਖੇਤੀ 'ਤੇ ਨਿਰਭਰ ਕਰਦੀ ਹੈ। ਇਸ ਵਿੱਚੋਂ ਬਹੁਗਿਣਤੀ ਦਾ ਦੇਸ਼ ਦੇ ਸਭ ਤੋਂ ਗ਼ਰੀਬ ਲੋਕਾਂ ਵਿੱਚ ਸ਼ੁਮਾਰ ਹੁੰਦਾ ਹੈ। ਸਰਕਾਰ ਦਾ ਸਭ ਤੋਂ ਪਹਿਲਾ ਯਤਨ ਇਸ ਵਰਗ ਦੀ ਹਾਲਤ ਵਿੱਚ ਸੁਧਾਰ ਕਰਨਾ ਹੋਣਾ ਚਾਹੀਦਾ ਹੈ। ਇਸੇ ਵਰਗ ਵਿੱਚ ਗ਼ਰੀਬੀ ਦੇ ਮਾਰੇ ਨਿੱਤ ਗ਼ਰੀਬ ਕਿਸਾਨ ਤੇ ਖੇਤ ਮਜ਼ਦੂਰ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੋ ਰਹੇ ਹਨ। ਕੇਂਦਰ ਵੱਲੋਂ ਕੋਈ ਸਾਰਥਿਕ ਨੀਤੀ ਬਣਾਉਣ ਦੀ ਥਾਂ ਪਿਛਲੇ ਦਿਨੀ ਦੇਸ਼ ਦੇ ਖੇਤੀ ਮੰਤਰੀ ਦੇ ਇਹ ਆਖ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਲਿਆ ਹੈ ਕਿ ਖੇਤੀ ਰਾਜਾਂ ਦੇ ਖੇਤਰ ਵਿੱਚ ਆਉਂਦਾ ਹੈ, ਇਸ ਕਰਕੇ ਆਮਦਨ ਦੁੱਗਣੀ ਕਰਨ ਦੇ ਪ੍ਰੋਗਰਾਮ ਰਾਜ ਸਰਕਾਰਾਂ ਨੂੰ ਹੀ ਉਲੀਕਣੇ ਪੈਣਗੇ। ਹੁਣ ਵੇਖਣਾ ਇਹ ਹੈ ਕਿ ਕੀ ਰਾਜ ਸਰਕਾਰਾਂ ਅਜਿਹਾ ਕਰ ਸਕਣਗੀਆਂ। ਬਹੁਤੀਆਂ ਰਾਜ ਸਰਕਾਰਾਂ ਤਾਂ ਮਾਲੀ ਸੰਕਟ ਦਾ ਸਾਹਮਣਾ ਕਰ ਰਹੀਆਂ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਭਾਰਤ ਨੂੰ ਪੱਛਮੀ ਦੇਸ਼ਾਂ ਵਾਂਗ ਸਾਫ਼-ਸੁਥਰਾ ਅਤੇ ਖ਼ੁਸ਼ਹਾਲ ਦੇਖਣਾ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਦੇਸ਼ ਵਿੱਚ ਕੋਈ ਵੀ ਅਨਪੜ੍ਹ ਨਾ ਹੋਵੇ ਤੇ ਕਿਸੇ ਨੂੰ ਵੀ ਭੁੱਖੇ ਢਿੱਡ ਸੌਣਾ ਨਾ ਪਵੇ, ਦੇਸ਼ ਵਿੱਚੋਂ ਭ੍ਰਿਸ਼ਟਾਚਾਰ ਖ਼ਤਮ ਹੋਵੇ ਤੇ ਕਰਮਚਾਰੀ ਬਿਨਾਂ ਰਿਸ਼ਵਤ ਸਾਰੇ ਕੰਮ ਕਰਨ। ਇਸ ਬਾਰੇ ਨਾਅਰੇ ਵੀ ਘੜੇ ਗਏ ਹਨ। ਜੇ ਇਸ ਸਭ ਨੂੰ ਧਿਆਨ ਨਾਲ ਦੇਖਿਆ ਜਾਵੇ ਤਾਂ ਸਵੱਛ ਭਾਰਤ ਦੀ ਸਥਿਤੀ ਤਾਂ ਪਹਿਲਾਂ ਵਾਲੀ ਹੀ ਹੈ ਇਸ ਵਿੱਚ ਕੋਈ ਸੁਧਾਰ ਨਹੀਂ ਹੋਇਆ। ਇਸ ਮੁਹਿੰਮ ਦੇ ਤਹਿਤ ਤਾਂ ਸ਼ਹਿਰਾਂ ਅਤੇ ਪਿੰਡਾਂ ਵਿੱਚ ਢੋਲ ਵੀ ਨਹੀਂ ਰੱਖੇ ਜਾ ਸਕੇ ਜਿੱਥੇ ਲੋਕ ਆਪਣਾ ਕੂੜਾ ਅਤੇ ਕਚਰਾ ਸੁੱਟ ਸਕਣ। ਹੁਣੇ ਆਈ ਇੱਕ ਰਿਪੋਰਟ ਅਨੁਸਾਰ ਭਾਰਤ ਦੀ ਅੱਧੀ ਆਬਾਦੀ ਅਨਪੜ੍ਹ ਤੇ ਕੁਪੋਸ਼ਣ ਦੀ ਸ਼ਿਕਾਰ ਹੈ। ਜਿੱਥੋਂ ਤੱਕ ਮਨੁੱਖੀ ਵਿਕਾਸ ਅਤੇ ਹੁਨਰੀ ਭਾਰਤ ਦਾ ਸਬੰਧ ਹੈ, ਗਲੋਬਲ ਹਿਊਮਨ ਕੰਪੀਅਰ ਇੰਡੇਕਸ ਵੱਲੋਂ 103 ਦੇਸ਼ਾਂ ਦਾ ਸਰਵੇਖਣ ਕੀਤਾ ਗਿਆ ਜਿਸ ਵਿੱਚ ਭਾਰਤ ਸਭ ਤੋਂ ਹੇਠਾਂ ਭਾਵ 103 ਨੰਬਰ 'ਤੇ ਹੈ। ਭ੍ਰਿਸ਼ਟਾਚਾਰ ਵਿੱਚ ਭਾਰਤ ਨੂੰ ਏਸ਼ੀਆ ਦਾ ਸਭ ਤੋਂ ਭ੍ਰਿਸ਼ਟ ਦੇਸ਼ ਐਲਾਨਿਆ ਗਿਆ ਹੈ। ਕਿਸੇ ਵੀ ਦਫ਼ਤਰ ਵਿੱਚ ਕੋਈ ਵੀ ਕੰਮ ਰਿਸ਼ਵਤ ਤੋਂ ਬਗੈਰ ਹੁੰਦਾ ਹੀ ਨਹੀਂ। ਕੁਝ ਅਜਿਹਾ ਕਿਸਾਨਾਂ ਨਾਲ ਹੋ ਰਿਹਾ ਹੈ ਉਨ੍ਹਾਂ ਨੂੰ ਸਰਕਾਰ ਵੱਲੋਂ ਮਿਲਣ ਵਾਲੀ ਸਹਾਇਤਾ ਪ੍ਰਾਪਤ ਕਰਨ ਲਈ ਵੀ ਰਿਸ਼ਵਤ ਦੇਣੀ ਪੈਂਦੀ ਹੈ। ਉਨ੍ਹਾਂ ਨੂੰ ਨਕਲੀ ਕੀਟਨਾਸ਼ਕ ਤੇ ਮਿਲਾਵਟੀ ਖਾਦਾਂ ਮਹਿੰਗੇ ਭਾਅ 'ਤੇ ਵੇਚੀਆਂ ਜਾ ਰਹੀਆਂ ਹਨ।



> **ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਕਿਸਾਨਾਂ ਦੀ ਮਾਇਕ ਸਹਾਇਤਾ ਕਰੇ ਅਤੇ ਵਿਕਰੀ ਸਮੇਂ ਆਉਣ ਵਾਲੀਆਂ ਔਕੜਾਂ ਨੂੰ ਦੂਰ ਕਰੇ। ਕਿਸਾਨ ਕਣਕ, ਝੋਨਾ ਕਿਉਂ ਕਾਸ਼ਤ ਕਰ ਰਿਹਾ ਹੈ ਕਿਉਂਕਿ ਉਸ ਨੂੰ ਯਕੀਨ ਹੈ ਕਿ ਜੇ ਮੰਡੀ ਵਿੱਚ ਉਸ ਦੀ ਜਿਣਸ ਦਾ ਸਹੀ ਮੁੱਲ ਨਹੀਂ ਮਿਲਦਾ ਹੈ ਤਾਂ ਸਰਕਾਰ ਮਿੱਥੀ ਘੱਟੋ-ਘੱਟ ਕੀਮਤ 'ਤੇ ਉਪਜ ਜ਼ਰੂਰ ਖ਼ਰੀਦੇਗੀ। ਅਜਿਹਾ ਹੀ ਦੁੱਧ, ਸਬਜ਼ੀਆਂ, ਸ਼ਹਿਦ ਤੇ ਖੁੰਭਾਂ ਆਦਿ ਲਈ ਵੀ ਕਰਨਾ ਪਵੇਗਾ। ਦੁੱਧ ਦੀ ਵਿਕਰੀ ਵਿੱਚ ਤਾਂ ਸ਼ਾਇਦ ਕੋਈ ਦਿੱਕਤ ਨਾ ਆਵੇ ਕਿਉਂਕਿ ਹਰੇਕ ਸੂਬੇ ਵਿੱਚ ਮਿਲਕ ਫੈਡਰੇਸ਼ਨ ਹੈ। ਸਬਜ਼ੀਆਂ ਦਾ ਸਰਕਾਰ ਵੱਲੋਂ ਘੱਟੋ-ਘੱਟ ਮੁੱਲ ਮਿੱਥਣਾ ਚਾਹੀਦਾ ਹੈ। ਇਹ ਪ੍ਰਪੱਕ ਕੀਤਾ ਜਾਵੇ ਕਿ ਮੰਡੀ ਵਿੱਚ ਉਸ ਮੁੱਲ ਤੋਂ ਹੇਠਾਂ ਕਿਸਾਨ ਨੂੰ ਆਪਣੀ ਜਿਣਸ ਵੇਚਣ ਲਈ ਮਜਬੂਰ ਨਾ ਕੀਤਾ ਜਾ ਸਕੇ। ਅਜਿਹਾ ਮੰਡੀ ਬੋਰਡ ਸਹਿਜੇ ਹੀ ਕਰ ਸਕਦਾ ਹੈ।**

ਹੁਣ ਤਕ ਖੋਜ ਸੰਸਥਾਵਾਂ ਅਤੇ ਸਰਕਾਰਾਂ ਦਾ ਸਾਰਾ ਜ਼ੋਰ ਉਪਜ ਦੇ ਵਾਧੇ 'ਤੇ ਹੀ ਲੱਗਿਆ ਹੋਇਆ ਹੈ ਕਿਉਂਕਿ ਆਬਾਦੀ ਵਿੱਚ ਹੋ ਰਹੇ ਵਾਧੇ ਲਈ ਇਹ ਜ਼ਰੂਰੀ ਸੀ। ਇਸੇ ਨਤੀਜੇ ਵਜੋਂ ਕਿਸਾਨਾਂ ਖ਼ਾਸ ਕਰਕੇ ਛੋਟੇ ਤੇ ਸੀਮਾਂਤੀ ਕਿਸਾਨਾਂ ਦੀ ਆਮਦਨ ਘਟਦੀ ਗਈ ਤੇ ਕਰਜ਼ਾ ਵਧਦਾ ਗਿਆ। ਕਿਸਾਨਾਂ ਦੀ ਮਾਲੀ ਹਾਲਤ ਵਿੱਚ ਸੁਧਾਰ ਲਈ ਜ਼ਰੂਰੀ ਹੈ ਕਿ ਹੁਣ ਧਿਆਨ ਉਨ੍ਹਾਂ ਦੀ ਆਮਦਨ ਵਿੱਚ ਵਾਧੇ ਵੱਲ ਧਿਆਨ ਦਿੱਤਾ ਜਾਵੇ। ਕਿਸਾਨ ਦੀ ਆਮਦਨ ਵਿੱਚ ਵਾਧਾ ਤਿੰਨ ਹੀ ਤਰੀਕਿਆਂ ਨਾਲ ਹੋ ਸਕਦਾ ਹੈ। ਪਹਿਲਾ ਇਹ ਕਿ ਉਸ ਦੀ ਵਾਹੀ ਹੇਠ ਜ਼ਮੀਨ ਵਿੱਚ ਵਾਧਾ ਕੀਤਾ ਜਾਵੇ, ਜਿਹੜਾ ਕਿ ਸੰਭਵ ਨਹੀਂ ਹੈ। ਦੂਜਾ ਢੰਗ ਉਪਜ ਵਿੱਚ ਵਾਧਾ ਹੈ। ਤੀਜਾ ਢੰਗ ਕਿਸਾਨਾਂ ਨੂੰ ਮਿਸੀ ਖੇਤੀ ਲਈ ਉਤਸ਼ਾਹਿਤ ਕਰਨਾ ਹੈ। ਉਹ ਡੇਅਰੀ, ਸਬਜ਼ੀਆਂ ਦੀ ਕਾਸ਼ਤ, ਸ਼ਹਿਦ ਦੀਆਂ ਮੱਖੀਆਂ ਪਾਲਣਾ ਤੇ ਖੁੰਭਾਂ ਆਦਿ ਦੀ ਕਾਸ਼ਤ ਵਾਲ ਧਿਆਨ ਦੇਣ। ਮਿਸੀ ਖੇਤੀ ਦੀ ਸਫ਼ਲਤਾ ਲਈ ਖੇਤੀ ਖੋਜ ਅਤੇ ਸਰਕਾਰ ਨੂੰ ਵੀ ਅੱਗੇ ਆਉਣਾ ਪਵੇਗਾ। ਖੇਤੀ ਅਤੇ ਪਸ਼ੂ ਪਾਲਣ ਯੂਨੀਵਰਸਿਟੀਜ਼ ਵੱਲੋਂ ਕਿਸਾਨਾਂ ਨੂੰ ਮਿਸੀ ਖੇਤੀ ਅਪਣਾਉਣ ਲਈ ਪ੍ਰੇਰਨ ਦੇ ਨਾਲ-ਨਾਲ ਤਕਨੀਕੀ ਸਿਖਲਾਈ ਵੀ ਦੇਣੀ ਪਵੇਗੀ। ਇਨ੍ਹਾਂ ਨੂੰ ਵੱਧ ਦੁੱਧ ਦੇਣ ਵਾਲੇ ਪਸ਼ੂ ਅਤੇ ਵੱਧ ਤੇ ਵਧੀਆ ਉਪਜ ਦੇਣ ਵਾਲੀਆਂ ਕਿਸਮਾਂ ਦੇਣੀਆਂ ਪੈਣਗੀਆਂ।

ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਉਹ ਕਿਸਾਨਾਂ ਦੀ ਮਾਇਕ ਸਹਾਇਤਾ ਕਰੇ ਅਤੇ ਵਿਕਰੀ ਸਮੇਂ ਆਉਣ ਵਾਲੀਆਂ ਔਕੜਾਂ ਨੂੰ ਦੂਰ ਕਰੇ। ਕਿਸਾਨ ਕਣਕ, ਝੋਨਾ ਕਿਉਂ ਕਾਸ਼ਤ ਕਰ ਰਿਹਾ ਹੈ ਕਿਉਂਕਿ ਉਸ ਨੂੰ ਯਕੀਨ ਹੈ ਕਿ ਜੇ ਮੰਡੀ ਵਿੱਚ ਉਸ ਦੀ ਜਿਣਸ ਦਾ ਸਹੀ ਮੁੱਲ ਨਹੀਂ ਮਿਲਦਾ ਹੈ ਤਾਂ ਸਰਕਾਰ ਮਿੱਥੀ ਘੱਟੋ-ਘੱਟ ਕੀਮਤ 'ਤੇ ਉਪਜ ਜ਼ਰੂਰ ਖ਼ਰੀਦੇਗੀ। ਅਜਿਹਾ ਹੀ ਦੁੱਧ, ਸਬਜ਼ੀਆਂ, ਸ਼ਹਿਦ ਤੇ ਖੁੰਭਾਂ ਆਦਿ ਲਈ ਵੀ ਕਰਨਾ ਪਵੇਗਾ। ਦੁੱਧ ਦੀ ਵਿਕਰੀ ਵਿੱਚ ਤਾਂ ਸ਼ਾਇਦ ਕੋਈ ਦਿੱਕਤ ਨਾ ਆਵੇ ਕਿਉਂਕਿ ਹਰੇਕ ਸੂਬੇ ਵਿੱਚ ਮਿਲਕ ਫੈਡਰੇਸ਼ਨ ਹੈ। ਸਬਜ਼ੀਆਂ ਦਾ ਸਰਕਾਰ ਵੱਲੋਂ ਘੱਟੋ-ਘੱਟ ਮੁੱਲ ਮਿੱਥਣਾ ਚਾਹੀਦਾ ਹੈ। ਇਹ ਪ੍ਰਪੱਕ ਕੀਤਾ ਜਾਵੇ ਕਿ ਮੰਡੀ ਵਿੱਚ ਉਸ ਮੁੱਲ ਤੋਂ ਹੇਠਾਂ ਕਿਸਾਨ ਨੂੰ ਆਪਣੀ ਜਿਣਸ ਵੇਚਣ ਲਈ ਮਜਬੂਰ ਨਾ ਕੀਤਾ ਜਾ ਸਕੇ। ਅਜਿਹਾ ਮੰਡੀ ਬੋਰਡ ਸਹਿਜੇ ਹੀ ਕਰ ਸਕਦਾ ਹੈ। ਇਸੇ ਦੇ ਨਾਲ ਹੀ ਸਮਾਜ ਸੁਧਾਰਕ ਸੰਸਥਾਵਾਂ ਨੂੰ ਪਿੰਡਾਂ ਵਿੱਚ ਗੁਰੂ ਨਾਨਕ ਦੇ ਮਿਸ਼ਨ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਤਾਂ ਜੋ ਗ਼ਰੀਬ ਲੋਕ ਸਮਾਜਿਕ ਸਮਾਗਮਾਂ ਸਮੇਂ ਲੋਕ ਲਾਜ ਲਈ ਵਿਖਾਵੇ ਖਾਤਰ ਵਿਤੋਂ ਵੱਧ ਖ਼ਰਚਾ ਨਾ ਕਰਨ। ਇਸੇ ਤਰ੍ਹਾਂ ਵਿਆਹਾਂ ਸਮੇਂ ਸ਼ਰਾਬ ਦੀ ਸ਼ਰ੍ਹੇਆਮ ਵਰਤੋਂ 'ਤੇ ਵੀ ਪਾਬੰਦੀ ਲਗਾਉਣੀ ਚਾਹੀਦੀ ਹੈ।

ਜਦੋਂ ਕੋਈ ਗ਼ਰੀਬ ਕਿਸਾਨ ਕਰਜ਼ਾ ਮੋੜਨ ਵਿੱਚ ਅਸਮਰੱਥ ਹੋ ਜਾਵੇ ਤਾਂ ਉਸ ਦੀ ਸਥਿਤੀ ਦਾ ਅਧਿਐਨ ਕੀਤਾ ਜਾਵੇ। ਜੇ ਸਚਮੁੱਚ ਹੀ ਉਹ ਕੁਦਰਤੀ ਮਾਰ ਦਾ ਸ਼ਿਕਾਰ ਹੋਇਆ ਹੈ ਤਾਂ ਉਸ ਦਾ ਕਰਜ਼ਾ ਮੁਆਫ਼ ਕੀਤਾ ਜਾਵੇ। ਇਲਾਕੇ ਲਈ ਢੁੱਕਵੇਂ ਕਾਰਜ ਜਾਂ ਫ਼ਸਲ ਦੀ ਚੋਣ ਕਰਕੇ ਕਿਸਾਨਾਂ ਦੇ ਸਮੂਹ ਬਣਾਏ ਜਾਣ। ਸਰਕਾਰ ਵੱਲੋਂ ਤਕਨੀਕੀ ਜਾਣਕਾਰੀ ਦੇ ਨਾਲ-ਨਾਲ ਉਤਪਾਦਨ ਲੋੜਾਂ ਵੀ ਵਾਜਬ ਕੀਮਤ ਉੱਤੇ ਸ਼ੁੱਧ ਰੂਪ ਵਿੱਚ ਪ੍ਰਾਪਤ ਕਰਨ ਲਈ ਸਹਾਇਤਾ ਕੀਤੀ ਜਾਵੇ। ਮੌਜੂਦਾ ਪਸਾਰ ਤੇ ਪ੍ਰਚਾਰ ਢਾਂਚੇ ਨੂੰ ਜਿੱਥੇ ਮਜ਼ਬੂਤ ਕਰਨ ਦੀ ਲੋੜ ਹੈ, ਉੱਥੇ ਇਸ ਵਿੱਚ ਬਦਲਾਅ ਵੀ ਜ਼ਰੂਰੀ ਹੈ। ਇਸ ਦੇ ਨਾਲ ਹੀ ਪਿੰਡਾਂ ਦੇ ਮੁੰਡਿਆਂ ਨੂੰ ਉਨ੍ਹਾਂ ਦੀ ਪਸੰਦ ਅਨੁਸਾਰ ਤਕਨੀਕੀ ਸਿਖਲਾਈ ਦੇ ਕੇ ਪਿੰਡ ਵਿੱਚ ਹੀ ਕਾਰੋਬਾਰ ਸ਼ੁਰੂ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ। ਪਿੰਡਾਂ ਦੇ ਸਕੂਲਾਂ ਅਤੇ ਤਕਨੀਕੀ ਸੰਸਥਾਵਾਂ ਨੂੰ ਸਮੇਂ ਦੇ ਹਾਣੀ ਬਣਾਇਆ ਜਾਵੇ।

ਕਦੇ ਸਮਾਂ ਸੀ ਕਿਸਾਨ ਦੀ ਦੂਜਿਆਂ ਉੱਤੇ ਨਿਰਭਰਤਾ ਨਹੀਂ ਸੀ। ਹੁਣ ਉਹ ਪੂਰੀ ਤਰ੍ਹਾਂ ਕੰਪਨੀਆਂ ਦੇ ਸ਼ਿਕੰਜੇ ਵਿੱਚ ਆ ਗਿਆ ਹੈ। ਉਸ ਨੂੰ ਖਾਦ, ਜ਼ਹਿਰਾਂ ਤੇ ਮਸ਼ੀਨਾਂ ਆਦਿ ਵੱਡੀਆਂ ਕੰਪਨੀਆਂ ਤੋਂ ਲੈਣੀਆਂ ਪੈਂਦੀਆਂ ਹਨ। ਹੁਣ ਬੀਜਾਂ ਲਈ ਵੀ ਉਸ ਨੂੰ ਕੰਪਨੀਆਂ ਉੱਤੇ ਨਿਰਭਰ ਹੋਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਭਵਿੱਖ ਵਿੱਚ ਆਪਣੀ ਉਪਜ ਦੀ ਵਿਕਰੀ ਲਈ ਉਸ ਨੂੰ ਵਪਾਰੀਆਂ ਦੇ ਤਰਲੇ ਕਰਨੇ ਪੈਣਗੇ। ਇਸ ਰੁਝਾਨ ਨੂੰ ਠੱਲ੍ਹ ਪਾਉਣੀ ਚਾਹੀਦੀ ਹੈ। ਹਰਾ ਇਨਕਲਾਬ ਸਿਰਜਣਾ ਵਾਲੇ ਸਾਰੇ ਇਲਾਕਿਆਂ ਦੇ ਕਿਸਾਨ ਇਸ ਸਮੇਂ ਸੰਕਟ ਵਿੱਚ ਹਨ। ਇਸ ਸੰਕਟ ਨੂੰ ਦੂਰ ਕਰਨਾ ਸਰਕਾਰ ਦੀ ਲੋੜ ਹੀ ਨਹੀਂ ਸਗੋਂ ਜ਼ਿੰਮੇਵਾਰੀ ਵੀ ਹੈ।

###

# ਕਣਕ ਦੀਆਂ ਨਵੀਆਂ ਕਿਸਮਾਂ ਦੀ ਸਿਫ਼ਾਰਸ਼

**ਵੀਰਇੰਦਰ ਸਿੰਘ ਸੋਹੂ, ਗੁਰਵਿੰਦਰ ਸਿੰਘ ਮਾਵੀ ਤੇ ਜੌਹਰ ਸਿੰਘ ਸੈਣੀ×**



ਹਾੜ੍ਹੀ ਦੀਆਂ ਫ਼ਸਲਾਂ ਵਿੱਚ ਕਣਕ ਸੂਬੇ ਦੀ ਪ੍ਰਮੁੱਖ ਫ਼ਸਲ ਹੈ। ਕਣਕ ਦੀ ਪੈਦਾਵਾਰ ਪਿਛਲੇ ਸਾਲ ਪੰਜਾਬ ਵਿੱਚ ਬਹੁਤ ਚੰਗੀ ਰਹੀ ਹੈ ਅਤੇ ਇਸ ਨੇ 50 ਕੁਇੰਟਲ ਪ੍ਰਤੀ ਹੈਕਟੇਅਰ ਔਸਤਨ ਨਾਲੋਂ ਵੱਧ ਝਾੜ ਦਿੱਤਾ ਹੈ। ਇਸ ਲਈ ਸਿਰਫ਼ ਇਹ ਕਹਿਣਾ ਕਿ ਕਣਕ ਮੌਸਮ 'ਤੇ ਬਹੁਤ ਨਿਰਭਰ ਕਰਦੀ ਹੈ ਜ਼ਿਆਦਾ ਠੀਕ ਨਹੀਂ ਕਿਉਂਕਿ ਕਣਕ ਦੀਆਂ ਕਿਸਮਾਂ ਵੀ ਇਸ ਦੇ ਵਧੇਰੇ ਝਾੜ ਵਿੱਚ ਬਹੁਤ ਯੋਗਦਾਨ ਪਾਉਂਦੀਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ ਵਿੱਚ ਨਵੀਆਂ ਕਿਸਮਾਂ ਨੂੰ ਇਜ਼ਾਦ ਕਰਨ ਦੀ ਖੋਜ ਹੁੰਦੀ ਰਹਿੰਦੀ ਹੈ ਅਤੇ ਇਸ ਸਾਲ ਵੀ ਅਸੀਂ ਨਵੀਆਂ ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀਆਂ ਕਿਸਮਾਂ ਝਾੜ ਪੱਖੋਂ ਵੀ ਮੋਹਰੀ ਹੁੰਦੀਆਂ ਹਨ ਅਤੇ ਬਿਮਾਰੀਆਂ ਤੋਂ ਰਹਿਤ ਹੁੰਦੀਆਂ ਹਨ। ਇਸ ਸਾਲ ਤਿੰਨ ਨਵੀਆਂ ਕਿਸਮਾਂ ਦੀ ਸਿਫ਼ਾਰਸ਼ ਕੀਤੀ ਜਾ ਰਹੀ ਹੈ: ਉਨਤ ਪੀ ਬੀ ਡਬਲਯੂ 343, ਉਨਤ ਪੀਬੀ ਡਬਲਯੂ 550 ਅਤੇ ਪੀਬੀ ਡਬਲਯੂ 1 ਜ਼ਿੰਕ।

ਉਨਤ ਪੀ ਬੀ ਡਬਲਯੂ 343: ਇਸ ਕਿਸਮ ਦੀ ਸਿਫ਼ਾਰਸ਼ ਸਾਰੇ ਪੰਜਾਬ ਵਾਸਤੇ ਸਮੇਂ ਸਿਰ ਅਤੇ ਸੇਂਜੂ ਹਾਲਤਾਂ ਵਿੱਚ ਕੀਤੀ ਗਈ ਹੈ। ਸਾਰੇ ਪੰਜਾਬ ਵਿੱਚ ਪਿਛਲੇ ਚਾਰ ਸਾਲਾਂ ਤੋਂ ਇਸ ਕਿਸਮ ਦੇ ਤਜਰਬੇ ਕੀਤੇ ਜਾ ਰਹੇ ਹਨ। ਇਹ ਉਨਤ ਪੀਬੀ ਡਬਲਯੂ 343 ਕਿਸਮ, ਪੁਰਾਣੀ ਪੀਬੀ ਡਬਲਯੂ 343 ਕਿਸਮ ਦਾ ਸੋਧਿਆ ਹੋਇਆ ਰੂਪ ਹੈ। ਪੁਰਾਣੀ ਕਿਸਮ ਨੂੰ ਪੀਲੀ ਅਤੇ ਭੂਰੀ ਕੁੰਗੀ ਲੱਗ ਜਾਂਦੀ ਸੀ ਜਿਸ ਕਾਰਨ ਉਸ ਦਾ ਝਾੜ ਕਾਫ਼ੀ ਘਟ ਜਾਂਦਾ ਸੀ। ਪਿਛਲੇ ਚਾਰ ਸਾਲਾਂ ਤੋਂ ਕੀਤੇ ਜਾ ਰਹੇ ਤਜਰਬਿਆਂ ਮੁਤਾਬਿਕ ਇਸ ਨਵੀਂ ਕਿਸਮ ਨੇ ਪੀਬੀ ਡਬਲਯੂ 343, ਪੀਬੀ ਡਬਲਯੂ 621, ਐਚਡੀ 2967, ਡਬਲਯੂਐਚ 1105, ਐਚਡੀ 3086 ਅਤੇ ਪੀਬੀ ਡਬਲਯੂ 725 ਨਾਲੋਂ ਵੱਧ ਝਾੜ ਦਿੱਤਾ ਹੈ। ਉਨਤ ਪੀਬੀ ਡਬਲਯੂ 343 ਦੇ 2013-14 ਤੋਂ 2016-17 ਦੌਰਾਨ ਕੀਤੇ ਗਏ ਕੁੱਲ 13 ਤਜਰਬਿਆਂ ਵਿੱਚ ਇਸ ਦਾ ਔਸਤ ਝਾੜ 24.0 ਕੁਇੰਟਲ ਪ੍ਰਤੀ ਏਕੜ ਰਿਹਾ ਹੈ। ਸਾਲ 2016-17 ਵਿੱਚ ਇਸ ਨਵੀਂ ਕਿਸਮ ਦੇ ਕਿਸਾਨਾਂ ਦੇ ਖੇਤਾਂ ਵਿੱਚ 87 ਤਜਰਬੇ ਹੋਏ, ਜਿਨ੍ਹਾਂ ਵਿੱਚ ਇਸ ਨਵੀਂ ਕਿਸਮ ਨੇ 21.7 ਕੁਇੰਟਲ ਪ੍ਰਤੀ ਏਕੜ ਝਾੜ ਦਿੱਤਾ।

ਇਹ ਇੱਕ ਦੋਹਰੀ ਬੌਣੀ ਕਿਸਮ ਹੈ, ਜਿਸ ਦਾ ਔਸਤਨ ਕੱਦ 100 ਸੈਂਟੀਮੀਟਰ ਹੈ। ਇਹ ਕਿਸਮ ਤਕਰੀਬਨ 155 ਦਿਨਾਂ ਵਿੱਚ ਪੱਕ ਜਾਂਦੀ ਹੈ ਅਤੇ ਇਸ ਦਾ ਔਸਤਨ ਝਾੜ 23.2 ਕੁਇੰਟਲ ਪ੍ਰਤੀ ਏਕੜ ਆਉਂਦਾ ਹੈ। ਇਹ ਕਿਸਮ ਪੀਲੀ ਅਤੇ ਭੂਰੀ ਕੁੰਗੀ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਹ ਕਿਸਮ ਸਿਰਫ਼ ਪੰਜਾਬ ਵਿੱਚ ਹੀ ਨਹੀਂ ਬਲਕਿ ਭਾਰਤ ਦੇ ਸਾਰੇ ਉਤਰ ਪੱਛਮੀ ਮੈਦਾਨੀ ਇਲਾਕਿਆਂ ਲਈ ਮਨਜ਼ੂਰ ਕਰ ਦਿੱਤੀ ਗਈ ਹੈ। ਇਸ ਦਾ ਬੀਜ 40 ਕਿਲੋ ਪ੍ਰਤੀ ਏਕੜ ਦੇ ਹਿਸਾਬ ਨਾਲ ਹੀ ਪਾਉਣਾ ਹੈ ਅਤੇ ਇਸ ਦੀ ਬਿਜਾਈ ਅਕਤੂਬਰ ਦੇ ਚੌਥੇ ਹਫ਼ਤੇ ਤੋਂ ਕੀਤੀ ਜਾ ਸਕਦੀ ਹੈ।

ਉਨਤ ਪੀਬੀ ਡਬਲਯੂ 550: ਇਹ ਕਿਸਮ ਵੀ ਪੁਰਾਣੀ ਪੀਬੀ ਡਬਲਯੂ 550 ਦਾ ਸੋਧਿਆ ਹੋਇਆ ਰੂਪ ਹੈ। ਇਸ ਕਿਸਮ ਨੂੰ ਨਵੇਂ ਜੀਨ ਪਾ ਕੇ ਤਿਆਰ ਕੀਤਾ ਗਿਆ ਹੈ, ਤਾਂ ਕਿ ਇਹ ਕਿਸਮ ਪੂਰੀ ਤਰ੍ਹਾਂ ਨਾਲ ਪੀਲੀ ਕੁੰਗੀ ਦਾ ਟਾਕਰਾ ਕਰ ਸਕੇ। ਇਸ ਕਿਸਮ ਦੇ ਤਜਰਬੇ ਵੀ ਸਾਰੇ ਪੰਜਾਬ ਵਿੱਚ ਪਿਛਲੇ ਚਾਰ ਸਾਲਾਂ ਤੋਂ ਕੀਤੇ ਜਾ ਰਹੇ ਹਨ। ਉਨਤ ਪੀ ਬੀ ਡਬਲਯੂ 550 ਦੇ ਤਜਰਬੇ 2013-14 ਤੋਂ 2016-17 ਤੱਕ ਕੀਤੇ ਗਏ ਕੁੱਲ 26 ਤਜਰਬਿਆਂ ਵਿੱਚ ਇਸ ਕਿਸਮ ਨੇ 24.2 ਕੁਇੰਟਲ ਪ੍ਰਤੀ ਏਕੜ ਝਾੜ ਦਿੱਤਾ ਹੈ। ਸਾਲ 2016-17 ਕਿਸਾਨਾਂ ਦੇ ਖੇਤਾਂ ਵਿੱਚ 112 ਤਜਰਬੇ ਹੋਏ, ਜਿਨ੍ਹਾਂ ਵਿੱਚ ਨਵੀਂ ਕਿਸਮ ਨੇ 21.5 ਕੁਇੰਟਲ ਪ੍ਰਤੀ ਏਕੜ ਝਾੜ ਦਿੱਤਾ ਹੈ। ਫ਼ਸਲ ਵਿਗਿਆਨ ਦੇ ਤਜਰਬੇ 2016-17 ਵਿੱਚ ਕੀਤੇ ਗਏ, ਉਨ੍ਹਾਂ ਵਿੱਚ ਇਸ ਕਿਸਮ ਨੇ 25.4 ਕੁਇੰਟਲ ਪ੍ਰਤੀ ਏਕੜ ਝਾੜ ਦਿੱਤਾ ਹੈ। ਇਸ ਕਿਸਮ ਦੀ ਸਿਫ਼ਾਰਸ਼ ਸਾਰੇ ਪੰਜਾਬ ਵਿੱਚ ਸੇਂਜੂ ਹਾਲਤਾਂ ਵਾਸਤੇ ਕੀਤੀ ਜਾ ਰਹੀ ਹੈ। ਇਸ ਦਾ ਬੀਜ 45 ਕਿਲੋ ਪ੍ਰਤੀ ਏਕੜ ਪਾਉਣਾ ਹੈ ਅਤੇ ਬਿਜਾਈ ਨਵੰਬਰ ਦੇ ਦੂਜੇ ਹਫ਼ਤੇ ਤੋਂ ਕੀਤੀ ਜਾਣੀ ਚਾਹੀਦੀ ਹੈ। ਇਹ ਇੱਕ ਦੋਹਰੀ ਬੌਣੀ ਕਿਸਮ ਹੈ ਜਿਸ ਦਾ ਔਸਤਨ ਕੱਦ 86 ਸੈਂਟੀਮੀਟਰ ਹੈ ਅਤੇ ਇਹ 145 ਦਿਨਾਂ ਵਿੱਚ ਪੱਕ ਜਾਂਦੀ ਹੈ।



> **ਉਨਤ ਪੀਬੀ ਡਬਲਯੂ 550: ਇਹ ਕਿਸਮ ਵੀ ਪੁਰਾਣੀ ਪੀਬੀ ਡਬਲਯੂ 550 ਦਾ ਸੋਧਿਆ ਹੋਇਆ ਰੂਪ ਹੈ। ਇਸ ਕਿਸਮ ਨੂੰ ਨਵੇਂ ਜੀਨ ਪਾ ਕੇ ਤਿਆਰ ਕੀਤਾ ਗਿਆ ਹੈ, ਤਾਂ ਕਿ ਇਹ ਕਿਸਮ ਪੂਰੀ ਤਰ੍ਹਾਂ ਨਾਲ ਪੀਲੀ ਕੁੰਗੀ ਦਾ ਟਾਕਰਾ ਕਰ ਸਕੇ। ਇਸ ਕਿਸਮ ਦੇ ਤਜਰਬੇ ਵੀ ਸਾਰੇ ਪੰਜਾਬ ਵਿੱਚ ਪਿਛਲੇ ਚਾਰ ਸਾਲਾਂ ਤੋਂ ਕੀਤੇ ਜਾ ਰਹੇ ਹਨ।**

ਪੀ ਬੀ ਡਬਲਯੂ 1 ਜ਼ਿੰਕ: ਜ਼ਿੰਕ ਇੱਕ ਜ਼ਰੂਰੀ ਤੱਤ ਅਤੇ ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਨਵੀਂ ਕਿਸਮ ਪੀ ਬੀ ਡਬਲਯੂ 1 ਜ਼ਿੰਕ ਦੀ ਸਿਫ਼ਾਰਸ਼ ਕੀਤੀ ਜਾ ਰਹੀ ਹੈ। ਇਸ ਦੇ ਦਾਣਿਆਂ ਵਿੱਚ ਜ਼ਿੰਕ ਦੀ ਮਾਤਰਾ ਵਧੇਰੇ ਹੈ। ਜ਼ਿੰਕ ਦੀ ਮਾਤਰਾ ਨੂੰ ਸਰੀਰ ਵਿੱਚ ਹੋਣ ਵਾਲੀਆਂ ਕਈ ਗਤੀਵਿਧੀਆਂ ਨਾਲ ਜੋੜਿਆ ਜਾਂਦਾ ਹੈ। ਸਿਰਫ਼ ਥੋੜ੍ਹੀ ਮਾਤਰਾ ਵਿੱਚ ਹੀ ਜ਼ਿੰਕ ਲੈ ਕੇ ਅਸੀਂ ਉਸ ਦਾ ਭਰਪੂਰ ਫ਼ਾਇਦਾ ਉਠਾ ਸਕਦੇ ਹਾਂ। ਇਹ ਯੂਨੀਵਰਸਿਟੀ ਵੱਲੋਂ ਪ੍ਰਮਾਣਿਤ ਕੀਤੀ ਗਈ ਪਹਿਲੀ ਕਣਕ ਦੇ ਦਾਣਿਆਂ ਵਿੱਚ ਵਧੇਰੇ ਜ਼ਿੰਕ ਵਾਲੀ ਕਿਸਮ ਹੈ, ਜੋ ਸਾਰੇ ਉੱਤਰ ਪੱਛਮੀ ਭਾਰਤ ਦੇ ਮੈਦਾਨੀ ਇਲਾਕਿਆਂ ਵਿੱਚ ਸਿਫ਼ਾਰਸ਼ ਕਰ ਦਿੱਤੀ ਗਈ ਹੈ। ਕਿਸਾਨਾਂ ਦੇ ਖੇਤਾਂ ਵਿੱਚ ਕੀਤੇ ਗਏ ਤਜ਼ਰਬਿਆਂ ਵਿੱਚ ਜੋ ਕੀ 2016-17 ਵਿੱਚ ਹੋਏ ਹਨ, ਪੀ ਬੀ ਡਬਲਯੂ 1 ਜ਼ਿੰਕ ਨੇ 21.0 ਕੁਇੰਟਲ ਪ੍ਰਤੀ ਏਕੜ ਝਾੜ ਦਿੱਤਾ ਹੈ। ਫ਼ਸਲ ਵਿਗਿਆਨ ਦੇ ਤਜਰਬਿਆਂ ਵਿੱਚ ਇਸ ਕਿਸਮ ਨੇ 25.5 ਕੁਇੰਟਲ ਪ੍ਰਤੀ ਏਕੜ ਝਾੜ ਦਿੱਤਾ ਹੈ। ਇਸ ਕਿਸਮ ਦਾ ਮੁੱਖ ਗੁਣ ਇਸ ਦੇ ਦਾਣਿਆਂ ਵਿੱਚ ਜ਼ਿੰਕ ਦੀ ਵਧੇਰੇ ਮਾਤਰਾ ਦਾ ਹੋਣਾ ਹੈ। ਇਸ ਦੀ ਰੋਟੀ ਵੀ ਵਧੀਆ ਬਣਦੀ ਹੈ। ਇਸ ਕਿਸਮ ਨੂੰ ਖਾਣੇ ਲਈ ਵਰਤਿਆ ਜਾਵੇ ਤਾਂ ਕਿ ਸਾਨੂੰ ਜ਼ਿੰਕ ਦੇ ਅਲੱਗ ਸਪਲੀਮੈਂਟ ਨਾ ਲੈਣੇ ਪੈਣ। ਇਹ ਤਕਰੀਬਨ 22.5 ਕੁਇੰਟਲ ਪ੍ਰਤੀ ਏਕੜ ਝਾੜ ਦਿੰਦੀ ਹੈ। ਇਸ ਦਾ ਔਸਤਨ ਕੱਦ 103 ਸੈਂਟੀਮੀਟਰ ਹੈ ਅਤੇ ਇਹ 151 ਦਿਨਾਂ ਵਿੱਚ ਪੱਕ ਜਾਂਦੀ ਹੈ। ਇਹ ਨਵੀਆਂ ਕਿਸਮਾਂ ਬਿਮਾਰੀਆਂ ਦਾ ਟਾਕਰਾ ਵੀ ਕਰਦੀਆਂ ਹਨ ਅਤੇ ਝਾੜ ਵੀ ਵੱਧ ਦਿੰਦੀਆਂ ਹਨ। (ਦੂਜੀ ਕਿਸ਼ਤ ਅਗਲੇ ਹਫ਼ਤੇ)

×ਕਣਕ ਵਿਭਾਗ, ਪਲਾਂਟ ਬਰੀਡਿੰਗ ਤੇ ਜੈਨੇਟਿਕਸ ਵਿਭਾਗ, ਪੀਏਯੂ

# ਕੈਬਨਿਟ ਮੰਤਰੀਆਂ ਵੱਲੋਂ ਜੰਗਲਾਤ ਵਰਕਰਜ਼ ਯੂਨੀਅਨ ਨਾਲ ਮੁਲਾਕਾਤ; ਮੁੱਦਿਆਂ ਨੂੰ ਜਲਦ ਹੱਲ ਕਰਨ ਦਾ ਦਿੱਤਾ ਭਰੋਸਾ



**ਚੰਡੀਗੜ੍ਹ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਅਤੇ ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਅੱਜ ਜੰਗਲਾਤ ਵਰਕਰਜ਼ ਯੂਨੀਅਨ ਨਾਲ ਮੀਟਿੰਗ ਕੀਤੀ ਗਈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਜੋ ਕਿ ਮੁਲਾਜ਼ਮ ਮਸਲਿਆਂ ਦੇ ਹੱਲ ਲਈ ਬਣਾਈ ਗਈ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵੀ ਹਨ, ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਜੰਗਲਾਤ ਵਰਕਰਾਂ ਦੀਆਂ ਮੰਗਾਂ ਅਤੇ ਦਰਪੇਸ਼ ਚੁਣੌਤੀਆਂ ਅਤੇ ਇੰਨ੍ਹਾਂ ਦੇ ਹੱਲ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ।

ਵਿਚਾਰ-ਵਟਾਂਦਰੇ ਦੌਰਾਨ ਵਿੱਤ ਮੰਤਰੀ ਚੀਮਾ ਨੇ ਜੰਗਲਾਤ ਵਿਭਾਗ ਨੂੰ ਹਦਾਇਤ ਕੀਤੀ ਕਿ ਉਹ ਯੂਨੀਅਨ ਨਾਲ ਅਗਲੀ ਮੀਟਿੰਗ ਬੁਲਾ ਕੇ ਉਨ੍ਹਾਂ ਦੇ ਸੇਵਾਵਾਂ ਸਬੰਧੀ ਮੁੱਦਿਆਂ ਨੂੰ ਹੱਲ ਕਰਨ। ਉਨ੍ਹਾਂ ਇੰਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਲਈ ਸਕਾਰਾਤਮਕ ਪਹੁੰਚ ਅਪਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਹਦਾਇਤ ਕੀਤੀ ਕਿ ਵਿੱਤੀ ਜ਼ਿੰਮੇਵਾਰੀਆਂ ਸਬੰਧੀ ਕੇਸ ਨੂੰ ਅਗਲੀ ਕਾਰਵਾਈ ਲਈ ਵਿੱਤ ਵਿਭਾਗ ਕੋਲ ਭੇਜਿਆ ਜਾਵੇ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁਲਾਜ਼ਮਾਂ ਦੀ ਭਲਾਈ ਪ੍ਰਤੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੰਦਿਆਂ ਯੂਨੀਅਨ ਦੇ ਨੁਮਾਇੰਦਿਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਜਲਦੀ ਹੱਲ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜੰਗਲਾਤ ਵਿਭਾਗ ਨੂੰ ਹਦਾਇਤ ਕੀਤੀ ਕਿ ਉਹ ਚੌਥੇ ਦਰਜੇ ਦੇ ਮੁਲਾਜ਼ਮਾਂ ਦੇ ਹੁਨਰ ਨੂੰ ਨਿਖਾਰਨ ਅਤੇ ਉਨ੍ਹਾਂ ਦੀ ਕਾਰਜ ਕੁਸ਼ਲਤਾ ਵਿੱਚ ਸੁਧਾਰ ਕਰਨ ਲਈ ਸਿਖਲਾਈ ਪ੍ਰੋਗਰਾਮ ਉਲੀਕੇ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਕਰਮਚਾਰੀਆਂ ਨੂੰ ਹੋਰ ਬਿਹਤਰ ਹੁਨਰ ਨਾਲ ਸਸ਼ਕਤ ਬਣਾਉਣਾ ਹੈ, ਤਾਂ ਜੋ ਉਹ ਪੇਸ਼ੇਵਰ ਵਿਕਾਸ ਨਾਲ ਆਪਣੀਆਂ ਸੇਵਾਵਾਂ ਪ੍ਰਤੀ ਸੰਤੁਸ਼ਟ ਹੋ ਸਕਣ।

ਇਸ ਮੌਕੇ ਜੰਗਲਾਤ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਜੰਗਲਾਤ ਵਰਕਰਜ਼ ਯੂਨੀਅਨ ਨੂੰ ਦਰਪੇਸ਼ ਮੁੱਦਿਆਂ ਨੂੰ ਹੱਲ ਕਰਨ ਲਈ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਯੂਨੀਅਨ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਅਤੇ ਵਿਭਾਗ ਟਿਕਾਊ ਹੱਲ ਲੱਭਣ ਲਈ ਵਚਨਬੱਧ ਹੈ। ਜੰਗਲਾਤ ਵਰਕਰਜ਼ ਯੂਨੀਅਨ ਦੇ ਨੁਮਾਇੰਦਿਆਂ, ਜਿੰਨ੍ਹਾਂ ਵਿੱਚ ਮੱਖਣ ਸਿੰਘ ਵਾਹਿਦਪੁਰੀ, ਜਸਵਿੰਦਰ ਸਿੰਘ ਸੌਜਾ ਪਟਿਆਲਾ, ਸਤਨਾਮ ਸਿੰਘ ਸੰਗਰੂਰ, ਅਮਨਦੀਪ ਸਿੰਘ ਛੱਤ ਬੀੜ, ਰਵੀਕਾਂਤ ਰੋਪੜ, ਸੁਲੱਖਣ ਸਿੰਘ ਮੋਹਾਲੀ ਅਤੇ ਰਵੀ ਕੁਮਾਰ ਲੁਧਿਆਣਾ ਸ਼ਾਮਿਲ ਸਨ, ਨੇ ਪੰਜਾਬ ਸਰਕਾਰ ਵੱਲੋਂ ਕਰਵਾਈ ਗਈ ਇਸ ਸਕਾਰਾਤਮਕ ਮੀਟਿੰਗ ਦਾ ਧੰਨਵਾਦ ਕੀਤਾ। ਵਿੱਤ ਮੰਤਰੀ ਵੱਲੋਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਹੱਲ ਕਰਨ ਦਾ ਭਰੋਸਾ ਅਤੇ ਜੰਗਲਾਤ ਮੰਤਰੀ ਵੱਲੋਂ ਉਨ੍ਹਾਂ ਦੀ ਭਲਾਈ ਪ੍ਰਤੀ ਵਚਨਬੱਧਤਾ ਦਾ ਯੂਨੀਅਨ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।

# ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਪੀ.ਐਸ.ਪੀ. ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ ਦਾ ਸਾਲ 2025 ਦਾ ਕੈਲੰਡਰ ਜਾਰੀ




**ਚੰਡੀਗੜ੍ਹ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਅੱਜ ਇੱਥੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ) ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਟੀ.ਸੀ.ਐਲ) ਦਾ ਸਾਲ 2025 ਦੇ ਕੈਲੰਡਰ ਨੂੰ ਜਾਰੀ ਕੀਤਾ।

ਪੀ.ਐਸ.ਪੀ.ਸੀ.ਐਲ. ਦੇ ਕੈਲੰਡਰ ਵਿੱਚ ਸ੍ਰੀ ਗੁਰੂ ਅਮਰਦਾਸ ਥਰਮਲ ਪਲਾਂਟ, ਗੋਇੰਦਵਾਲ ਸਾਹਿਬ ਦੀ ਤਸਵੀਰ ਦੇ ਨਾਲ-ਨਾਲ ਕਾਰਪੋਰੇਸ਼ਨ ਵਿੱਚ ਨਵ-ਨਿਯੁਕਤ ਕਰਮਚਾਰੀਆਂ ਨੂੰ ਸ਼ਾਮਲ ਕਰਨ ਲਈ ਕਰਵਾਏ ਗਏ ਸਮਾਗਮ ਦੀ ਤਸਵੀਰ ਵੀ ਦਿਖਾਈ ਗਈ ਹੈ। ਇਸ ਤੋਂ ਇਲਾਵਾ, ਇਸ ਵਿੱਚ ਇੱਕ ਸ਼ਾਨਦਾਰ ਸੋਲਰ ਰੁੱਖ ਹੈ, ਜੋ ਨਵਿਆਉਣਯੋਗ ਊਰਜਾ ਲਈ ਕਾਰਪੋਰੇਸ਼ਨ ਦੇ ਸਮਰਪਣ ਦਾ ਪ੍ਰਤੀਕ ਹੈ। ਦੂਸਰੇ ਪਾਸੇ, ਪੀ.ਐਸ.ਟੀ.ਸੀ.ਐਲ ਦਾ ਕੈਲੰਡਰ ਸੂਬੇ ਦੇ ਪਾਵਰ ਟਰਾਂਸਮਿਸ਼ਨ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਅਪਣਾਈਆਂ ਗਈਆਂ ਨਵੀਨਤਾਕਾਰੀ ਪਹਿਲਕਦਮੀਆਂ ਨੂੰ ਦਰਸਾਉਂਦਾ ਹੈ।

ਇਨ੍ਹਾਂ ਕੈਲੰਡਰਾਂ ਨੂੰ ਜਾਰੀ ਕਰਦਿਆਂ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਪੀ.ਐਸ.ਪੀ.ਸੀ.ਐਲ ਅਤੇ ਪੀ.ਐਸ.ਟੀ.ਸੀ.ਐਲ ਦੋਵਾਂ ਨੂੰ ਉਨ੍ਹਾਂ ਦੀ ਸ਼ਲਾਘਾਯੋਗ ਪਹਿਲਕਦਮੀ ਲਈ ਵਧਾਈ ਦਿੱਤੀ। ਉਨ੍ਹਾਂ ਨੇ ਅਟੁੱਟ ਵਿਸ਼ਵਾਸ ਪ੍ਰਗਟਾਇਆ ਕਿ ਇਨ੍ਹਾਂ 2025 ਕੈਲੰਡਰਾਂ ਵਿੱਚ ਦਿਖਾਇਆ ਗਿਆ ਹਰ ਦਿਨ ਦੋਵਾਂ ਕਾਰਪੋਰੇਸ਼ਨਾਂ ਦੇ ਅਣਥੱਕ ਯਤਨਾਂ ਅਤੇ ਸਮਰਪਣ ਦੇ ਪ੍ਰਮਾਣ ਵਜੋਂ ਕੰਮ ਕਰੇਗਾ।

ਬਿਜਲੀ ਮੰਤਰੀ ਨੇ ਕਿਹਾ ਕਿ ਪੀ.ਐਸ.ਪੀ.ਸੀ.ਐਲ. ਅਤੇ ਪੀ.ਐਸ.ਟੀ.ਸੀ.ਐਲ. ਵੱਲੋਂ ਕੀਤੀਆਂ ਗਈਆਂ ਪਹਿਲਕਦਮੀਆਂ ਸਿਰਫ਼ ਕੈਲੰਡਰ ਦੀ ਇੱਕ ਤਰੀਕ ਹੀ ਨਹੀਂ, ਸਗੋਂ ਪੰਜਾਬ ਦੇ ਲੋਕਾਂ ਦੇ ਵਿਕਾਸ ਅਤੇ ਭਲਾਈ ਲਈ ਇੰਨ੍ਹਾਂ ਕਾਰਪੋਰੇਸ਼ਨਾਂ ਦੀ ਵਚਨਬੱਧਤਾ ਹੈ। ਉਨ੍ਹਾਂ ਸੂਬੇ ਦੇ ਬਿਜਲੀ ਖੇਤਰ ਨੂੰ ਅੱਗੇ ਵਧਾਉਣ ਵਿੱਚ ਇੰਨ੍ਹਾਂ ਕਾਰਪੋਰੇਸ਼ਨਾਂ ਦੀ ਅਹਿਮ ਭੂਮਿਕਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇੰਨ੍ਹਾਂ ਵੱਲੋਂ ਲਗਾਤਾਰ ਆਪਣੀ ਸਮਰੱਥਾ ਨੂੰ ਹੋਰ ਮਜ਼ਬੂਤ ਕਰਨ ਸਦਕਾ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਸਾਲ ਦਾ ਹਰ ਦਿਨ ਸੂਬੇ ਦੇ ਲੋਕਾਂ ਦੀ ਭਲਾਈ ਅਤੇ ਵਿਕਾਸ ਵਿੱਚ ਯੋਗਦਾਨ ਪਾਉਣ ਦੀ ਕੋਸ਼ਿਸ਼ ਦਾ ਹਿੱਸਾ ਬਣੇ। ਇਸ ਮੌਕੇ ਪ੍ਰਮੁੱਖ ਸਕੱਤਰ (ਬਿਜਲੀ) ਅਜੋਏ ਕੁਮਾਰ ਸਿਨਹਾ, ਸੀ.ਐਮ.ਡੀ ਪੀ.ਐਸ.ਪੀ.ਸੀ.ਐਲ ਇੰਜ. ਬਲਦੇਵ ਸਿੰਘ ਸਰਾਂ ਅਤੇ ਡਾਇਰੈਕਟਰ ਐਡਮਿਨ ਪੀ.ਐਸ.ਪੀ.ਸੀ.ਐਲ ਜਸਬੀਰ ਸਿੰਘ ਸੁਰਸਿੰਘ ਵੀ ਹਾਜ਼ਰ ਸਨ।

# ਜੀਐਸਟੀ ਵਿਭਾਗ ਵੱਲੋਂ ਸਰਵਿਸ ਟੈਕਸ ਡੀਲਰ ਰਜਿਸਟ੍ਰੇਸ਼ਨ ਲਈ ਵਿਸ਼ੇਸ਼ ਮੁਹਿੰਮ ਦਾ ਆਗਾਜ਼



**ਪਟਿਆਲਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜੀਐਸਟੀ ਵਿਭਾਗ ਨੇ ਟੈਕਸ ਦੇ ਦਾਇਰੇ ਨੂੰ ਵਧਾਉਣ ਦੇ ਉਦੇਸ਼ ਨਾਲ ਸਰਵਿਸ ਟੈਕਸ ਡੀਲਰਾਂ ਦਾ ਵਿਆਪਕ ਸਰਵੇਖਣ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਹੈ। ਇਹ ਜਾਣਕਾਰੀ ਸਾਂਝੀ ਕਰਦਿਆਂ ਸਹਾਇਕ ਕਮਿਸ਼ਨਰ ਸਟੇਟ ਟੈਕਸ ਪਟਿਆਲਾ, ਕਨੂ ਗਰਗ ਨੇ ਦੱਸਿਆ ਕਿ ਜੀਐਸਟੀ ਵਿਭਾਗ ਦੁਆਰਾ ਜਾਰੀ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ 10 ਜਨਵਰੀ ਨੂੰ ਸ਼ੁਰੂ ਹੋਈ ਇਹ ਮੁਹਿੰਮ 10 ਫਰਵਰੀ, 2025 ਤੱਕ ਜਾਰੀ ਰਹੇਗੀ।

ਕਨੂ ਗਰਗ ਨੇ ਜ਼ੋਰ ਦੇ ਕੇ ਕਿਹਾ ਕਿ ?20 ਲੱਖ ਤੋਂ ਵੱਧ ਸਾਲਾਨਾ ਟਰਨਓਵਰ ਵਾਲੇ ਸਾਰੇ ਸੇਵਾ ਪ੍ਰਦਾਤਾਵਾਂ ਨੂੰ ਸਰਕਾਰੀ ਨਿਯਮਾਂ ਅਨੁਸਾਰ ਜੀਐਸਟੀ ਅਧੀਨ ਰਜਿਸਟਰ ਕਰਨ ਦੀ ਲੋੜ ਹੈ।

ਅੱਜ ਇੱਥੇ ਵੱਖ-ਵੱਖ ਵਪਾਰਕ ਸੰਗਠਨਾਂ, ਵਕੀਲਾਂ ਅਤੇ ਪੇਸ਼ੇਵਰ ਹਿੱਸੇਦਾਰਾਂ ਨਾਲ ਇੱਕ ਮੀਟਿੰਗ ਵਿੱਚ, ਏਸੀਐਸਟੀ ਕਨੂ ਗਰਗ ਨੇ ਜੀਐਸਟੀ ਰਜਿਸਟ੍ਰੇਸ਼ਨ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਵਿਭਾਗ ਦੇ ਯਤਨਾਂ ਨੂੰ ਬਾਰੇ ਜਾਣਕਾਰੀ ਦਿੱਤੀ।

ਉਨ੍ਹਾਂ ਅੱਗੇ ਦੱਸਿਆ ਕਿ ਜੀਐਸਟੀ ਅਧੀਨ ਰਜਿਸਟਰ ਕਰਨ ਲਈ ਜ਼ਿੰਮੇਵਾਰ ਸੇਵਾ ਟੈਕਸ ਡੀਲਰਾਂ ਦੀ ਪਛਾਣ ਕਰਨ ਲਈ ਇੱਕ ਵਿਆਪਕ ਫੀਲਡ ਸਰਵੇਖਣ ਸ਼ੁਰੂ ਕੀਤਾ ਗਿਆ ਹੈ। ਕਨੂ ਗਰਗ ਨੇ ਕਿਹਾ ਕਿ ਰਾਜ ਕਰ ਵਿਭਾਗ ਵੱਲੋਂ ਸਾਰੇ ਯੋਗ ਸੇਵਾ ਪ੍ਰਦਾਤਾਵਾਂ ਨੂੰ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਜੀਐਸਟੀ ਅਧੀਨ ਰਜਿਸਟਰ ਕਰਨ ਲਈ ਇਸ ਵਿਸ਼ੇਸ਼ ਮੁਹਿੰਮ ਦਾ ਲਾਭ ਲੈਣ ਦੀ ਅਪੀਲ ਹੈ।

# ਸੰਸਦ ਮੈਂਬਰ ਮੀਤ ਹੇਅਰ ਨੇ 35 ਲੱਖ ਦਾ ਸਮਾਨ 174 ਦਿਵਿਆਂਗ ਵਿਅਕਤੀਆਂ ਨੂੰ ਵੰਡਿਆ



**ਬਰਨਾਲਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਦਿਆਲ ਸਿੰਘ (45 ਸਾਲ) ਵਾਸੀ ਕਾਲੇਕੇ ਛੋਟੀ ਉਮਰ ਤੋਂ ਹੀ ਚੱਲਣ ਤੋਂ ਅਸਮਰੱਥ ਹੈ। ਨੀਲਮ ਰਾਣੀ (44 ਸਾਲ) ਪਤਨੀ ਕ੍ਰਿਸ਼ਨ ਸਿੰਘ ਵਾਸੀ ਰੂੜੇਕੇ ਕਲਾਂ ਨੂੰ ਵੀ ਬਚਪਨ ਤੋਂ ਹੀ ਚੱਲਣ ਵਿੱਚ ਦਿੱਕਤ ਹੋਣ ਕਰਕੇ ਉਹ ਕਦੇ ਬਿਨਾਂ ਐਮਰਜੈਂਸੀ ਤੋਂ ਘਰ ਤੋਂ ਬਾਹਰ ਨਹੀਂ ਜਾ ਸਕੀ, ਕਿਉਂਕਿ ਉਸਨੂੰ ਕਿਸੇ ਦਾ ਸਹਾਰਾ ਤੱਕਣਾ ਪੈਂਦਾ ਸੀ। ਜਰਨੈਲ ਸਿੰਘ ਵਾਸੀ ਮਸਤੂਆਣਾ ਸਾਹਿਬ ਲੱਕੜ ਦੇ ਰੇਹੜੇ ਸਹਾਰੇ ਚੱਲਦਾ ਸੀ।

ਇਸੇ ਤਰ੍ਹਾਂ ਜਤਿੰਦਰ ਸਿੰਘ ਵਾਸੀ ਭੂਰੇ ਕੁੱਬੇ (24 ਸਾਲ) ਅੱਜ ਤੱਕ ਬਿਨਾਂ ਕਿਸੇ ਉਪਕਰਨ ਤੋਂ ਹੀ ਬਸੇਰਾ ਕਰ ਰਿਹਾ ਸੀ, ਅੱਜ ਇਨ੍ਹਾਂ ਨੂੰ ਮੋਟਰਾਈਜ਼ਡ ਟ੍ਰਾਈਸਾਈਕਲ ਮੁਫ਼ਤ ਮਿਲੇ। ਉਨ੍ਹਾਂ ਕਿਹਾ ਕਿ ਉਹ ਅੱਜ ਅਸਲ ਰੂਪ ਵਿਚ ਆਪਣੇ ਪੈਰਾਂ 'ਤੇ ਖੜ੍ਹੇ ਹੋ ਗਏ ਹਨ, ਕਿਉਂਕਿ ਉਨ੍ਹਾਂ ਨੂੰ ਹੁਣ ਕਿਸੇ ਦਾ ਸਹਾਰਾ ਨਹੀਂ ਤੱਕਣਾ ਪਵੇਗਾ।

ਕਪਿਲ ਪੈਲੇਸ ਵਿੱਚ ਸਟੇਟ ਬੈਂਕ ਆਫ ਇੰਡੀਆ ਅਤੇ ਅਲਿਮਕੋ ਦੇ ਸਹਿਯੋਗ ਨਾਲ ਦਿਵਿਆਂਗਜਨਾਂ ਨੂੰ ਸਹਾਇਕ ਉਪਕਰਨ/ ਮਸਨੂਈ ਅੰਗ ਵੰਡਣ ਲਈ ਕੈਂਪ ਲਗਾਇਆ ਗਿਆ, ਜਿੱਥੇ ਸੰਸਦ ਮੈਂਬਰ ਸ. ਗੁਰਮੀਤ ਸਿੰਘ ਮੀਤ ਹੇਅਰ ਨੇ ਕਰੀਬ 35 ਲੱਖ ਦਾ ਸਾਮਾਨ 174 ਦਿਵਿਆਂਗ ਵਿਅਕਤੀਆਂ ਨੂੰ ਵੰਡਿਆ। ਇਸ ਵਿੱਚ 26 ਮੋਟਰਾਈਜ਼ਡ ਟ੍ਰਾਈਸਾਈਕਲ (ਪ੍ਰਤੀ ਯੂਨਿਟ 58 ਹਜ਼ਾਰ ਦੀ ਕੀਮਤ ਵਾਲੇ), 5 ਜੁਆਇਸਟਿੱਕ ਵ੍ਹੀਲ ਚੇਅਰ (ਪ੍ਰਤੀ ਯੂਨਿਟ 72 ਹਜ਼ਾਰ ਦੀ ਕੀਮਤ ਵਾਲੇ), 80 ਸੁਣਨ ਵਾਲਿਆਂ ਮਸ਼ੀਨਾਂ ਸਮੇਤ 300 ਉਪਕਰਨ ਕੈਂਪ ਵਿੱਚ ਦਿੱਤੇ ਗਏ।

ਇਸ ਮੌਕੇ ਸ. ਮੀਤ ਹੇਅਰ ਨੇ ਕਿਹਾ ਕਿ ਇਹ ਸਾਰੇ ਵਿਅਕਤੀ ਮੇਰਾ ਪਰਿਵਾਰ ਹਨ ਅਤੇ ਇਹ ਹਮੇਸ਼ਾ ਇਨ੍ਹਾਂ ਕਈ ਹਾਜ਼ਰ ਹਨ ਤੇ ਕਿਸੇ ਵੀ ਦਿਵਿਆਂਗ ਵਿਅਕਤੀ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਸਟੇਟ ਬੈਂਕ ਆਫ ਇੰਡੀਆ ਦੀ ਟੀਮ ਦੀ ਸ਼ਲਾਘਾ ਕੀਤੀ ਜਿਨ੍ਹਾਂ ਨੇ ਇਸ ਉਪਰਾਲੇ ਲਈ ਵਿੱਤੀ ਸਹਿਯੋਗ ਦਿੱਤਾ ਹੈ।

ਇਸ ਮੌਕੇ ਡੀਜੀਐਮ (ਐਸਬੀਆਈ) ਅਭਿਸ਼ੇਕ ਕੁਮਾਰ ਸ਼ਰਮਾ ਨੇ ਕਿਹਾ ਕਿ ਸਟੇਟ ਬੈਂਕ ਆਫ ਇੰਡੀਆ ਵਲੋਂ ਸੀਐਸਆਰ ਫੰਡ ਵਿਚੋਂ ਇਹ ਉਪਰਾਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਤਪਾ ਵਿੱਚ ਕੈਂਪ ਲਾਇਆ ਗਿਆ ਹੈ ਅਤੇ ਭਲਕੇ ਚੰਨਣਵਾਲ ਵਿੱਚ ਮਹਿਲ ਕਲਾਂ ਬਲਾਕ ਦਾ ਕੈਂਪ ਲਾਇਆ ਜਾਵੇਗਾ। ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਡਾ. ਤੇਅਵਾਸਪ੍ਰੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਤਹਿਤ ਸਮੇਂ ਸਮੇਂ ਅਜਿਹੇ ਉਪਰਾਲੇ ਕੀਤੇ ਜਾਂਦੇ ਹਨ ਜੋ ਕਿ ਆਉਂਦੇ ਸਮੇਂ ਵੀ ਜਾਰੀ ਰਹਿਣਗੇ।

ਇਸ ਮੌਕੇ ਸ. ਗੁਰਮੀਤ ਸਿੰਘ ਮੀਤ ਹੇਅਰ ਵਲੋਂ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲਿਆਂ ਦਾ ਸਨਮਾਨ ਵੀ ਕੀਤਾ ਗਿਆ। ਉਨ੍ਹਾਂ ਦਿਵਿਆਂਗ ਵਿਦਿਆਰਥੀ ਤਰਕ ਖਾਨ ਵਾਸੀ ਸ਼ਹਿਣਾ, ਜਗਦੀਪ ਸਿੰਘ ਵਾਸੀ ਵਿਧਾਤੇ, ਹਰਮਨ ਸਿੰਘ ਵਾਸੀ ਭਦੌੜ, ਕਰਨਾ ਰਾਮ ਵਾਸੀ ਮਹਿਲ ਕਲਾਂ, ਗਗਨਦੀਪ ਸਿੰਘ ਵਾਸੀ ਫਰਵਾਹੀ ਜਿਨ੍ਹਾਂ ਨੇ ਪੜ੍ਹਾਈ ਅਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰੀਆਂ ਹਨ, ਦਾ ਸਨਮਾਨ ਕੀਤਾ। ਇਸ ਮੌਕੇ ਜਗਸੀਰ ਸਿੰਘ ਆਈਈਆਰਟੀ, ਸ੍ਰੀਮਤੀ ਦਵਿੰਦਰ ਕੌਰ, ਸ੍ਰੀਮਤੀ ਰੰਜੂ ਅਧਿਆਪਕਾਂ ਦਾ ਸਨਮਾਨ ਕੀਤਾ ਜੋ ਕਿ ਦਿਵਿਆਂਗ ਵਿਦਿਆਰਥੀਆਂ ਨੂੰ ਪੜ੍ਹਾ ਰਹੇ ਹਨ। ਇਸ ਤੋਂ ਇਲਾਵਾ ਪਵਨ ਸੇਵਾ ਸਮਿਤੀ ਦੇ ਅਧਿਆਪਕ ਸਤਵੰਤ ਸਿੰਘ, ਸਿਵਲ ਸਰਜਨ ਦਫ਼ਤਰ ਵਿੱਚ ਸੇਵਾਵਾਂ ਨਿਭਾਅ ਰਹੇ ਕਸ਼ਮੀਰ ਸਿੰਘ, ਖੇਡਾਂ ਵਿਚ ਮੱਲਾਂ ਮਾਰਨ ਵਾਲੇ ਪਰਵੇਜ਼ ਖਾਨ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਸਹਿਤ ਰਤਨ ਓਮ ਪ੍ਰਕਾਸ਼ ਗਾਸੋ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# ਜਲੰਧਰ ਦਾ ਸਿਵਲ ਹਸਪਤਾਲ ਅਤਿ-ਆਧੁਨਿਕ ਸਿਹਤ ਸਹੂਲਤਾਂ ਨਾਲ ਹੋਵੇਗਾ ਲੈਸ: ਰਾਜ ਸਭਾ ਮੈਂਬਰ ਸੰਜੀਵ ਅਰੋੜਾ



**ਜਲੰਧਰ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਸ਼ਹੀਦ ਬਾਬੂ ਲਾਭ ਸਿੰਘ ਸਿਵਲ ਹਸਪਤਾਲ ਜਲੰਧਰ ਨੂੰ ਪ੍ਰਾਈਵੇਟ ਹਸਪਤਾਲਾਂ ਤੋਂ ਬਿਹਤਰ ਬਣਾਉਣ ਦੀ ਆਪਣੀ ਵਚਨਬੱਧਤਾ ਦੁਹਰਾਈ। ਵਿਧਾਇਕ ਰਮਨ ਅਰੋੜਾ ਅਤੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਸਮੇਤ ਸਿਵਲ ਹਸਪਤਾਲ ਦੇ ਦੌਰੇ ਦੌਰਾਨ ਰਾਜ ਸਭਾ ਮੈਂਬਰ ਨੇ ਹਸਪਤਾਲ ਦੇ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਯੋਜਨਾਵਾਂ ਦੀ ਰੂਪ-ਰੇਖਾ ਉਲੀਕੀ।

ਸ੍ਰੀ ਅਰੋੜਾ ਨੇ ਹਸਪਤਾਲ ਦੇ ਅੰਦਰ ਚਾਰ ਨਵੇਂ ਅਤਿ-ਆਧੁਨਿਕ ਆਪ੍ਰੇਸ਼ਨ ਥੀਏਟਰ ਬਣਾਉਣ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਪਾਣੀ ਜਮ੍ਹਾ ਹੋਣ ਦੀ ਸਮੱਸਿਆ ਦੇ ਹੱਲ ਲਈ ਪੁਰਾਣੇ ਸੀਵਰੇਜ ਸਿਸਟਮ ਨੂੰ ਤਬਦੀਲ ਕਰਨ ਦੇ ਨਿਰਦੇਸ਼ ਦੇਣ ਦੇ ਨਾਲ-ਨਾਲ ਪੂਰੇ ਹਸਪਤਾਲ ਵਿੱਚ ਨਵੇਂ ਟਾਇਲਟ ਬਲਾਕ ਬਣਾਉਣ ਨੂੰ ਪ੍ਰਵਾਨਗੀ ਦਿੱਤੀ। ਹਸਪਤਾਲ ਵਿੱਚ ਕਰਵਾਏ ਜਾਣ ਵਾਲੇ ਹੋਰ ਕੰਮਾਂ ਵਿੱਚ ਪੇਂਟਿੰਗ, ਨਵਾਂ ਫਰਸ਼, ਟਾਈਲਾਂ ਲਾਉਣਾ, ਛੱਤ ਦੀ ਵਾਟਰਪਰੂਫਿੰਗ, ਬਿਜਲੀ ਦੀਆਂ ਤਾਰਾਂ ਬਦਲਣਾ ਅਤੇ ਸਾਈਨ ਬੋਰਡਾਂ ਦੀ ਸਥਾਪਨਾ ਸ਼ਾਮਲ ਹੈ। ਮੌਜੂਦਾ ਐਮਰਜੈਂਸੀ ਵਾਰਡ ਦਾ ਵੀ ਵਿਸਥਾਰ ਕੀਤਾ ਜਾਵੇਗਾ, ਜਿਸ ਵਿੱਚ 10 ਹੋਰ ਬੈੱਡ ਜੋੜੇ ਜਾਣਗੇ।

ਡਾਇਗਨੌਸਟਿਕ ਅਤੇ ਸਰਜੀਕਲ ਸਮਰੱਥਾ ਵਿੱਚ ਵਾਧਾ ਕਰਨ ਲਈ ਰਾਜ ਸਭਾ ਮੈਂਬਰ ਵੱਲੋਂ ਪੋਰਟੇਬਲ ਐਕਸ-ਰੇ ਅਤੇ ਲੈਪਰੋਸਕੋਪੀ ਮਸ਼ੀਨਾਂ ਸਮੇਤ ਉੱਨਤ ਮੈਡੀਕਲ ਉਪਕਰਣਾਂ ਦੀ ਖ਼ਰੀਦ ਨੂੰ ਮਨਜ਼ੂਰੀ ਦਿੱਤੀ ਗਈ। ਉਨ੍ਹਾਂ ਅਧਿਕਾਰੀਆਂ ਨੂੰ ਇਸ ਅਪਗ੍ਰੇਡੇਸ਼ਨ ਲਈ ਵਿਸਥਾਰਤ ਪ੍ਰਾਜੈਕਟ ਰਿਪੋਰਟ ਤਿਆਰ ਕਰਨ ਦੀ ਹਦਾਇਤ ਕੀਤੀ ਤਾਂ ਜੋ ਐਮਪੀਲੈਡਸ 'ਚੋਂ ਸਮੇਂ ਸਿਰ ਫੰਡ ਜਾਰੀ ਕੀਤੇ ਜਾ ਸਕਣ।

ਸਿਹਤ ਸੰਭਾਲ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਸ਼੍ਰੀ ਅਰੋੜਾ ਨੇ ਸਿਹਤ ਅਧਿਕਾਰੀਆਂ ਨੂੰ ਆਯੁਸ਼ਮਾਨ ਭਾਰਤ ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਨ ਦੀ ਅਪੀਲ ਕੀਤੀ ਤਾਂ ਜੋ ਯੋਗ ਲਾਭਪਾਤਰੀ ਮੁਫ਼ਤ ਸਿਹਤ ਸੇਵਾਵਾਂ ਤੱਕ ਪਹੁੰਚ ਕਰ ਸਕਣ। ਉਨ੍ਹਾਂ ਹਸਪਤਾਲ ਵਿੱਚ 100 ਬਿਸਤਰਿਆਂ ਵਾਲੇ ਕ੍ਰਿਟੀਕਲ ਕੇਅਰ ਯੂਨਿਟ ਦੇ ਚੱਲ ਰਹੇ ਨਿਰਮਾਣ ਦਾ ਵੀ ਜਾਇਜ਼ਾ ਲਿਆ ਅਤੇ ਇਸ ਨੂੰ ਸਮੇਂ ਸਿਰ ਮੁਕੰਮਲ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਐਮਰਜੈਂਸੀ ਵਾਰਡ ਦਾ ਵੀ ਦੌਰਾ ਕੀਤਾ, ਜਿੱਥੇ ਉਨ੍ਹਾਂ ਅਧਿਕਾਰੀਆਂ ਨੂੰ ਇਸ ਦੇ ਵਿਸਥਾਰ ਲਈ ਯੋਜਨਾ ਉਲੀਕਣ ਦੇ ਨਿਰਦੇਸ਼ ਦਿੱਤੇ।

ਸ਼੍ਰੀ ਅਰੋੜਾ ਨੇ ਕਿਹਾ ਕਿ ਸਿਹਤ ਸੰਭਾਲ ਪੰਜਾਬ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ ਅਤੇ ਸਰਕਾਰ ਨੇ ਇਸ ਖੇਤਰ ਵਿੱਚ ਪਹਿਲਾਂ ਹੀ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਹੈ। ਇਨ੍ਹਾਂ ਪ੍ਰਾਜੈਕਟਾਂ ਲਈ ਲੋੜੀਂਦੇ ਫੰਡਾਂ ਦਾ ਭਰੋਸਾ ਦਿੰਦਿਆਂ ਉਨ੍ਹਾਂ ਨੇ ਮਰੀਜ਼ਾਂ ਨੂੰ ਲਾਭ ਪਹੁੰਚਾਉਣ ਲਈ ਸਰੋਤਾਂ ਦੀ ਸੁਚੱਜੀ ਵਰਤੋਂ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਇਹ ਪਹਿਲਕਦਮੀਆਂ ਇੱਕ ਵਾਰ ਲਾਗੂ ਹੋਣ ਤੋਂ ਬਾਅਦ ਜਲੰਧਰ ਦੇ ਸਿਵਲ ਹਸਪਤਾਲ ਵਿੱਚ ਮਰੀਜ਼ਾਂ ਦੀ ਦੇਖਭਾਲ ਦੀ ਗੁਣਵੱਤਾ ਵਿੱਚ ਹੋਰ ਵਾਧਾ ਹੋਵੇਗਾ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਸਿਹਤ ਸੰਭਾਲ ਸਬੰਧੀ ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣ ਲਈ ਕਈ ਮਹੱਤਵਪੂਰਣ ਉਪਰਾਲੇ ਕੀਤੇ ਗਏ ਹਨ। ਉਨ੍ਹਾਂ ਨੇ ਰਾਜ ਸਭਾ ਮੈਂਬਰ ਨੂੰ ਇਨ੍ਹਾਂ ਨਵੇਂ ਪ੍ਰਾਜੈਕਟਾਂ ਨੂੰ ਤੇਜ਼ੀ ਨਾਲ ਨੇਪਰੇ ਚਾੜ੍ਹਨ ਭਰੋਸਾ ਵੀ ਦਿੱਤਾ।

ਮੀਟਿੰਗ ਵਿੱਚ ਸਿਵਲ ਸਰਜਨ ਡਾ. ਗੁਰਮੀਤ, ਮੈਡੀਕਲ ਸੁਪਰਡੈਂਟ ਡਾ. ਗੀਤਾ, ਡਾ. ਰਮਨ ਸ਼ਰਮਾ ਅਤੇ ਹੋਰ ਮੈਡੀਕਲ ਅਫ਼ਸਰ ਵੀ ਮੌਜੂਦ ਸਨ।

# ਬਠਿੰਡਾ ਪੁਲਿਸ ਨੇ ਪਿੰਡ ਬਦਿਆਲਾ ਦੇ ਦੋਹਰੇ ਕਤਲ ਦੀ ਗੁੱਥੀ ਸੁਲਝਾ ਕੇ ਕਤਲ ਦੇ ਦੋਸ਼ੀ ਨੂੰ ਕੀਤਾ ਕਾਬੂ



**ਬਠਿੰਡਾ 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀ ਅਣਪਛਾਤੇ ਵਿਅਕਤੀਆਂ ਵੱਲੋਂ ਪਿੰਡ ਬਦਿਆਲਾ ਵਿਖੇ ਰਹਿ ਰਹੇ ਬਜ਼ੁਰਗ ਜੋੜੇ ਦਾ ਤੇਜ ਹਥਿਆਰ ਨਾਲ ਬੜੀ ਹੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ ਮਰਨ ਵਾਲਿਆਂ ਵਿੱਚੋਂ ਕਿਆਸ ਸਿੰਘ ਪੁੱਤਰ ਕਰਨੈਲ ਸਿੰਘ ਅਤੇ ਇਸ ਦੀ ਪਤਨੀ ਅਮਰਜੀਤ ਕੌਰ ਵਾਸੀਆਨ ਬਦਿਆਲਾ ਸ਼ਾਮਲ ਸਨ, ਜਿਸ ਸਬੰਧੀ ਮੁਕੱਦਮਾ ਥਾਣਾ ਸਦਰ ਰਾਮਪੁਰਾ ਦਰਜ ਕੀਤਾ ਗਿਆ ਸੀ, ਜੋ ਇਸ ਅੰਨੇ ਅਤੇ ਦੋਹਰੇ ਕਤਲ ਨੂੰ ਟਰੇਸ ਕਰਨ ਲਈ ਥਾਣਾ ਸਦਰ ਰਾਮਪੁਰਾ ਸੀਆਈਏ ਸਟਾਫ਼ -ਵਨ ਅਤੇ ਸੀਆਈਏ ਸਟਾਫ਼ -ਟੂ ਦੀਆਂ ਵੱਖ ਵੱਖ ਟੀਮਾਂ ਦਾ ਗਠਨ ਕੀਤਾ ਗਿਆ ਸੀ।

ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਅਮਨੀਤ ਕੌਂਡਲ ਆਈਪੀਐਸ ਸੀਨੀਅਰ ਕਪਤਾਨ ਪੁਲਿਸ ਬਠਿੰਡਾ ਨੇ ਦੱਸਿਆ ਕਿ ਨਰਿੰਦਰ ਸਿੰਘ ਪੀਪੀਐਸ ਐਸਪੀ ਸਿਟੀ ਬਠਿੰਡਾ ਦੀ ਰਹਿਨੁਮਾਈ ਹੇਠ ਤੇ ਪ੍ਰਦੀਪ ਸਿੰਘ ਪੀਪੀਐਸ ਡੀਐਸਪੀ ਫੂਲ ਅਤੇ ਮਨਜੀਤ ਸਿੰਘ ਪੀਪੀਐਸ ਡੀਐਸਪੀ (ਪੀਬੀ/ਆਈ/ ਡੀਟੈਕਟਿਵ) ਬਠਿੰਡਾ ਦੇ ਅਗਵਾਈ ਵਿੱਚ ਥਾਣਾ ਸਦਰ ਰਾਮਪੁਰਾ ਦੀ ਟੀਮ ਨੇ ਇੱਕ ਭਰੋਸੇਯੋਗ ਤਲਾਹ ਪਰ ਪਿੰਡ ਬਦਿਆਲਾ ਤੋਂ ਬਿਕਰਮ ਸਿੰਘ ਉਰਫ ਬਿੱਕਰ ਪੁੱਤਰ ਕਰਨੈਲ ਸਿੰਘ ਵਾਸੀ ਬਦਿਆਲਾ ਨੂੰ ਕਾਬੂ ਕੀਤਾ ਇਸ ਦੀ ਪੁੱਛ ਗਿੱਛ ਦੇ ਆਧਾਰ ਤੇ ਇਸਦੇ ਘਰ ਵਿੱਚ ਬੰਦ ਪਈ ਲੈਟਰੀਗ ਵਿੱਚ ਪਈਆਂ ਇੱਟਾਂ ਵਿੱਚੋਂ ਵਾਰਦਾਤ ਵਿੱਚ ਵਰਤਿਆ ਗਿਆ ਦਾਹ ਲੋਹਾ ਬਰਾਮਦ ਕਰਵਾ ਕੇ ਬਿਕਰਮ ਸਿੰਘ ਉਰਫ ਬਿੱਕਰ ਨੂੰ ਉਕਤ ਮੁਕੱਦਮਾ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

# ਮੋਹਾਲੀ ਪ੍ਰੈਸ ਕਲੱਬ ਦੇ ਲੋਹੜੀ ਮੇਲੇ ਵਿਚ ਕਲਾਕਾਰਾਂ ਨੇ ਪਾਈ ਧੂੰਮ; ਧੀਆਂ ਦੀ ਲੋਹੜੀ ਮੇਲੇ ਵਿਚ ਰਹੀ ਧੀਆਂ ਦੀ ਸਰਦਾਰੀ



**ਮੁਹਾਲੀ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਹਾਲੀ ਪ੍ਰੈਸ ਕਲੱਬ ਵੱਲੋਂ 19ਵੇਂ ਧੀਆਂ ਦੀ ਲੋਹੜੀ ਮੇਲੇ ਵਿਚ ਪੰਜਾਬ ਦੇ ਨਾਮੀ ਕਲਾਕਾਰਾਂ ਨੇ ਦਰਸ਼ਕਾਂ ਨਾਲ ਰਲ ਕੇ ਪੂਰੀ ਠੰਡ ਵਿਚ ਗਰਮਾਹਟ ਭਰ ਦਿੱਤੀ। ਮੇਲੇ ਦੀ ਖਾਸ ਗੱਲ ਇਹ ਸੀ ਕਿ ਪੂਰੇ ਮੇਲੇ ਵਿਚ ਧੀਆਂ ਦੀ ਸਰਦਾਰੀ ਰਹੀ। ਇਸ ਸਾਲ ਨਵਜੰਮੀਆਂ, ਪੜ੍ਹਾਈ ਅਤੇ ਖੇਡਾਂ ਵਿਚ ਨਾਮਣਾ ਖੱਟਣ ਵਾਲੀਆਂ 15 ਲੜਕੀਆਂ ਦਾ ਸਨਮਾਨ ਕੀਤਾ ਗਿਆ। ਹਰ ਲੜਕੀ ਨੂੰ ਕਲੱਬ ਵੱਲੋਂ 2100 ਰੁਪਏ, ਇਕ ਸ਼ਾਲ ਤੇ ਟਰਾਫੀ ਦੇ ਕੇ ਸਨਮਾਨਤ ਕੀਤਾ ਗਿਆ। ਮੋਹਾਲੀ ਪ੍ਰੈਸ ਕਲੱਬ ਦੇ ਪ੍ਰਧਾਨ ਸੁਖਦੇਵ ਸਿੰਘ ਪਟਵਾਰੀ, ਜਨਰਲ ਸਕੱਤਰ ਗੁਰਮੀਤ ਸਿੰਘ ਸ਼ਾਹੀ, ਸਮੁੱਚੀ ਗਵਰਨਿੰਗ ਬਾਡੀ ਤੇ ਸਮਾਜ ਸੇਵਿਕਾ ਜਗਜੀਤ ਕੌਰ ਕਾਹਲੋਂ ਨੇ ਯੁਵਰਾਜ ਕਾਹਲੋਂ, ਬਲਦੇਵ ਕਾਕੜੀ, ਹਰਭਜਨ ਸ਼ੇਰਾ-ਹਮੀਰ ਕੌਰ ਦੀ ਦੋਗਾਣਾ ਜੋੜੀ ਨੂੰ ਸਨਮਾਨਤ ਕੀਤਾ। ਮੇਲੇ ਵਿਚ ਮੋਹਾਲੀ ਨਗਰ ਨਿਗਮ ਦੇ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ ਨੇ ਵੀ ਸ਼ਿਰਕਤ ਕੀਤੀ।

ਸਨਮਾਨਤ ਲੜਕੀਆਂ ਵਿਚ 2023-24 ਸਕੂਲ ਨੈਸ਼ਨਲ ਖੇਡਾਂ ਦਿੱਲੀ ਤੈਰਾਕੀ ਵਿਚ ਗੋਲਡ ਜਸਨੂਰ ਕੌਰ, ਚਾਹਤ ਅਰੋੜਾ, ਨੈਸ਼ਨਲ ਗੇਮਜ਼ 2024 ਗੋਆ ਤੈਰਾਕੀ ਵਿਚ ਗੋਲਡ, ਵਰਨੀਕ ਬਸੰਬੂ ਸਕੂਲ ਅਤੇ ਵਨੀਸ਼ਾ ਬਸੰਸੂ ਨੈਸ਼ਨਲ ਗੇਮਜ਼ ਦਿੱਲੀ 2023 ਤੈਰਾਕੀ ਵਿਚ ਗੋਲਡ, ਅਰਸ਼ਪ੍ਰੀਤ ਕੌਰ ਸਕੂਲ ਨੈਸ਼ਨਲ ਭੁਵਨੇਸ਼ਵਰ ਉਡੀਸਾ ਵਿਚ ਤੈਰਾਕੀ ਗੋਲਡ, ਮੋਨਿਕਾ 68ਵੀਆਂ ਸਕੂਲ ਨੈਸ਼ਨਲ ਗੇਮਜ਼ ਦਿੱਲੀ ਵਿਖੇ ਵੇਟਲਿਫਟਿੰਗ ਕਾਂਸ਼ੀ ਤਮਗਾ, ਅਨੰਨਿਆ ਸਕੂਲ ਨੈਸ਼ਨਲ 2024 ਪਟਨਾ ਵੇਟਲਿਫਟਿੰਗ ਵਿਚ ਗੋਲਡ, ਮੰਨਤ ਮਹਿਤਾ, ਨੈਸ਼ਨਲ ਰੈਸਲਿੰਗ ਚੈਂਪੀਅਨਸ਼ਿਪ 2024 ਨੋਇਡਾ ਕੁਸ਼ਤੀ ਵਿਚ ਕਾਂਸ਼ੀ ਤਮਗਾ, ਤਮੰਨ ਸ਼ਰਮਾ ਜੂਨੀਅਰ ਨੈਸ਼ਨਲ ਅਤੇ ਖੇਡੋ ਇੰਡੀਆ ਪ੍ਰਯਾਗਰਾਜ ਜਿਮਨਾਸਟਿਕ ਗੋਲਡ ਅਤੇ ਏਕਮ ਕੌਰ ਬਰਾੜ ਸਬ ਜੂਨੀਅਰ ਨੈਸ਼ਨਲ ਕੋਲਕਾਤਾ ਜਿਮਨਾਸਟਿਕਸ ਕਾਂਸ਼ੀ, ਜੁਆਏ ਬੈਦਵਾਨ ਗੋਲਾ ਸੁੱਟਣ ਵਿਚ ਸਿਲਵਰ, ਕਰਮ ਕੌਰ ਬਰਾੜ ਤੈਰਾਕੀ ਸਿਲਵਰ, ਹਰਲੀਨ ਕੌਰ ਦਿਓਲ ਇੰਟਰਨੈਸ਼ਨਲ ਕ੍ਰਿਕਟ ਅਤੇ ਵਿਦਿਅਕ ਖੇਤਰ ਵਿਚ ਮਾਨਿਆ ਠਾਕੁਰ ਅਤੇ ਨਵਜੰਮੀਆਂ ਬੱਚੀਆਂ ਵਿਚ ਸਹਿਜਪ੍ਰੀਤ ਕੌਰ ਸ਼ਾਮਲ ਸਨ।

ਫਿਰ ਸ਼ੁਰੂ ਹੋਏ ਕਲਾਕਾਰਾਂ ਦੀ ਗਾਇਕੀ ਦੇ ਜੌਹਰ। ਹਰਿੰਦਰ ਹਰ, ਯੁਵਰਾਜ ਕਾਹਲੋਂ, ਹਰਭਜਨ ਦੀ ਦੋਗਾਣਾ ਜੋੜੀ ਨੇ ਗੀਤਾਂ ਦੀ ਛਹਿਬਰ ਲਾ ਦਿੱਤੀ। ਪ੍ਰਸਿੱਧ ਕਲਾਕਾਰ ਜ਼ੈਲੀ ਨੇ ਘੰਟਾ ਭਰ ਆਪਣੇ ਪ੍ਰਸਿੱਧ ਗੀਤਾਂ ਨਾਲ ਲੋਕਾਂ ਨੂੰ ਖ਼ੂਬ ਨਚਾਇਆ ਅਤੇ ਫਿਰ ਗੁਰਕ੍ਰਿਪਾਲ ਸੁਰਾਪੁਰੀ ਤੇ ਜ਼ੈਲੀ ਨੇ ਇਕੱਠਿਆਂ ਬੋਲੀਆਂ ਪਾ ਕੇ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ। ਲਗਭਗ ਘੰਟਾ ਭਰ ਇਨ੍ਹਾਂ ਕਲਾਕਾਰਾਂ ਨੇ ਭਾਰੀ ਭੀੜ ਨੂੰ ਭੰਗੜੇ ਤੇ ਗਿੱਧੇ ਪਾ ਕੇ ਖ਼ੂਬ ਨਚਾਇਆ। ਇਸ ਮੌਕੇ ਲੋਹੜੀ ਬਾਲਣ ਦੀ ਰਸਮ ਸਮਾਜ ਸੇਵਿਕਾ ਜਗਜੀਤ ਕੌਰ ਕਾਹਲੋਂ ਨੇ ਨਿਭਾਈ।

ਮੇਲੇ ਵਿਚ ਸ਼ਾਮਲ ਕਲੱਬ ਦੇ ਗਵਰਨਿੰਗ ਬਾਡੀ ਮੈਂਬਰ ਸੁਸ਼ੀਲ ਗਰਚਾ ਸੀ. ਮੀਤ ਪ੍ਰਧਾਨ, ਰਜੀਵ ਤਨੇਜਾ ਤੇ ਧਰਮ ਸਿੰਘ ਮੀਤ ਪ੍ਰਧਾਨ, ਗੁਰਮੀਤ ਸ਼ਾਹੀ ਜਨਰਲ ਸਕੱਤਰ, ਨੀਲਮ ਠਾਕੁਰ ਜਥੇਬੰਦਕ ਸਕੱਤਰ, ਮਾਇਆ ਰਾਮ ਤੇ ਵਿਜੇ ਕੁਮਾਰ ਜਾਇੰਟ ਸਕੱਤਰ ਅਤੇ ਖ਼ਜ਼ਾਨਚੀ ਮਨਜੀਤ ਸਿੰਘ ਚਾਨਾ ਤੋਂ ਇਲਾਵਾ ਸਾਗਰ ਪਾਹਵਾ, ਨੇਹਾ, ਗੁਰਦੀਪ ਬੈਨੀਪਾਲ, ਭੁਪਿੰਦਰ ਬੱਬਰ, ਸ਼ਨੀ ਸ਼ਰਮਾ, ਅਨਿਲ ਭਾਰਦਵਾਜ, ਜੈ ਸਿੰਘ ਛਿੱਬਰ, ਕੁਲਵਿੰਦਰ ਬਾਵਾ, ਹਰਬੰਸ ਬਾਗੜੀ, ਗੁਰਮੀਤ ਸਿੰਘ ਰੰਧਾਵਾ, ਕੁਲਵੰਤ ਕੋਟਲੀ, ਸੰਦੀਪ ਬਿੰਦਰਾ, ਹਰਿੰਦਰਪਾਲ ਹੈਰੀ, ਤਿਲਕ ਰਾਜ, ਸੁਖਵਿੰਦਰ ਸ਼ਾਨ, ਅਮਨਦੀਪ ਗਿੱਲ, ਹਰਦੇਵ ਚੌਹਾਨ, ਪਾਲ ਕੰਸਾਲਾ, ਅਮਰਜੀਤ ਸਿੰਘ, ਮੰਗਤ ਸੈਦਪੁਰ, ਜਸਵਿੰਦਰ ਰੁਪਾਲ, ਹਰਪ੍ਰੀਤ ਸੋਢੀ, ਸੁੰਦਰ ਲਾਲ, ਡੀ.ਐਨ. ਸਿੰਘ, ਪ੍ਰਵੇਸ਼ ਚੌਹਾਨ ਅਤੇ ਹਰਮਿੰਦਰ ਸਿੰਘ ਨਾਗਪਾਲ ਆਦਿ ਹਾਜ਼ਰ ਸਨ।

# ਫਰਿਸ਼ਤੇ ਸਕੀਮ ਸੜ੍ਹਕੀ ਹਾਦਸਿਆਂ ਵਿੱਚ ਜ਼ਖ਼ਮੀ ਵਿਅਕਤੀਆਂ ਦੀ ਜਾਨ ਬਚਾਉਣ ਲਈ ਹੋ ਰਹੀ ਹੈ ਕਾਰਗਰ ਸਿੱਧ: ਸਿਵਲ ਸਰਜਨ



**ਮਾਨਸਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਸੜ੍ਹਕੀ ਹਾਦਸਿਆਂ ਦੌਰਾਨ ਹੋਣ ਵਾਲੀਆਂ ਮੌਤਾਂ ਨੂੰ ਘੱਟ ਕਰਨ ਲਈ ਫਰਿਸ਼ਤੇ ਸਕੀਮ ਸ਼ੁਰੂ ਕੀਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਮਾਨਸਾ ਡਾ. ਰਣਜੀਤ ਸਿੰਘ ਰਾਏ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਸਕੀਮ ਅਧੀਨ ਸੜ੍ਹਕ ਹਾਦਸਿਆਂ ਵਿਚ ਜ਼ਖਮੀਆਂ ਨੂੰ ਹਸਪਤਾਲਾਂ ਵਿਚ ਪਹੁੰਚਾਉਣ ਵਾਲੇ ਲੋਕਾਂ ਨੂੰ ਦੋ ਹਜ਼ਾਰ ਰੁਪਏ ਆਰਥਿਕ ਮਦਦ ਦੇ ਨਾਲ ਪ੍ਰਸ਼ੰਸ਼ਾ ਪੱਤਰ ਦਿੱਤਾ ਜਾਂਦਾ ਹੈ ਅਤੇ ਜ਼ਖਮੀਆਂ ਦਾ ਇਲਾਜ਼ ਵੀ ਮੁਫ਼ਤ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਫਰਿਸ਼ਤੇ ਸਕੀਮ ਅਧੀਨ ਜ਼ਿਲ੍ਹਾ ਮਾਨਸਾ ਵਿੱਚ 06 ਸਰਕਾਰੀ ਹਸਪਤਾਲ (ਸਿਵਲ ਹਸਪਤਾਲ ਮਾਨਸਾ, ਐੱਸ.ਡੀ.ਐਚ.ਸਰਦੂਲਗੜ੍ਹ ਅਤੇ ਬੁਢਲਾਡਾ, ਸੀ.ਐਚ.ਸੀ.ਝੁਨੀਰ, ਭੀਖੀ ਅਤੇ ਖਿਆਲਾ ਕਲਾਂ) ਅਤੇ 04 ਪ੍ਰਾਈਵੇਟ ਹਸਪਤਾਲ (ਪੰਕਜ ਨਰਸਿੰਗ ਹੋਮ ਮਾਨਸਾ, ਮਾਨਵ ਹਸਪਤਾਲ ਮਾਨਸਾ, ਜਿੰਦਲ ਆਰਥੋ ਹਸਪਤਾਲ ਮਾਨਸਾ, ਡਾ. ਪਵਨ ਹਸਪਤਾਲ) ਇਮਪੈਨਲਡ ਕੀਤੇ ਗਏ ਹਨ, ਜਿੱਥੇ ਕਿਸੇ ਵੀ ਸੜ੍ਹਕ ਹਾਦਸੇ ਦੇ ਮਰੀਜ਼ ਦਾ ਇਲਾਜ਼ ਮੁਫਤ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਦੁਰਘਟਨਾ ਪੀੜਤ ਵਿਅਕਤੀ ਨੂੰ ਹਸਪਤਾਲ ਤੱਕ ਪਹੁੰਚਾਉਣ ਵਿੱਚ ਕੀਤੀ ਗਈ ਦੇਰੀ ਸੜ੍ਹਕ ਹਾਦਸਿਆਂ ਵਿੱਚ ਜਖ਼ਮੀਆਂ ਲਈ ਜਾਨਲੇਵਾ ਸਿੱਧ ਹੋ ਸਕਦੀ ਹੈ। ਜ਼ਿਆਦਾਤਰ ਰਾਹਗੀਰ ਵੀ ਸੜ੍ਹਕ ਹਾਦਸਿਆਂ ਵਿੱਚ ਜ਼ਖ਼ਮੀ ਲੋਕਾਂ ਦੀ ਸਹਾਇਤਾ ਕਰਨ ਵਿੱਚ ਸੰਕੋਚ ਕਰਦੇ ਹਨ ਅਤੇ ਸੋਚਦੇ ਹਨ ਕਿ ਉਹ ਕਿਸੇ ਪੁਲਿਸ ਕੇਸ ਵਿੱਚ ਨਾ ਫਸ ਜਾਣ। ਇਸ ਲਈ ਪੰਜਾਬ ਸਰਕਾਰ ਵੱਲੋਂ ਇਹ ਯੋਜਨਾ ਸ਼ੁਰੂ ਕੀਤੀ ਗਈ ਹੈ, ਜਿਸ ਅਧੀਨ ਕਿਸੇ ਵੀ ਸੜ੍ਹਕ ਹਾਦਸੇ ਦੇ ਵਿਅਕਤੀ ਨੂੰ ਹਸਪਤਾਲ ਵਿਚ ਲੈਕੇ ਆਉਣ ਵਾਲੇ ਵਿਅਕਤੀ ਤੋਂ ਪੁਲਿਸ ਵੱਲੋਂ ਕੋਈ ਪੁੱਛ ਗਿੱਛ ਨਹੀ ਕੀਤੀ ਜਾਵੇਗੀ, ਜਦੋਂ ਤੱਕ ਉਹ ਖ਼ੁੱਦ ਚਸ਼ਮਦੀਦ ਗਵਾਹ ਬਣਨ ਲਈ ਤਿਆਰ ਨਾ ਹੋਵੇ।

ਇਸ ਮੌਕੇ ਡਾ.ਬਲਜੀਤ ਕੌਰ ਡੀ.ਐਮ.ਸੀ. ਫਰਿਸ਼ਤੇ ਸਕੀਮ ਦੇ ਜ਼ਿਲ੍ਹਾ ਨੋਡਲ ਅਫ਼ਸਰ ਨੇ ਕਿਹਾ ਕਿ ਇਸ ਸਕੀਮ ਅਧੀਨ ਜਖਮੀ ਲੋਕਾਂ ਦਾ ਇਲਾਜ਼ ਮੁਫ਼ਤ ਕੀਤਾ ਜਾਂਦਾ ਹੈ, ਚਾਹੇ ਉਹ ਪੰਜਾਬ ਦੇ ਵਸਨੀਕ ਨਾ ਵੀ ਹੋਣ ਜਾਂ ਚਾਹੇ ਉਨ੍ਹਾਂ ਦਾ ਕੋਈ ਬੀਮਾ ਕਾਰਡ ਵੀ ਨਾ ਬਣਿਆ ਹੋਵੇ।

# ਉਦਯੋਗ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਕੌਮੀ ਤੇ ਕੌਮਾਂਤਰੀ ਫੂਡ ਕੰਪਨੀਆਂ ਨੂੰ ਪੰਜਾਬ ਵਿੱਚ ਨਿਵੇਸ਼ ਦਾ ਸੱਦਾ

**➢ ਪੰਜਾਬ ਵਿੱਚ ਫੂਡ ਖੇਤਰ 'ਚ ਨਿਵੇਸ਼ ਦੀਆਂ ਸੰਭਾਵਨਾਵਾਂ ਬੇਹੱਦ ਉੱਜਵਲ: ਸੌਂਦ ➢ ਇੰਡਸ ਫੂਡ ਮੇਲੇ ਦੌਰਾਨ ਫੂਡ ਖੇਤਰ ਦੀਆਂ ਕੰਪਨੀਆਂ ਦੇ ਨੁਮਾਇੰਦਿਆਂ ਨਾਲ ਉੱਚ ਪੱਧਰੀ ਮੀਟਿੰਗ**



**ਚੰਡੀਗੜ੍ਹ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਉਦਯੋਗ ਤੇ ਵਣਜ ਅਤੇ ਪੂੰਜੀ ਨਿਵੇਸ਼ ਪ੍ਰੋਤਸਾਹਨ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੇਸ਼ ਵਿਦੇਸ਼ ਦੀਆਂ ਫੂਡ ਕੰਪੀਆਂ ਨੂੰ ਪੰਜਾਬ ਵਿੱਚ ਨਿਵੇਸ਼ ਕਰਨ ਦਾ ਸੱਦਾ ਦਿੱਤਾ ਹੈ। ਨੋਇਡਾ ਵਿਖੇ ਟ੍ਰੇਡ ਪ੍ਰਮੋਸ਼ਨ ਕਾਊਂਸਲ ਆਫ ਇੰਡੀਆ (ਟੀਪੀਸੀਆਈ) ਅਤੇ ਕੇਂਦਰ ਸਰਕਾਰ ਦੇ ਵਣਜ ਮੰਤਰਾਲੇ ਦੇ ਸਹਿਯੋਗ ਨਾਲ ਚੱਲ ਰਹੇ ਅੱਠਵੇਂ ਇੰਡਸ ਫੂਡ ਮੇਲੇ ਦੌਰਾਨ ਫੂਡ ਖੇਤਰ ਦੇ 40 ਦੇ ਕਰੀਬ ਮੈਨੇਜਿੰਗ ਡਾਇਰੈਕਟਰਾਂ ਅਤੇ ਸੀਈਓਜ਼ ਨੂੰ ਸੰਬੋਧਨ ਕਰਦਿਆਂ ਤਰੁਨਪ੍ਰੀਤ ਸਿੰਘ ਸੌਂਦ ਨੇ ਪੰਜਾਬ ਵਿੱਚ ਨਿਵੇਸ਼ ਦੀਆਂ ਸੰਭਾਵਨਾਵਾਂ ਬਾਰੇ ਚਾਨਣਾ ਪਾਇਆ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਫੂਡ ਖੇਤਰ 'ਚ ਨਿਵੇਸ਼ ਦੀਆਂ ਸੰਭਾਵਨਾਵਾਂ ਬਹੁਤ ਉੱਜਵਲ ਹਨ ਕਿਉਂ ਕਿ ਪੰਜਾਬ ਦੇ ਲਜ਼ੀਜ਼ ਖਾਣਿਆਂ ਬਾਰੇ ਜਗ ਜਾਹਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਖਾਣਿਆਂ ਪ੍ਰਤੀ ਪੂਰੀ ਦੁਨੀਆਂ ਵਿੱਚ ਖਿੱਚ ਹੈ ਅਤੇ ਦੇਸ਼ ਵਿਦੇਸ਼ ਦੇ ਲੋਕ ਪੰਜਾਬੀ ਖਾਣਿਆਂ ਅਤੇ ਜ਼ਾਇਕੇ ਦਾ ਆਨੰਦ ਮਾਣਦੇ ਹਨ। ਸੌਂਦ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਟੀਚਾ ਸੂਬੇ ਦੇ ਫੂਡ ਖੇਤਰ ਨੂੰ ਗਲੋਬਲ ਪੱਧਰ ਤੱਕ ਲਿਜਾਣਾ ਹੈ ਅਤੇ ਪੰਜਾਬ ਸਰਕਾਰ ਸੂਬੇ ਦੇ ਵੇਰਕਾ, ਸੋਹਣਾ, ਫਾਈਵ ਰਿਵਰਜ਼ ਅਤੇ ਹੋਰ ਬਰਾਂਡਾਂ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਸਥਾਪਤ ਕਰਨ ਲਈ ਵਿਸ਼ੇਸ਼ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਖਾਣਿਆਂ ਤੇ ਫੂਡ ਉਤਪਾਦਾਂ ਦੀ ਕੌਮਾਂਤਰੀ ਪੱਧਰ ਉੱਤੇ ਮੰਗ ਦਿਨੋਂ ਦਿਨ ਵੱਧ ਰਹੀ ਹੈ।

ਇਸ ਮੌਕੇ ਉਨ੍ਹਾਂ ਨਿਵੇਸ਼ਕਾਂ ਤੇ ਉਦਯੋਗਾਂ ਦੀ ਸਹੂਲਤ ਲਈ ਸਿੰਗਲ ਵਿੰਡੋ ਪ੍ਰਣਾਲੀ ਤੇ ਇੰਨਵੈਸਟ ਪੰਜਾਬ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਨਿਵੇਸ਼ਕਾਂ ਦੀ ਹਰ ਪ੍ਰਕਾਰ ਦੀ ਸਹਾਇਤਾ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ। ਕਈ ਕੰਪਨੀਆਂ ਦੇ ਨੁਮਾਇੰਦਿਆਂ ਨੇ ਇਸ ਮੌਕੇ ਪੰਜਾਬ ਵਿੱਚ ਨਿਵੇਸ਼ ਕਰਨ ਦੀ ਇੱਛਾ ਜਤਾਈ ਅਤੇ ਮਸਾਲਿਆਂ, ਫੂਡ ਪ੍ਰੋਸੈਸਿੰਗ, ਫਲਾਂ ਤੇ ਸਬਜ਼ੀ ਦੀ ਪ੍ਰੋਸੈਸਿੰਗ ਸਬੰਧੀ ਜਲਦ ਆਪਣੇ ਪ੍ਰਸਤਾਵ ਪੇਸ਼ ਕਰਨ ਦੀ ਗੱਲ ਆਖੀ। ਉਦਯੋਗ ਮੰਤਰੀ ਨੇ ਕੈਨੇਡਾ, ਆਸਟ੍ਰੇਲੀਆ, ਚੀਨ ਅਤੇ ਅਮਰੀਕਾ ਦੇ ਨਿਵੇਸ਼ਕਾਂ ਨਾਲ ਵੱਖਰੇ ਤੌਰ 'ਤੇ ਮੁਲਾਕਾਤਾਂ ਕੀਤੀਆਂ ਅਤੇ ਪੰਜਾਬ ਵਿੱਚ ਨਿਵੇਸ਼ ਲਈ ਪ੍ਰੇਰਿਤ ਕੀਤਾ। ਉਨ੍ਹਾਂ ਹਲਦੀਰਾਮ ਦੇ ਮਾਲਕ ਮਨੋਹਰ ਲਾਲ ਸਮੇਤ ਦੇਸ਼ ਦੀਆਂ ਬਹੁਤ ਸਾਰੀਆਂ ਕੰਪਨੀਆਂ ਦੇ ਨੁਮਾਇੰਦਿਆਂ ਨਾਲ ਵੀ ਮੀਟਿੰਗ ਕੀਤੀ।

ਬਾਅਦ ਵਿੱਚ ਤਰੁਨਪ੍ਰੀਤ ਸਿੰਘ ਸੌਂਦ ਨੇ ਮੇਲੇ ਵਿੱਚ ਲੱਗੀਆਂ 1500 ਦੇ ਕਰੀਬ ਪ੍ਰਦਰਸ਼ਨੀਆਂ ਵਿੱਚੋਂ ਕਈ ਸਟਾਲਾਂ ਦਾ ਦੌਰਾ ਕੀਤਾ। ਉਨ੍ਹਾਂ ਲੈਬਨਾਨ, ਪੁਰਤਗਾਲ, ਚੀਨ ਅਤੇ ਤੁਰਕੀ ਦੇ ਫੂਡ ਸਟਾਲਾਂ 'ਤੇ ਜਾ ਕੇ ਇਨ੍ਹਾਂ ਮੁਲਕਾਂ ਦੇ ਖਾਣਿਆਂ ਦਾ ਜ਼ਾਇਕਾ ਵੀ ਲਿਆ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਫੂਡ ਕਮਿਸ਼ਨ ਦੇ ਚੇਅਰਮੈਨ ਬਾਲ ਮੁਕੰਦ ਸ਼ਰਮਾ, ਇਨਵੈਸਟ ਪੰਜਾਬ ਦੇ ਸੀਈਓ ਡੀਪੀਐਸ ਖਰਬੰਦਾ ਅਤੇ ਟੀਪੀਸੀਆਈ ਦੇ ਚੇਅਰਮੈਨ ਮੋਹਿਤ ਸਿੰਗਲਾ ਹਾਜ਼ਰ ਸਨ।

ਇਸ ਤੋਂ ਇਲਾਵਾ ਮੀਟਿੰਗ ਵਿੱਚ ਆਬੂ ਧਾਬੀ ਫੂਡ ਹੱਬ ਤੋਂ ਸੁਰੇਸ਼ ਵੈਦਿਆਨਾਥਨ, ਖਿਮਜੀ ਰਮਦਾਸ (ਓਮਾਨ) ਤੋਂ ਰੁਪੇਸ਼ ਮਹਿਤਾ, ਮੁਰੂਗਨ ਗਰੁੱਪ (ਸਿੰਗਾਪੁਰ) ਤੋਂ ਕਲੱਈ ਮੇਯੱਪਨ ਰਾਮਾਲਿੰਗਮ, ਓਚਨ (ਰੂਸ) ਤੋਂ ਅਲਫੇਰੋਵਾ, ਅਲ ਮਦੀਨਾ ਗਰੁੱਪ (ਯੂਏਈ) ਤੋਂ ਆਨੰਦਾ ਕੁਮਾਰ, ਜੈਪਟੋ ਤੋਂ ਅਸ਼ੋਕ ਕੁਮਾਰ, ਸਵੀਗੀ ਤੋਂ ਹਿਮਾਂਸ਼ੂ ਵਾਹੀ, ਭੀਖਾ ਰਾਮ ਭੁਜੀਆ ਤੋਂ ਆਸ਼ੀਸ਼ ਅਗਰਵਾਲ, ਐਵਰੈਸਟ ਸਪਾਈਸ ਤੋਂ ਆਕਾਸ਼ ਸ਼ਾਹ, ਵਾਹਗ ਬੱਕਰੀ ਚਾਹ ਗਰੁੱਪ ਤੋਂ ਸੰਜੇ ਸਿੰਗਲ ਅਤੇ ਵਾਓ ਮੋਮਜ਼ ਤੋਂ ਮਿਠੁਨ ਅਪਾਹਿਆ ਸਮੇਤ ਹੋਰ ਫੂਡ ਕੰਪਨੀਆਂ ਦੇ ਨੁਮਾਇੰਦੇ ਹਾਜ਼ਰ ਸਨ।

ਕੌਮੀ ਪੱਤ੍ਰਿਕਾ

# ਕਿਸਾਨਾਂ ਵੱਲੋਂ ਕੇਂਦਰ ਸਰਕਾਰ ਦੇ ਪੁਤਲੇ ਫੂਕਣ ਦਾ ਸਿਲਸਿਲਾ ਜਾਰੀ

## ਕੜਾਕੇ ਦੀ ਠੰਢ ਦੇ ਬਾਵਜੂਦ ਪੁਤਲੇ ਫੂਕਣ ਦੇ ਸੱਦੇ ਨੂੰ ਦੇਸ਼ ਭਰ ’ਚੋਂ ਮਿਲ ਰਿਹੈ ਭਰਵਾਂ ਹੁੰਗਾਰਾ: ਪੰਧੇਰ



**ਪਟਿਆਲਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਕਿਸਾਨੀ ਮੰਗਾਂ ਬਾਰੇ ਅੜੀਅਲ ਰਵੱਈਆ ਅਖਤਿਆਰ ਕਰਨ ਕਰ ਕੇ ਕੇਂਦਰ ਸਰਕਾਰ ਦੇ ਪੁਤਲੇ ਫੂਕਣ ਦੇ ਦਿੱਤੇ ਗਏ ਸੱਦੇ ਤਹਿਤ ਵੱਖ-ਵੱਖ ਥਾਈਂ ਪੁਤਲੇ ਸਾੜ ਕੇ ਕੇਂਦਰ ਖਿਲਾਫ ਰੋਸ ਜ਼ਾਹਰ ਕਰਨ ਦੀ ਕਾਰਵਾਈ ਸ਼ੁੱਕਰਵਾਰ ਸਵੇਰ ਤੋਂ ਹੀ ਸ਼ੁਰੂ ਹੋ ਗਈ ਹੈ। ਸੀਨੀਅਰ ਕਿਸਾਨ ਆਗੂ ਸਰਵਣ ਸਿੰਘ ਪੰਧੇਰ, ਅਭਿਮਨਿਊ ਕੋਹਾੜ, ਸੁਰਜੀਤ ਸਿੰਘ ਫੂਲ, ਦਿਲਬਾਗ ਹਰੀਗੜ੍ਹ ਅਤੇ ਮਨਜੀਤ ਨਿਆਲ ਆਦਿ ਦਾ ਕਹਿਣਾ ਸੀ ਕਿ ਦੋਵਾਂ ਫੋਰਮਾਂ ਵੱਲੋਂ ਦਿੱਤੇ ਗਏ ਇਸ ਸੱਦੇ ਨੂੰ ਦੇਸ਼ ਭਰ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਕੜਾਕੇ ਦੀ ਠੰਡ ਦੇ ਬਾਵਜੂਦ ਲੋਕ ਸੜਕਾਂ ‘ਤੇ ਆ ਕੇ ਕੇਂਦਰ ਸਰਕਾਰ ਦੇ ਪੁਤਲੇ ਫੂਕ ਰਹੇ ਹਨ।

**ਅੰਬਾਲਾ ਜ਼ਿਲ੍ਹੇ ਵਿੱਚ ਕਿਸਾਨਾਂ ਨੇ ਫੂਕੇ ਕੇਂਦਰ ਸਰਕਾਰ ਦੇ ਪੁਤਲੇ**

ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਨਾ ਦੇਣ ਦੇ ਵਿਰੋਧ ਵਿੱਚ ਕੇਂਦਰ ਸਰਕਾਰ ਦੇ ਪੁਤਲੇ ਫੂਕਣ ਦੇ ਸੱਦੇ ਤਹਿਤ ਅੱਜ ਭਾਰਤੀ ਕਿਸਾਨ ਯੂਨੀਅਨ (ਸ਼ਹੀਦ ਭਗਤ ਸਿੰਘ) ਦੇ ਵਰਕਰਾਂ ਨੇ ਸੰਘਣੀ ਧੁੰਦ ਅਤੇ ਕੜਾਕੇ ਦੀ ਠੰਢ ਦੇ ਬਾਵਜੂਦ ਕੇਂਦਰ ਸਰਕਾਰ ਦੇ ਪੁਤਲੇ ਸਾੜੇ।

ਕਿਸਾਨਾਂ ਵੱਲੋਂ ਭਾਨੋਖੇੜੀ, ਦੁਰਾਣਾ, ਸਾਹਿਬਪੁਰਾ ਆਦਿ ਪਿੰਡਾਂ ਵਿੱਚ ਕੇਂਦਰ ਸਰਕਾਰ ਦੇ ਪੁਤਲੇ ਸਾੜੇ ਗਏ ਅਤੇ ‘ਡੱਲੇਵਾਲ ਜ਼ਿੰਦਾਬਾਦ’ ਦੇ ਨਾਅਰੇ ਲਾਏ ਗਏ। ਇਸ ਮੌਕੇ ਵੱਡੀ ਗਿਣਤੀ ਕਿਸਾਨ ਤੇ ਹੋਰ ਆਮ ਲੋਕ ਮੌਜੂਦ ਸਨ।

# ਸੇਂਟ ਜੇਵਿਅਰਸ ਇੰਟਰਨੈਸ਼ਨਲ ਸਕੂਲ ਅਤਾਲਾਂ ਦੇ ਖਿਡਾਰੀਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਪਾਤੜਾਂ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਤਾਇਕਵੋਂਡੋ ਚੈਂਪੀਅਨਸ਼ਿਪ ਭੁਵਨੇਸ਼ਵਰ ਉੜੀਸਾ ਵਿਖੇ ਹੋਈਆਂ ਦੂਸਰੀਆਂ ਤਾਈਕਵਾਡੋਂ 2024-25 ਦੀਆਂ ਖੇਡਾਂ ਵਿੱਚ ਸੇਂਟ ਜੇਵਿਅਰਸ ਇੰਟਰਨੈਸ਼ਨਲ ਸਕੂਲ ਅਤਾਲਾਂ ਨੇ ਆਪਣਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਨਾਲ ਹੀ ਹਰ ਵਾਰ ਦੀ ਤਰ੍ਹਾਂ ਸਕੂਲ ਦੇ ਬੱਚਿਆਂ ਨੇ ਸੇਂਟ ਜੇਵਿਅਰਸ ਇੰਟਰਨੈਸ਼ਨਲ ਸਕੂਲ ਅਤਾਲਾਂ ਦੇ ਤਜਰਬੇਕਾਰ ਅਤੇ ਮਿਹਨਤੀ ਕੋਚ ਇੰਦਰ ਕੁਮਾਰ (ਪਟਿਆਲਾ) ਦੀ ਅਗਵਾਈ ਹੇਠ ਵੱਖ ਵੱਖ ਸਕੂਲਾਂ ਨੂੰ ਪਛਾੜਦੇ ਹੋਏ 2 ਗੋਲਡ ਮੈਡਲ ਅਤੇ 4 ਸਿਲਵਰ ਮੈਡਲ ਹਾਸਿਲ ਕਰਕੇ ਖੇਡ ਦੇ ਮੈਦਾਨ ਵਿੱਚ ਮੱਲਾਂ ਮਾਰੀਆਂ ਹਨ ਅਤੇ ਸਕੂਲ ਅਤੇ ਪੰਜਾਬ ਰਾਜ ਦਾ ਨਾਮ ਰੌਸ਼ਨ ਕੀਤਾ ਹੈ ਜੋ ਕਿ ਸਕੂਲ ਦੀ ਮਨੇਜਮੈਂਟ ਅਤੇ ਕੋਚ ਇੰਦਰ ਕੁਮਾਰ ਜੀ ਦੀ ਮਿਹਨਤ ਅਤੇ ਬੱਚਿਆਂ ਦੀ ਧੁੱਪ ਗਰਮੀ ਦੀ ਪ੍ਰਵਾਹ ਨਾ ਕਰਦੇ ਹੋਏ ਖੇਡਾਂ ਪ੍ਰਤੀ ਪੂਰੀ ਲਗਨ ਦਾ ਸਬੂਤ ਹੈ। ਇਸ ਸਬੰਧ ਵਿਚ ਮੀਡੀਆ ਨਾਲ ਗੱਲ ਕਰਦੇ ਹੋਏ ਸਕੂਲ ਦੇ ਸਤਿਕਾਰ ਯੋਗ ਮੁੱਖੀ ਅਰਨਵ ਸਰਕਾਰ ਨੇ ਦੱਸਿਆ ਕਿ ਤਾਇਕਵੋਂਡੋ, ਵਿੱਚ ਹਸਨਪ੍ਰੀਤ ਕੌਰ (ਮੁੰਸ਼ੀਵਾਲਾ), ਸਿਮਰਨਪ੍ਰੀਤ ਕੌਰ (ਤੰਬੂਵਾਲਾ) ਨੇ ਗੋਲਡ ਮੈਡਲ ਅਤੇ ਪਵਨੀਤ ਕੌਰ (ਸਮਾਣਾ) ਮਾਨਵਜੋਤ ਸਿੰਘ (ਧੂਹੜ), ਨਵਜੋਤ ਸਿੰਘ (ਨਿਆਲ), ਪਾਰਸਦੀਪ ਸਿੰਘ (ਧੂਹੜ) ਨੇ ਸਿਲਵਰ ਮੈਡਲ ਹਾਸਿਲ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਸਕੂਲ ਪ੍ਰਬੰਧਕ ਅਰਨਬ ਸਰਕਾਰ, ਅਨਿੰਦਆ ਸਰਕਾਰ, ਬੰਦਨਾ ਸਰਕਾਰ ਅਤੇ ਤਨੁਸ਼ਰੀ ਸਰਕਾਰ ਅਤੇ ਸਾਰੇ ਸਕੂਲ ਸਟਾਫ ਨੇ ਬੱਚਿਆਂ ਦਾ ਸਕੂਲ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਅਤੇ ਬੱਚਿਆਂ ਨੂੰ ਇਸ ਸ਼ਾਨਦਾਰ ਜਿੱਤ ਲਈ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿੱਚ ਹੋਰ ਵੀ ਮਿਹਨਤ ਕਰਨ ਅਤੇ ਤਰੱਕੀਆਂ ਹਾਸਿਲ ਕਰਨ ਲਈ ਪ੍ਰੇਰਿਤ ਕੀਤਾ ਅਤੇ ਨਾਲ ਹੀ ਇਹ ਵੀ ਦੱਸਿਆ ਕਿ ਸਕੂਲ ਵਿੱਚ ਖੇਡਾਂ ਦੇ ਨਾਲ ਨਾਲ ਬੱਚਿਆਂ ਦੀ ਸਿੱਖਿਆ ਭਵਿੱਖ ਵਿੱਚ ਸਰਕਾਰੀ ਅਤੇ ਗੈਰਸਰਕਾਰੀ ਸੰਸਥਾਵਾਂ ਵਿੱਚ ਉੱਚੇਰੀ ਸਿੱਖਿਆ ਅਤੇ ਰੋਜ਼ਗਾਰ ਹਾਸਿਲ ਕਰਨ ਵਿਚ ਮਦਦ ਮਿਲ ਸਕੇ ।

# ਪਟਿਆਲਾ ਜ਼ਿਲ੍ਹੇ ਨੂੰ ਨਸ਼ਾ ਮੁਕਤ ਕਰਨ ਲਈ ਜਾਗਰੂਕਤਾ ਕੈਂਪ ਲਗਾਏ ਜਾਣ: ਇਸ਼ਾ ਸਿੰਗਲ




**ਪਟਿਆਲਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲ ਨੇ ਪ੍ਰਬੰਧਕੀ ਕੰਪਲੈਕਸ ਵਿਖੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਜ਼ਿਲ੍ਹਾ ਪੱਧਰੀ ਕਮੇਟੀ ਦੀ ਬੈਠਕ ਕੀਤੀ । ਬੈਠਕ ਵਿੱਚ ਪਟਿਆਲਾ ਜ਼ਿਲ੍ਹੇ ਨੂੰ ਨਸ਼ਾ ਮੁਕਤ ਕਰਨ ਲਈ ਡਰਗ ਇਨਸਪੈਕਟਰਾਂ ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਆਪਸ ਵਿੱਚ ਤਾਲਮੇਲ ਕਰਕੇ ਨਸ਼ੇ ਦੀ ਤਸਕਰੀ ਬੰਦ ਕਰਨ ਦੇ ਸਖ਼ਤ ਆਦੇਸ਼ ਦਿੱਤੇ ।

ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨੌਜਵਾਨਾਂ ਨੂੰ ਪ੍ਰੇਰਿਤ ਕਰਨਾ ਚਾਹੀਦਾ ਹੈ ਕਿ ਜਿਹੜੇ ਨੌਜਵਾਨ ਕਿਸੇ ਕਾਰਨ ਗੁੰਮਰਾਹ ਹੋਕੇ ਨਸ਼ਿਆਂ ਦੀ ਲਤ ਲਗਾ ਚੁੱਕੇ ਹਨ , ਨਸ਼ਾ ਛੁਡਵਾਉਣ ਲਈ ਉਹਨਾਂ ਦਾ ਇਲਾਜ ਕਰਵਾਇਆ ਜਾਵੇਗਾ । ਉਹਨਾਂ ਇਹ ਵੀ ਕਿਹਾ ਕਿ ਨਸ਼ਾ ਤਸਕਰੀ ਦੇ ਮਾਮਲਿਆਂ ਵਿੱਚ ਫੜੇ ਜਾਂਦੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣ ਲਈ ਪੁਲਿਸ ਦੇ ਜਾਂਚ ਅਧਿਕਾਰੀਆਂ ਨੂੰ ਸਿਖਲਾਈ ਦਿਵਾਈ ਜਾਵੇ ਤਾਂ ਜੋ ਕੋਈ ਨਸ਼ਾ ਤਸਕਰ ਅਦਾਲਤ ਵਿੱਚੋਂ ਬਰੀ ਨਾ ਹੋ ਸਕੇ। ਵਧੀਕ ਡਿਪਟੀ ਕਮਿਸ਼ਨਰ ਨੇ ਸਖਤ ਹਦਾਇਤ ਕਰਦਿਆਂ ਕਿਹਾ ਕਿ ਪ੍ਰੀਗਾਬਾਲਿਨ ਅਤੇ ਹੋਰ ਦਵਾਈਆਂ ਜਿਹੜੀਆਂ ਕਿ ਨਸ਼ਿਆਂ ਲਈ ਵਰਤੀਆਂ ਜਾਂਦੀਆਂ ਹਨ ਦੀ ਬਰਾਮਦਗੀ ਹੋਣ ਤੇ ਪੂਰੀ ਪੜਤਾਲ ਕੀਤੀ ਜਾਵੇ। ਉਹਨਾਂ ਕਿਹਾ ਕਿ ਨਸ਼ੀਲੀਆਂ ਦਵਾਈਆਂ ਦੀ ਵਿਕਰੀ ਰੋਕਣ ਲਈ ਲਗਾਤਾਰ ਚੈਕਿੰਗ ਕੀਤੀ ਜਾਵੇ ਅਤੇ ਰਿਪੋਰਟ ਤੁਰੰਤ ਇਸ ਕਮੇਟੀ ਨੂੰ ਕੀਤੀ ਜਾਵੇ।

ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਹਰੇਕ ਸਕੂਲ , ਪ੍ਰਾਇਮਰੀ ਤੇ ਸੀਨੀਅਰ ਸੈਕੰਡਰੀ ਸਕੂਲਾਂ , ਕਾਲਜਾਂ ਤੋਂ ਇਹ ਸਰਟੀਫਿਕੇਟ ਲੈਣਗੇ ਕਿ ਉਹਨਾਂ ਦੇ ਸਕੂਲਾਂ ਅਤੇ ਕਾਲਜਾਂ ਦੇ ਆਸਪਾਸ ਕੋਈ ਤੰਬਾਕੂ ਪਦਾਰਥਾਂ ਜਾਂ ਕਿਸੇ ਹੋਰ ਨਸ਼ੇ ਦੀ ਕੋਈ ਵਿਕਰੀ ਨਹੀ ਹੋ ਰਹੀ। ਉਹਨਾਂ ਇਹ ਵੀ ਕਿਹਾ ਕਿ ਅਧਿਆਪਕ ਮਾਪੇ ਮਿਲਣੀ ਦੌਰਾਨ ਬੱਚਿਆਂ ਦੇ ਨਾਲ-ਨਾਲ ਉਹਨਾਂ ਦੇ ਮਾਤਾ ਪਿਤਾ ਨੂੰ ਵੀ ਨਸ਼ੇ ਸਬੰਧੀ ਜਾਗਰੂਕ ਕਰਨ ਲਈ ਕਾਊਂਸਲਰ ਉਪਲਬਧ ਕਰਵਾਏ ਜਾਣ ।

ਇਸ਼ਾ ਸਿੰਗਲ ਨੇ ਅਗੋਂ ਕਿਹਾ ਕਿ ਜ਼ਿਲ੍ਹੇ ਅੰਦਰ ਨਸ਼ਿਆਂ ਵਿਰੁੱਧ ਜਾਗਰੂਕਤਾਂ ਮੁਹਿੰਮ ਨੂੰ ਹੋਰ ਤੇਜ ਕੀਤਾ ਜਾਵੇ । ਬੱਚਿਆਂ ਨੂੰ ਖੇਡਾਂ ਤੋ ਇਲਾਵਾ ਹੋਰ ਗਤੀਵਿਧੀਆਂ ਦੇ ਨਾਲ ਵੀ ਜੋੜਿਆ ਜਾਵੇ । ਉਹਨਾਂ ਸਕੂਲ ਅਤੇ ਕਾਲਜਾਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਕੈਂਪ ਲਗਾਉਣ ਦੀ ਹਦਾਇਤ ਵੀ ਕੀਤੀ ।

ਬੈਠਕ ਵਿੱਚ ਜ਼ਿਲ੍ਹਾ ਅਟਾਰਨੀ ਦਵਿੰਦਰ ਗੋਇਲ , ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਜੋਬਨਪ੍ਰੀਤ ਕੌਰ ਚੀਮਾ, ਇੰਸਪੈਕਟਰ ਸਰਪ੍ਰੀਤ ਕੌਰ ਕੌੜਾ, ਸਾਬਕਾ ਪੀ.ਸੀ.ਐਸ. ਅਧਿਕਾਰੀ ਸੁਰਿੰਦਰ ਕੌਰ ਰਿਆੜ, ਡੀ.ਐਮ.ਸੀ ਡਾ: ਜਸਵਿੰਦਰ ਸਿੰਘ, ਸਮਾਜ ਸੇਵੀ ਪਰਮਿੰਦਰ ਭਲਵਾਨ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

# ਪੰਜਾਬ ਦੇ ਕੰਪਿਊਟਰ ਅਧਿਆਪਕਾਂ ਦਾ ਸੰਘਰਸ਼ ਜਾਰੀ, ਸੁਨਾਮ ਵਿਖੇ ਝਾੜੂ ਫੂਕ ਕੇ ਝੂਠੇ ਵਾਅਦਿਆਂ ਦੀ ਲੋਹੜੀ ਮਨਾਉਣ ਦੀ ਤਿਆਰੀ



**ਸੰਗਰੂਰ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਗਰੂਰ ਵਿੱਚ ਸਰਕਾਰੀ ਸਕੂਲਾਂ ਦੇ ਕੰਪਿਊਟਰ ਅਧਿਆਪਕ ਆਪਣੀਆਂ ਮੰਗਾਂ ਨੂੰ ਲੈ ਕੇ 131 ਦਿਨਾਂ ਤੋਂ ਭੁੱਖ ਹੜਤਾਲ ’ਤੇ ਹਨ। ਡੀ.ਸੀ. ਦਫ਼ਤਰ ਦੇ ਸਾਹਮਣੇ ਚੱਲ ਰਹੇ ਇਸ ਅੰਦੋਲਨ ਵਿੱਚ ਜੌਨੀ ਸਿੰਗਲਾ ਅਤੇ ਕਾਮਰੇਡ ਰਣਜੀਤ ਸਿੰਘ ਦੁਆਰਾ ਸ਼ੁਰੂ ਕੀਤਾ ਗਿਆ ਮਰਨ ਵਰਤ ਹੁਣ 19ਵੇਂ ਦਿਨ ਵਿੱਚ ਦਾਖ਼ਲ ਹੋ ਚੁੱਕਾ ਹੈ। ਸ਼ਨੀਵਾਰ, 14 ਜਨਵਰੀ ਨੂੰ, ਕੰਪਿਊਟਰ ਅਧਿਆਪਕ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਸੁਨਾਮ ਸਥਿਤ ਨਿਵਾਸ ਦੇ ਸਾਹਮਣੇ ਸੂਬਾ ਪੱਧਰੀ ਵਿਸ਼ਾਲ ਰੋਸ ਰੈਲੀ ਕਰਨਗੇ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਚੋਣ ਚਿੰਨ੍ਹ ‘ਝਾੜੂ’ ਨੂੰ ਵੱਡੀ ਗਿਣਤੀ ਵਿੱਚ ਫੂਕ ਕੇ ÷ਝੂਠੇ ਵਾਅਦਿਆਂ ਦੀ ਲੋਹੜੀ÷ ਮਨਾਈ ਜਾਵੇਗੀ। ਇਸ ਐਕਸ਼ਨ ਵਿੱਚ ਪ੍ਰਦੇਸ਼ ਭਰ ਦੇ ਕੰਪਿਊਟਰ ਅਧਿਆਪਕਾਂ ਦੇ ਨਾਲ ਹੋਰ ਸੰਗਠਨਾਂ ਦੇ ਆਗੂ ਅਤੇ ਕਾਰਕੁਨ ਸੁਨਾਮ ਵਿੱਚ ਸ਼ਾਮਿਲ ਹੋਣਗੇ। ਪੰਜਾਬ ਦੇ ਕੰਪਿਊਟਰ ਅਧਿਆਪਕ ਹੁਣ ਆਰ-ਪਾਰ ਦੀ ਲੜਾਈ ਦੇ ਮੂਡ ਵਿੱਚ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਉਹ ਆਪਣੇ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ।

ਕੰਪਿਊਟਰ ਅਧਿਆਪਕ ਭੁੱਖ ਹੜਤਾਲ ਸੰਘਰਸ਼ ਕਮੇਟੀ ਦੇ ਆਗੂ ਪਰਮਵੀਰ ਸਿੰਘ ਪੰਮੀ ਅਤੇ ਪ੍ਰਦੀਪ ਕੁਮਾਰ ਮਲੂਕਾ ਨੇ ਦੱਸਿਆ ਕਿ ਉਨ੍ਹਾਂ ਦੀਆਂ ਮੰਗਾਂ ’ਤੇ ਸਰਕਾਰ ਅਤੇ ਮੰਤਰੀਆਂ ਨਾਲ ਕਈ ਦੌਰ ਦੀਆਂ ਮੀਟਿੰਗਾਂ ਹੋ ਚੁੱਕੀਆਂ ਹਨ।

ਇਨ੍ਹਾਂ ਮੀਟਿੰਗਾਂ ਵਿੱਚ ਸਹਿਮਤੀ ਬਣਨ ਦੇ ਬਾਵਜੂਦ ਹੁਣ ਤੱਕ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੋਈਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਤਾਰ ਝੂਠੇ ਵਾਅਦੇ ਕੀਤੇ ਜਾ ਰਹੇ ਹਨ, ਜਿਸ ਕਾਰਨ ਅਧਿਆਪਕ ਵਰਗ ਦਾ ਸਰਕਾਰ ਤੋਂ ਭਰੋਸਾ ਉੱਠ ਚੁੱਕਾ ਹੈ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਅੱਜ

**ਪਟਿਆਲਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਅੱਜ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਐਚ.ਡੀ.ਬੀ. ਫਾਈਨਾਂਸ ਵਿੱਚ ਸੇਲਜ਼ਪਰਸਨ ਤੇ ਟੈਲੀ ਕਾਲਿੰਗ ਦੀ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਬਿਊਰੋ ਮੇਜਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਐਚ.ਡੀ.ਬੀ. ਫਾਈਨਾਂਸ ਵੱਲੋਂ ਸੇਲਜ਼ਪਰਸਨ ਤੇ ਟੈਲੀ ਕਾਲਿੰਗ ਦੀ ਅਸਾਮੀਆਂ ਲਈ ਉਮੀਦਵਾਰਾਂ ਦੀ ਮੰਗ ਕੀਤੀ ਗਈ ਹੈ, ਜਿਨ੍ਹਾਂ ਉਮੀਦਵਾਰਾਂ ਕੋਲ ਬਾਰ੍ਹਵੀਂ, ਗ੍ਰੈਜੂਏਸ਼ਨ ਦੀ ਯੋਗਤਾ ਹੋਵੇ ਉਹ ਇਸ ਅਸਾਮੀ ਲਈ ਇੰਟਰਵਿਊ ਦੇ ਸਕਦੇ ਹਨ। ਜਿਨ੍ਹਾਂ ਉਮੀਦਵਾਰਾਂ ਦੀ ਉਮਰ 18-30 ਸਾਲ ਹੋਵੇ ਅਤੇ ਲੜਕੇ ਤੇ ਲੜਕੀਆਂ ਦੋਵੇਂ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈ ਸਕਦੇ ਹਨ।

ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਸਰਟੀਫਿਕੇਟ, ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜ਼ਿਊਮੇ ਨਾਲ ਲੈ ਕੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ ਡੀ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਨੇੜੇ ਸੇਵਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿੱਚ ਹਿੱਸਾ ਲੈਣ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪ ਲਾਈਨ ਨੰਬਰ 98776-10877 ’ਤੇ ਸੰਪਰਕ ਕਰ ਸਕਦੇ ਹਨ।

# ਭਾਜਪਾ ਦੇ ਮੀਤ ਪ੍ਰਧਾਨ ਕਾਂਗਰਸ ਵਿੱਚ ਹੋਏ ਸ਼ਾਮਿਲ; ਮਦਨ ਲਾਲ ਜਲਾਲਪੁਰ ਅਤੇ ਨਰਿੰਦਰ ਲਾਲੀ ਨੇ ਕੀਤਾ ਭਰਵਾਂ ਸਵਾਗਤ



**ਪਟਿਆਲਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਨੂੰ ਪਟਿਆਲਾ ਸ਼ਹਿਰੀ ਵਿੱਚ ਅੱਜ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਵਾਰਡ ਨੰਬਰ 52 ਧੀਰੂ ਨਗਰ ਤੋਂ ਬਲਾਕ ਕਿਲਾ ਮੁਬਾਰਕ ਦੇ ਮੀਤ ਪ੍ਰਧਾਨ ਗੋਪੀ ਮੱਟੂ ਆਪਣੇ ਸਾਥੀਆਂ ਸਮੇਤ ਭਾਜਪਾ ਨੂੰ ਅਲਵਿਦਾ ਕਹਿ ਕੇ ਕਾਂਗਰਸ ਵਿੱਚ ਸ਼ਾਮਿਲ ਹੋ ਗਏ। ਇਸ ਮੌਕੇ ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ ਅਤੇ ਆਲ ਇੰਡੀਆ ਕਾਂਗਰਸ ਓ.ਬੀ.ਸੀ ਸੈੱਲ ਦੇ ਕੋਆਰਡੀਨੇਟਰ ਨਰਿੰਦਰ ਲਾਲੀ ਨੇ ਗੋਪੀ ਮੱਟੂ ਨੂੰ ਸਿਰੋਪਾਓ ਪਾਕੇ ਕਾਂਗਰਸ ਵਿੱਚ ਸ਼ਾਮਿਲ ਹੋਣ ਤੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ।

ਇਸ ਮੌਕੇ ਜਲਾਲਪੁਰ ਅਤੇ ਲਾਲੀ ਨੇ ਸਾਂਝੇ ਤੌਰ ਤੇ ਕਿਹਾ ਕਿ ਪਟਿਆਲਾ ਜ਼ਿਲ੍ਹੇ ਵਿੱਚ ਕਾਂਗਰਸ ਦਿਨ ਬ ਦਿਨ ਮਜ਼ਬੂਤ ਹੋ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਕਈਂ ਹੋਰ ਆਗੂ ਵੱਡੀ ਪੱਧਰ ਤੇ ਕਾਂਗਰਸ ਪਾਰਟੀ ਵਿੱਚ ਸ਼ਮੂਲੀਅਤ ਕਰਨ ਗਏ। ਇਸ ਮੌਕੇ ਅਨੁਜ ਤ੍ਰਿਵੇਦੀ, ਗੋਪੀ ਰੰਗੀਲਾ, ਸੰਜੇ ਸ਼ਰਮਾ, ਨਰਿੰਦਰ ਪੱਪਾ, ਸਤਪਾਲ ਮਹਿਤਾ, ਜਿੰਮੀ ਗੁਪਤਾ, ਅਸ਼ੋਕ ਖੰਨਾ ਸਵੀਟੀ, ਜਸਵਿੰਦਰ ਜਰਗੀਆ, ਪ੍ਰਦੀਪ ਦੀਵਾਨ, ਸਤੀਸ਼ ਕੰਬੋਜ, ਪਰਵੀਨ ਸਿੰਗਲਾ, ਸ਼ਾਮ ਲਾਲ, ਰਾਜਿੰਦਰ ਸਿੰਘ ਥਿੰਦ, ਜਗਜੀਤ ਸੱਗੂ, ਆਗਿਆਕਾਰ ਸਿੰਘ, ਸੰਜੀਵ ਸ਼ਰਮਾ ਰਾਏਪੁਰ ਆਦਿ ਆਗੂ ਮੌਕੇ ਤੇ ਹਾਜ਼ਰ ਸਨ।

# ਥਾਣਾ ਸਿਟੀ ਧੂਰੀ ਦੀ ਪੁਲਿਸ ਨੇ 5 ਚੋਰਾਂ ਨੂੰ ਕੀਤਾ ਗ੍ਰਿਫਤਾਰ

**ਧੂਰੀ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਸਰਤਾਜ ਸਿੰਘ ਚਹਿਲ ਆਈ.ਪੀ.ਐਸ., ਐਸ.ਐਸ.ਪੀ. ਸੰਗਰੂਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਥਾਣਾ ਧੂਰੀ ਦੇ ਐਸ ਪੀ ਸ੍ਰੀ ਮਨਦੀਪ ਸਿੰਘ ਪੀ.ਪੀ.ਐਸ ਅਤੇ ਐਸ.ਐਚ.ਓ ਜਸਵੀਰ ਸਿੰਘ ਤੂਰ ਦੀ ਅਗਵਾਈ ਹੇਠ ਪੁਲਿਸ ਪਾਰਟੀ ਨੇ ਵਾਰਦਾਤ ਨੂੰ ਅੰਜਾਮ ਦੇਣ ਵਾਲੇ 4 ਚੋਰਾਂ ਨੂੰ ਕਾਬੂ ਕੀਤਾ ਹੈ ਧੂਰੀ ਸ਼ਹਿਰ ਵਿੱਚ ਚੋਰੀ ਦੀਆਂ ਵਾਰਦਾਤਾਂ ਇਨ੍ਹਾਂ ਤੋਂ ਕਬਜ਼ੇ ’ਚੋਂ ਚੋਰੀ ਦਾ ਸਾਮਾਨ ਵੀ ਬਰਾਮਦ ਕੀਤਾ ਗਿਆ ਹੈ। ਫੜੇ ਗਏ ਚੋਰਾਂ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ, ਫੜੇ ਗਏ ਚੋਰਾਂ ਦੀ ਪਛਾਣ ਮਨਪ੍ਰੀਤ ਸਿੰਘ ਉਰਫ਼ ਲਾਡੀ ਪੁੱਤਰ ਹਰਵਿੰਦਰ ਸਿੰਘ ਵਾਸੀ ਪਿੰਡ ਧੂਰੀ, 2. ਸੁਮਿਤ ਕੁਮਾਰ ਉਰਫ਼ ਲੇਖ ਪੁੱਤਰ ਬੰਟੀ ਕੁਮਾਰ ਵਾਸੀ ਦਸਮੇਸ਼ ਨਗਰ ਧੂਰੀ ਵਜੋਂ ਹੋਈ ਹੈ। ਇੰਦਰਜੀਤ ਪੁੱਤਰ ਇੰਦਰਜੀਤ ਵਾਸੀ ਹਿੰਮਤਪੁਰਾ ਮੁਹੱਲਾ ਧੂਰੀ ਨੂੰ ਕਾਬੂ ਕਰਕੇ ਉਸ ਪਾਸੋਂ 05 ਮੋਬਾਈਲ ਫ਼ੋਨ ਅਤੇ 05 ਚੋਰੀ ਦੇ ਮੋਟਰਸਾਈਕਲ ਬਰਾਮਦ ਕੀਤੇ ਗਏ । ਫੜੇ ਗਏ ਚੋਰਾਂ ਖਿਲਾਫ ਮੁਕੱਦਮਾ ਨੰਬਰ 7 ਦੇ ਤਹਿਤ ਧਾਰਾ 303(2) ਬੀ ਐਨ ਐਸ ਥਾਣਾ ਸਿਟੀ ਧੂਰੀ ਵਿੱਚ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਪੁਲਸ ਰਿਮਾਂਡ ਲੈ ਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ। ਜਿਸ ਤੋਂ ਹੋਰ ਖੁਲਾਸੇ ਹੋਣ ਦੀ ਉਮੀਦ ਹੈ। ਉਨ੍ਹਾਂ ਵੱਲੋਂ ਵਧੇਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼ੇਰਪੁਰ ਚੌਂਕ ’ਚ ਕਰਿਆਨੇ ਦੀ ਦੁਕਾਨ ਚਲਾਉਣ ਵਾਲੇ ਗਿਆਨ ਸਿੰਘ ਪੁੱਤਰ ਮੱਘਰ ਸਿੰਘ ਵਾਸੀ ਧੂਰੀ ਨੇ ਪੁਲਿਸ ਕੋਲ ਚੋਰੀ ਦੀ ਰਿਪੋਰਟ ਦਰਜ ਕਰਵਾਈ ਹੈ ਕਿ ਉਸ ਦੀ ਦੁਕਾਨ ’ਚ ਚੋਰੀ ਹੋਈ ਹੈ । ਜਿਸ ਦੀ ਛਾਣਬੀਨ ਕਰਦੇ ਹੋਏ ਇੱਕ ਵਿਅਕਤੀ ਸ਼ਕੀਲ ਮੁਹੰਮਦ ਉਰਫ ਲੱਲੂ ਪੁੱਤਰ ਹਨੀਫ ਮੁਹੰਮਦ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਸ ਨੂੰ ਵੀ ਪੁਲਸ ਨੇ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁਛਗਿੱਛ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦਸਿਆ ਕਿ ਇਕ ਐਨਡੀਪੀਐਸ ਦਾ ਕੇਸ ਵੀ ਦਰਜ ਕੀਤਾ ਗਿਆ ਹੈ ਜਿਸ ਵਿੱਚ ਲੇਡੀਜ਼ ਨਿੰਮੋ ਨੂੰ ਵੀ ਪੁਲੀਸ ਨੇ ਗ੍ਰਿਫਤਾਰ ਕੀਤਾ ਹੈ। ਉਸ ਦੇ ਕਬਜ਼ੇ ’ਚੋਂ 8 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ ਅਤੇ ਉਸ ਨੂੰ ਵੀ ਸਬੰਧਿਤ ਅਦਾਲਤ ’ਚ ਪੇਸ਼ ਕੀਤਾ ਜਾਵੇਗਾ।

# ਖੇਤੀਬਾੜੀ ਮਸ਼ੀਨਰੀ ਦੀ ਵਰਤੋਂ ਕਰਦੇ ਹਾਦਸਿਆਂ ਨਾਲ ਸ਼ਿਕਾਰ ਹੋਏ ਪੰਜ ਪੀੜਤ ਪਰਿਵਾਰਾਂ ਨੂੰ ਵੰਡੇ ਚੈਕ



**ਚਮਕੌਰ ਸਾਹਿਬ 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸ੍ਰੀ ਚਮਕੌਰ ਸਾਹਿਬ ਮਾਰਕਿਟ ਕਮੇਟੀ ਵੱਲੋਂ ਖੇਤੀਬਾੜੀ ਮਸ਼ੀਨਰੀ ਦੀ ਵਰਤੋਂ ਕਰਦੇ ਸਮੇਂ ਹਾਦਸਿਆਂ ਦੇ ਸ਼ਿਕਾਰ ਹੋਏ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਦੇ ਚੈੱਕ ਦਿੱਤੇ ਗਏ ਇਸ ਮੌਕੇ ਜਾਣਕਾਰੀ ਦਿੰਦਿਆਂ ਹੋਇਆਂ ਹਲਕਾ ਵਿਧਾਇਕ ਨੇ ਦੱਸਿਆ ਕਿ ਖੇਤੀਬਾੜੀ ਮਸ਼ੀਨਰੀ ਦੀ ਵਰਤੋਂ ਕਰਦੇ ਸਮੇਂ ਹਾਦਸਿਆਂ ਦੇ ਸ਼ਿਕਾਰ ਹੋਏ ਪੰਜ ਪਰਿਵਾਰਾਂ ਨੂੰ ਪੰਜਾਬ ਸਰਕਾਰ ਵੱਲੋਂ 4 ਲੱਖ 20 ਹਜਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ. ਜਿਸ ਤਹਿਤ ਅੱਜ ਉਨਾਂ ਪਰਿਵਾਰਾਂ ਨੂੰ ਸ੍ਰੀ ਚਮਕੌਰ ਸਾਹਿਬ ਮਾਰਕੀਟ ਕਮੇਟੀ ਦਫਤਰ ਵਿੱਚ ਬੁਲਾ ਕੇ ਚੈੱਕ ਭੇਟ ਕੀਤੇ ਗਏ।

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵਰਗੀ ਮਿਸਾਲ ਦੁਨੀਆ ਦੇ ਕਿਸੇ ਇਤਿਹਾਸ ’ਚ ਨਹੀਂ ਮਿਲਦੀ



**ਨਾਭਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਨਾਭਾ ਦੇ ਚਾਚਾ ਮਾਰਕੀਟ ਦੇ ਦੁਕਾਨਦਾਰਾਂ ਵੱਲੋ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਚਾਹ, ਬੈਂਡ ਦਾ ਲੰਗਰ ਲਗਾਇਆ ਗਿਆ। ਲੰਗਰ ਵਿੱਚ ਸੇਵਾ ਨਿਭਾਈ। ਉਹਨਾਂ ਸਾਂਝੇ ਤੌਰ ਤੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਾਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰ ਕੌਰ ਦੇ ਬਲੀਦਾਨ ਦੀ ਯਾਦ ਵਿਚ ਰਾਹਗੀਰਾਂ ਲਈ ਲੰਗਰ ਲਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਗੁਰੂ ਜੀ ਦੇ ਸਾਹਿਬਜ਼ਾਦਿਆਂ ਤੋਂ ਪ੍ਰੇਰਨਾ ਲੈ ਕੇ ਸਾਨੂੰ ਆਪਣੇ ਬੱਚਿਆਂ ਨੂੰ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਲੈ ਕੇ ਜਾਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਮਾਣਮੱਤੇ ਇਤਿਹਾਸ ਤੋਂ ਜਾਣੂੰ ਹੋਣ। ਉਨ੍ਹਾਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵਰਗੀ ਮਿਸਾਲ ਦੁਨੀਆ ਦੇ ਕਿਸੇ ਇਤਿਹਾਸ ’ਚ ਨਹੀਂ ਮਿਲਦੀ, ਇਸ ਲਈ ਸਾਨੂੰ ਸਾਹਿਬਜ਼ਾਦਿਆਂ ਸ਼ਹਾਦਤ ਨੂੰ ਸਿਜਦਾ ਕਰਦੇ ਹੋਏ ਉਨ੍ਹਾਂ ਦੁਆਰਾ ਧਰਮ ਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ, ਜ਼ਬਰ ਜ਼ੁਲਮ ਦੇ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕਰਨ ਅਤੇ ਸੱਚ ’ਤੇ ਪਹਿਰਾ ਦੇਣ ਦੇ ਦਿਖਾਏ ਮਾਰਗ ’ਤੇ ਚੱਲਣਾ ਚਾਹੀਦਾ ਹੈ। ਲਵਪ੍ਰੀਤ ਸਿੰਘ, ਸਰਬਜੀਤ ਸਿੰਘ, ਹਰਪ੍ਰੀਤ ਸਿੰਘ ਸ਼ਿਵਮ, ਮਨਪ੍ਰੀਤ ਸਿੰਘ ਬਲਵਿੰਦਰ ਸਿੰਘ ਅਤੇ ਇਸ ਮੌਕੇ ਹੋਰ ਮੈਂਬਰ ਵੀ ਹਾਜਰ ਸਨ।

# ਚਾਂਦੀ ਦਾ ਤਗਮਾ ਜੇਤੂ ਗੋਪੀ ਨੂੰ ਪਾਵਰਲਿਫਟਿੰਗ ਨਾਰਥ ਇੰਡੀਆ ਵੱਲੋਂ ਟ੍ਰਾਫੀ ਦੇ ਕੇ ਕੀਤਾ ਸਨਮਾਨਿਤ



**ਪਟਿਆਲਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੈਂਚ ਪ੍ਰੈਸ ਅਤੇ ਡੈਡ ਲਿਫਟ ਪਾਰਵਲੀਫਟਿੰਗ ਚੈਂਪਿਅਨ ਵਿਚ ਨੈਚੁਰਲ ਸਟ੍ਰਾਂਗ ਪਾਵਰਲਿਫਟਿੰਗ ਫੈਡਰੇਸ਼ਨ ਕਪ ਵਿਚ ਚਾਂਦੀ ਦਾ ਤਗਮਾ ਜੇਤੂ ਗੋਪੀ ਨੂੰ ਪਟਿਆਲਾ ਦੇ ਪ੍ਰਫੈਕਟ ਜਿੰਮ ਦਾਲ ਦਲਿਆ ਚੌਂਕ ਪਟਿਆਲਾ ਵਿਚ ਪਾਵਰਲਿਫਟਿੰਗ ਨਾਰਥ ਇੰਡੀਆ ਵੱਲੋਂ ਟ੍ਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਾਵਰਲਿਫਟਿੰਗ ਨਾਰਥ ਇੰਡੀਆ ਦੇ ਸਕੱਤਰ ਚਮਨ ਲਾਲ ਗੁਪਤਾ ਨੇ ਕਿਹਾ ਕਿ ਪੰਜਾਬ ਵਿਚ ਨਸ਼ਾ ਨਾਂ ਦੀ ਕੋਈ ਚੀਜ਼ ਨਹੀਂ ਹੈ। ਸਗੋਂ ਕੁਝ ਕੁ ਜਿੰਮ ਵਾਲੇ ਜਾਂ ਫਿਰ ਨੌਜਵਾਨ ਅਪਣੇ ਭਵਿੱਖ ਨੂੰ ਬਰਬਾਦ ਕਰਨ ਲਈ ਜਾਂ ਫਿਰ ਤੇਜੀ ਨਾਲ ਅੱਗੇ ਵਧਣ ਲਈ ਨਸ਼ਾ ਕਰਕੇ ਤਗਮਾ ਜਿੱਤਣ ਦੀ ਲੋਅ ਵਿਚ ਲੱਗੇ ਰਹਿੰਦੇ ਹਨ ਅਤੇ ਦੂਜੇ ਪਾਸੇ ਕੁਝ ਕੁ ਰਾਜਨੀਤਕ ਲੀਡਰਾਂ ਦੀ ਸਰਪ੍ਰਸਤੀ ਹੇਠ ਨਸ਼ਾ ਵੱਧ ਫੁਲ ਰਿਹਾ ਹੈ ਪਰ ਖੇਡਾਂ ਖੇਡ ਰਹੇ ਨੌਜਵਾਨ ਲਗਾਤਾਰ ਅਪਣੇ ਮੈਡਲਾਂ ਨਾਲ ਅੱਗੇ ਵਧ ਰਹੇ ਹਨ। ਇਸ ਮੌਕੇ ਮਹਾਰਾਜਾ ਰਣਜੀਤ ਸਿੰਘ ਐਵਾਰਡੀ ਰਛਪਾਲ ਸਿੰਘ ਨੇ ਕਿਹਾ ਕਿ ਬੱਚਿਆਂ ਨੂੰ ਤੇਜੀ ਨਾਲ ਅੱਗੇ ਵਧਣਾ ਚਾਹੀਦਾ ਹੈ ਅਤੇ ਖੇਡਾਂ ਨਾਲ ਮੈਡਲ ਜਿੱਤ ਕੇ ਅਪਣੇ ਭਵਿੱਖ ਨੂੰ ਤੇਜੀ ਨਾਲ ਸੰਵਾਰਿਆ ਜਾ ਸਕਦਾ ਹੈ ਅਤੇ ਭਵਿੱਖ ਨੂੰ ਸੁਰੱਖਿਅਤ ਰੱਖਦੇ ਹੋਏ ਨੌਕਰੀ, ਪੈਸਾ ਅਤੇ ਰੁਤਬਾ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਮੌਕੇ ਕੌਮੀ ਖਿਡਾਰੀ ਅਨਿਲ ਕੁਮਾਰ ਏਸ਼ੀਆ ਪੱਧਰ ਦੇ ਅਸ਼ੋਕ ਕੁਮਾਰ ਬਿੱਲੂ, ਰਾਕੇਸ਼ ਕੁਮਾਰ, ਕਾਕਾ, ਦੀਪਕ ਕੁਮਾਰ, ਸੰਜੇ ਕੁਮਾਰ, ਵਿਸ਼ਾਲ ਰਾਣਾ, ਗੁਰਪੀਤ ਸਿੰਘ ਤੁਸ਼ਾਰ ਅਤੇ ਲਖਵਿੰਦਰ ਸਿੰਘ ਹਾਜਰ ਰਹੇ।

# ਕਾਂਗਰਸ ਪਾਰਟੀ ਦਿੱਲੀ ’ਚ ਆਪਣੀ ਸਰਕਾਰ ਬਣਾਏਗੀ : ਗੁਰਸ਼ਰਨ ਕੌਰ ਰੰਧਾਵਾ



**ਲੁਧਿਆਣਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਪਾਰਟੀ ਦੇ ਮਹਿਲਾ ਵਿੰਗ ਤੋਂ ਕੌਮੀ ਪ੍ਰਧਾਨ ਅਲਕਾ ਲਾਂਬਾ ਕਾਲਕਾ ਜੀ ਤੋਂ ਚੋਣ ਲੜ ਰਹੇ ਹਨ। ਉਨ੍ਹਾਂ ਦੀ ਪੰਜਾਬ ਪ੍ਰਧਾਨ ਮੈਡਮ ਗੁਰਸ਼ਰਨ ਕੌਰ ਰੰਧਾਵਾ ਨੇ ਬੀਬੀ ਸੰਤੋਸ਼ ਰਾਣੀ (ਮੀਤ ਪ੍ਰਧਾਨ ਪੰਜਾਬ), ਮੈਡਮ ਕਿਰਨ ਗਰੇਵਾਲ (ਜਨਰਲ ਸਕੱਤਰ ਪੰਜਾਬ) ਆਪਣੀ ਟੀਮ ਨਾਲ ਘਰ-ਘਰ ਜਾ ਕੇ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਨੂੰ ਲੋਕਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ।

ਮੈਡਮ ਰੰਧਾਵਾ ਨੇ ਕਿਹਾ ਕਿ ਅਸੀਂ ਮੈਡਮ ਅਲਕਾ ਲਾਂਬਾ ਨੂੰ ਜਿਤਾਉਣ ਲਈ ਪੂਰੀ ਵਾਹ ਲਾ ਰਹੇ ਹਾਂ ਕਿਉਂਕਿ ਉਹ ਕਾਂਗਰਸ ਪਾਰਟੀ ਦੇ ਮਿਹਨਤੀ ਯੋਧੇ ਹਨ।

ਲੋਕਾਂ ਦੇ ਸਹਿਯੋਗ ਨਾਲ ਸਾਨੂੰ ਪੂਰੀ ਉਮੀਦ ਹੈ ਕਿ ਇਸ ਸੀਟ ’ਤੇ ਹੀ ਨਹੀਂ ਇਸ ਵਾਰ ਕਾਂਗਰਸ ਪਾਰਟੀ ਦਿੱਲੀ ’ਚ ਆਪਣੀ ਸਰਕਾਰ ਬਣਾਏਗੀ।

ਮੈਂ ਲੋਕਾਂ ਨੂੰ ਵੀ ਅਪੀਲ ਕਰਦਾ ਹਾਂ ਕਿ ਉਹ ਇਸ ਵਾਰ ਦਿੱਲੀ ਵਿੱਚ ਕਾਂਗਰਸ ਪਾਰਟੀ ਨੂੰ ਮੌਕਾ ਦੇਣ ਕਿਉਂਕਿ ਸਿਰਫ ਕਾਂਗਰਸ ਪਾਰਟੀ ਹੀ ਸਮਾਜ ਦੇ ਹਰ ਵਰਗ ਦਾ ਵਿਕਾਸ ਕਰਨ ਦੇ ਸਮਰੱਥ ਹੈ।

# ਨੰਨ੍ਹੀ ਬੇਟੀ ਨੈਨਾਂ ਨੂੰ ਲੋਹੜੀ ਦੀ ਗਾਗਰ ਦੇ ਕੇ ਦਿੱਤਾ ‘ਧੀਆਂ ਦੇ ਲੋਹੜੀ ਮੇਲੇ’ ’ਤੇ ਆਉਣ ਦਾ ਸੱਦਾ



**ਲੁਧਿਆਣਾ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲਵਾ ਸੱਭਿਆਚਾਰਕ ਮੰਚ ਪੰਜਾਬ ਦੇ ਅਹੁਦੇਦਾਰ ਮੰਚ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੂੰ ਮਿਲੇ ਅਤੇ ਧੀਆਂ ਦੀ 28 ਸਾਲ ਤੋਂ ਲੋਹੜੀ ਮਨਾਉਣ ਸਬੰਧੀ ਦੱਸਿਆ। ਬਾਵਾ ਨੇ ਕਿਹਾ ਕਿ ਹਰ ਸਾਲ ਮਾਲਵਾ ਸੱਭਿਆਚਾਰਕ ਮੰਚ ਸੈਂਕੜੇ ਨਵਜੰਮੀਆਂ ਬੱਚੀਆਂ ਨੂੰ ਸ਼ਗਨ, ਸੂਟ, ਖਿਡਾਉਣੇ, ਮਿਠਾਈ ਅਤੇ ਮਾਤਾ ਨੂੰ ਸ਼ਾਲ ਭੇਂਟ ਕਰਕੇ ਲੋਹੜੀ ਮਨਾਉਂਦਾ ਆ ਰਿਹਾ ਹੈ। ਮੇਲੇ ਦੌਰਾਨ ਉੱਚ ਕੋਟੀ ਦੇ ਆਰਟਿਸਟਾਂ ਵੱਲੋਂ ਗੀਤ ਸੰਗੀਤ ਰਾਹੀਂ ਮੇਲੇ ਨੂੰ ਹੋਰ ਖ਼ੂਬਸੂਰਤ ਬਣਾਇਆ ਜਾ ਰਿਹਾ ਹੈ ਤਾਂ ਡਿਪਟੀ ਕਮਿਸ਼ਨਰ ਜੋਰਵਾਲ ਨੇ ਧੀਆਂ ਦੀ ਲੋਹੜੀ 28 ਸਾਲ ਤੋਂ ਮਨਾਉਣ ਨੂੰ ਸ਼ੁਭ ਸ਼ਗਨ ਅਤੇ ਉਸਾਰੂ ਸੋਚ ਕਿਹਾ। ਉਹਨਾਂ ਕਿਹਾ ਕਿ ਉਹ ਸੱਦਾ ਪ੍ਰਵਾਨ ਕਰਦੇ ਹਨ ਅਤੇ ਮੇਲੇ ਵਿੱਚ ਜ਼ਰੂਰ ਸਮਾਂ ਕੱਢ ਕੇ ਆਉਣਗੇ।

ਇਸ ਸਮੇਂ ਉਨਾਂ ਦੀ ਨੰਨ੍ਹੀ ਬੇਟੀ ਨੈਨਾ ਨੂੰ ਲੋਹੜੀ ਦੀ ਗਾਗਰ ਭੇਂਟ ਕੀਤੀ ਅਤੇ ਦੋ ਉੱਚ ਅਧਿਕਾਰੀ ਮਹਿਲਾਵਾਂ ਕ੍ਰਿਤੀਕਾ ਗੋਇਲ ਆਈ.ਏ.ਐਸ. ਅਤੇ ਪੂਨਮਪ੍ਰੀਤ ਕੌਰ ਐਸ.ਡੀ.ਐਮ. ਨੂੰ ਵੀ ਗਾਗਰ ਭੇਟ ਕਰਕੇ ਮੇਲੇ ਵਿੱਚ ਆਉਣ ਦਾ ਸੱਦਾ ਦਿੱਤਾ ਗਿਆ ਜੋ ਸਭ ਨੇ ਪ੍ਰਵਾਨ ਕੀਤਾ।

ਇਸ ਸਮੇਂ ਮਾਲਵਾ ਸੱਭਿਆਚਾਰਕ ਮੰਚ ਦੇ ਪ੍ਰਧਾਨ ਜਸਵੀਰ ਸਿੰਘ ਰਾਣਾ ਝਾਂਡੇ, ਮੰਚ ਦੀ ਚੇਅਰਪਰਸਨ ਸਿੰਮੀ ਕਵਾਤਰਾ, ਮੰਚ ਦੀ ਮਹਿਲਾ ਵਿੰਗ ਦੀ ਪ੍ਰਧਾਨ ਇੰਦਰਜੀਤ ਕੌਰ ਓਬਰਾਏ, ਜਨਰਲ ਸਕੱਤਰ ਪ੍ਰੋ. ਗੁਰਸ਼ਰਨ ਕੌਰ, ਰੇਸ਼ਮ ਸਿੰਘ ਸੱਗੂ ਵਾਈਸ ਪ੍ਰਧਾਨ, ਵਾਈਸ ਚੇਅਰਮੈਨ ਸੁਖਵਿੰਦਰ ਸਿੰਘ ਬਸੈਮੀ ਸਰਪੰਚ, ਲਖਵਿੰਦਰ ਸਿੰਘ ਅਤੇ ਅਰਜਨ ਬਾਵਾ ਵੀ ਹਾਜ਼ਰ ਸਨ।

ਇਸ ਸਮੇਂ ਰਾਣਾ ਝਾਂਡੇ ਅਤੇ ਸੁਖਵਿੰਦਰ ਸਿੰਘ ਬਸੈਮੀ ਨੇ ਕਿਹਾ ਕਿ 14 ਜਨਵਰੀ ਮੰਚ ਦੇ ਅਹੁਦੇਦਾਰਾਂ ਦੀ ਮੀਟਿੰਗ 11 ਵਜੇ ਹੋਵੇਗੀ ਅਤੇ ਯਾਦਾਂ ਜੱਸੋਵਾਲ ਦੀਆਂ ਵਿਸ਼ੇ ’ਤੇ ਗੁਰਜਤਿੰਦਰ ਸਿੰਘ ਰੰਧਾਵਾ, ਗੁਰਭਜਨ ਗਿੱਲ, ਪ੍ਰਗਟ ਸਿੰਘ, ਨਿਰਮਲ ਜੌੜਾ ਅਤੇ ਮਲਕੀਤ ਸਿੰਘ ਦਾਖਾ ਵਿਚਾਰ ਪੇਸ਼ ਕਰਨਗੇ।

# ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਜ਼ੀਰਕਪੁਰ ਵਿੱਚ ਨਵੇਂ ਰੀਅਲ ਅਸਟੇਟ ਪ੍ਰੋਜੈਕਟਾਂ ’ਤੇ ਰੋਕ ਦੇ ਬਾਵਜੂਦ ਕੱਟਿਆ ਜ਼ਾ ਰਹੀਆਂ ਹਨ ਨਵੀਆਂ ਕਲੋਨੀਆਂ

**ਜ਼ੀਰਕਪੁਰ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਬੀਤੇ ਸਾਲ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀਪੀਸੀਬੀ) ਨੇ ਜ਼ੀਰਕਪੁਰ ਸ਼ਹਿਰ ਵਿੱਚ ਸਾਰੇ ਨਵੇਂ ਰੀਅਲ ਅਸਟੇਟ ਪ੍ਰੋਜੈਕਟਾਂ ਨੂੰ ਰੋਕਣ ਦਾ ਹੁਕਮ ਜਾਰੀ ਕੀਤੇ ਸਨ। ਇਹ ਫ਼ੈਸਲਾ ਪੀਪੀਸੀਬੀ ਵੱਲੋਂ ਸ਼ਹਿਰ ਵਿੱਚ ਜ਼ੀਰੋ ਟ੍ਰੀਟਰਡ ਡਿਸਚਾਰਜ ਨੂੰ ਯਕੀਨੀ ਬਣਾਉਣ ਵਿੱਚ ਅਸਫਲ ਰਹਿਣ ਤੋਂ ਬਾਅਦ ਲਿਆ ਗਿਆ ਸੀ, ਜਿਸ ਕਾਰਨ ਵਾਤਾਵਰਣ ਸੰਬੰਧੀ ਗੰਭੀਰ ਚਿੰਤਾਵਾਂ ਪੈਦਾ ਹੋ ਰਹੀਆਂ ਹਨ। ਇਸ ਹੁਕਮ ਦੇ ਬਾਵਜੂਦ, ਜ਼ੀਰਕਪੁਰ ਨਗਰ ਕੌਂਸਲ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਜ਼ੀਰਕਪੁਰ ਵਿੱਚ ਅਜੇ ਵੀ ਨਵੀਆਂ ਕਲੋਨੀਆਂ ਅਤੇ ਵਪਾਰਕ ਪ੍ਰੋਜੈਕਟ ਬਣਾਏ ਜਾ ਰਹੇ ਹਨ। ਜਿਕਰਯੋਗ ਹੈ ਕਿ ਸਥਾਨਕ ਸੁਖਨਾ ਚੋਅ ਵਿੱਚ ਡਿੱਗ ਰਹੇ ਸੀਵਰੇਜ ਦੇ ਗੰਦੇ ਪਾਣੀ ਕਾਰਨ ਗੰਧਲੇ ਹੋ ਰਹੇ ਸੁਖਨਾ ਚੋਅ ਅਤੇ ਲਗਾਤਾਰ ਵੱਧਦੇ ਸ਼ਹਿਰੀਕਰਣ, ਚੰਡੀਗੜ੍ਹ-ਪੰਚਕੂਲਾ ਦੀਆਂ ਸੰਨਤਾ ਅਤੇ ਸੀਵਰੇਜ ਦਾ ਗੰਦਾ ਪਾਣੀ ਇਸ ਚੋਅ ਵਿੱਚ ਡਿੱਗਣ ਕਰਕੇ ਸੁਖਨਾ ਚੋਅ ਨੇ ਗੰਦੇ ਨਾਲੇ ਦਾ ਰੂਪ ਧਾਰ ਲਿਆ ਹੈ ਜੋ ਅੱਗੇ ਜਾ ਘੱਗਰ ਨਦੀ ਦੇ ਪਾਣੀ ਨੂੰ ਗੰਧਲਾ ਕਰ ਰਿਹਾ ਹੈ, ਜਿਸ ਉਪਰੰਤ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਇਹ ਸੱਖਤ ਫੈਸਲਾ ਲਿਆ ਸੀ।

ਪੀਪੀਸੀਬੀ ਪਿਛਲੇ ਕਾਫ਼ੀ ਸਮੇਂ ਤੋਂ ਜ਼ੀਰਕਪੁਰ ਵਿੱਚ ਪ੍ਰਦੂਸ਼ਣ ਦੇ ਪੱਧਰ ਦੀ ਨਿਗਰਾਨੀ ਕਰ ਰਿਹਾ ਹੈ ਅਤੇ ਉਸਨੇ ਪਾਇਆ ਹੈ ਕਿ ਸ਼ਹਿਰ ਦਾ ਬਿਨਾਂ ਸੋਧੇ ਗੰਦੇ ਪਾਣੀ ਦਾ ਨਿਕਾਸ ਚਿੰਤਾਜਨਕ ਪੱਧਰ ’ਤੇ ਪਹੁੰਚ ਗਿਆ ਹੈ। ਇਸ ਮੁੱਦੇ ਨਾਲ ਨਜਿੱਠਣ ਦੀ ਕੋਸ਼ਿਸ਼ ਵਿੱਚ, ਪੀਪੀਸੀਬੀ ਨੇ ਸ਼ਹਿਰ ਵਿੱਚ ਨਵੇਂ ਟ੍ਰੀਟਮੈਂਟ ਪਲਾਂਟ ਬਣਾਉਣ ਦੇ ਆਦੇਸ਼ ਦਿੱਤੇ ਸਨ। ਹਾਲਾਂਕਿ, ਆਦੇਸ਼ਾਂ ਦੇ ਬਾਵਜੂਦ, ਨਵੇਂ ਸੀਵਰੇਜ ਟਰੀਟਮੈਂਟ ਪਲਾਂਟ ਦਾ ਕੰਮ ਅਜੇ ਵੀ ਸ਼ੁਰੂ ਨਹੀਂ ਹੋਇਆ ਹੈ, ਜਿਸ ਕਾਰਨ ਸ਼ਹਿਰ ਦੇ ਨਦੀ ਨਾਲੀਆਂ ਵਿੱਚ ਪ੍ਰਦੂਸ਼ਣ ਦਾ ਪੱਧਰ ਹੋਰ ਵਧ ਗਿਆ ਹੈ। ਸ਼ਹਿਰ ਦੇ ਲੋਕਾਂ ਨੇ ਵੀ ਨਿਰਾਸ਼ਾ ਪ੍ਰਗਟ ਕੀਤੀ ਹੈ ਕਿ ਜ਼ੀਰਕਪੁਰ ਵਿੱਚ ਨਵੇਂ ਪ੍ਰੋਜੈਕਟਾਂ ਨੂੰ ਰੋਕਣ ਦੇ ਹੁਕਮ ਦੇ ਬਾਵਜੂਦ ਨਿਰਮਾਣ ਜਾਰੀ ਹੈ। ਹਾਲਾਂਕਿ ਬੋਰਡ ਨੇ ਇਹ ਵੀ ਚੇਤਾਵਨੀ ਦਿੱਤੀ ਸੀ ਕਿ ਹੁਕਮ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸਥਾਨਕ ਵਸਨੀਕਾਂ ਨੇ ਪੀਪੀਸੀਬੀ ਨੇ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਅਤੇ ਇਹ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ ਕਿ ਵਾਤਾਵਰਣ ਨੂੰ ਹੋਰ ਨੁਕਸਾਨ ਤੋਂ ਬਚਾਉਣ ਲਈ ਨਵੇਂ ਟ੍ਰੀਟਮੈਂਟ ਪਲਾਂਟ ਜਲਦੀ ਤੋਂ ਜਲਦੀ ਬਣਾਏ ਜਾਣ।

# ਹਰ ਸਿੱਖ ਨੂੰ ਰੋਜ ਦੀ ਬੋਲਚਾਲ ਤੇ ਲਿਖਣ ਲਈ ਪੰਜਾਬੀ ਦੀ ਵਰਤੋਂ ਕਰਨੀ ਜ਼ਰੂਰੀ : ਠਾਕੁਰ ਦਲੀਪ ਸਿੰਘ

**ਚੰਡੀਗੜ੍ਹ, 14 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖ ਪੰਥ ਚ ਆ ਰਹੇ ਨਿਘਾਰ ਨੂੰ ਰੋਕਣ ਅਤੇ ਪ੍ਰਫੁੱਲਿਤ ਕਰਨ ਲਈ ਹਰ ਸਿੱਖ ਨੂੰ ਹਰ ਦਿਨ ਪੰਜਾਬੀ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਜੇ ਅਸੀਂ ਪੰਜਾਬੀ ਦੀ ਵਰਤੋਂ ਨਹੀਂ ਕਰਾਂਗੇ ਤਾਂ ਅਸੀਂ ਗੁਰਬਾਣੀ ਨੂੰ ਪੜ੍ਹ ਨਹੀਂ ਸਕਾਂਗੇ ਤੇ ਨਾ ਹੀ ਸਮਝ ਸਕਾਂਗੇ। ਗੁਰਬਾਣੀ ਨੂੰ ਪੜ੍ਹੇ, ਸਮਝੇ ਬਿਨਾਂ ਅਸੀਂ ਆਪਣਾ ਜੀਵਨ ਅਜਾਈ ਬਤੀਤ ਕਰ ਰਹੇ ਹਾਂ।

ਗੁਰਬਾਣੀ ਨੂੰ ਕੁਝ ਹੱਦ ਤੱਕ ਭਾਰਤੀ ਭਾਸ਼ਾਵਾਂ ਵਿੱਚ ਤਾਂ ਪੜ੍ਹਿਆ ਅਤੇ ਸਮਝਿਆ ਜਾ ਸਕਦਾ ਹੈ ਪ੍ਰੰਤੂ ਅੰਗਰੇਜੀ ਵਿੱਚ ਜਾਂ ਰੋਮਨ ਲਿਪੀ ਵਿੱਚ ਗੁਰਬਾਣੀ ਨਾ ਤਾਂ ਠੀਕ ਤਰ੍ਹਾਂ ਪੜੀ ਜਾ ਸਕਦੀ ਹੈ ਤੇ ਨਾ ਹੀ ਸਮਝੀ ਜਾ ਸਕਦੀ ਹੈ। ਅੰਗਰੇਜ਼ੀ ਵਿੱਚ ਤਾਂ ਗੁਰਬਾਣੀ ਦਾ ਉਚਾਰਣ ਹੀ ਬਦਲ ਜਾਂਦਾ ਹੈ। ਜਿਵੇਂ ‘ਸਤਿਨਾਮ’ ਦਾ ‘ਸੇਟ ਨੇਮ’, ‘ਓਅੰਕਾਰ’ ਦਾ ‘ਓਨਕਾਰ’ ਉਚਾਰਣ ਹੋ ਜਾਂਦਾ ਹੈ। ਅੰਗਰੇਜੀ ਵਿੱਚ ਗੁਰੂ, ਧਰਮ, ਬ੍ਰਹਮ ਗਿਆਨ, ਚਰਨ ਆਦਿ ਸ਼ਬਦਾਂ ਦਾ ਕੋਈ ਤਰਜ਼ਮਾ ਹੈ ਹੀ ਨਹੀਂ। ਇਸ ਲਈ ਹਰ ਸਿੱਖ ਨੂੰ ਆਪਣੇ ਰੋਜਾਨਾ ਬੋਲ ਚਾਲ ਅਤੇ ਲਿਖਤ ਵਿੱਚ ਪੰਜਾਬੀ ਨੂੰ ਲਿਆਉਣਾ ਚਾਹੀਦਾ ਹੈ। ਪੰਜਾਬੀ ਨੂੰ ਲਿਖਣ ਦਾ ਅਤੇ ਬੋਲਣ ਦਾ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ। ਕਿਉਂਕਿ ਜਿਸ ਭਾਸ਼ਾ ਦਾ ਅਭਿਆਸ ਆਪਾਂ ਛੱਡ ਦੇਈਏ ਉਹ ਭਾਸ਼ਾ ਸਾਨੂੰ ਭੁੱਲ ਜਾਂਦੀ ਹੈ। ਹੌਲੀ ਹੌਲੀ ਉਸਦੀ ਸਮਝ ਆਉਣੀ



ਵੀ ਹਟ ਜਾਂਦੀ ਹੈ। ਵੈਸੇ ਵੀ ਜਿਸ ਭਾਸ਼ਾ ਦੀ ਵਰਤੋਂ ਨਾ ਹੋਵੇ ਉਹ ਭਾਸ਼ਾ 50 ਸਾਲਾਂ ਵਿੱਚ ਸਮਾਪਤ ਹੋ ਕੇ 100 ਸਾਲ ਵਿੱਚ ਉਸ ਦਾ ਨਾਮ ਹੀ ਲੋਕਾਂ ਦੀ ਯਾਦਾਸ਼ਤ ਵਿੱਚੋਂ ਮਿਟ ਜਾਂਦਾ ਹੈ। ਯੂ.ਐਨ.ਓ ਅਨੁਸਾਰ ਸੰਸਾਰ ਵਿੱਚ ਹਰ 15 ਦਿਨਾਂ ਉਪਰੰਤ ਇੱਕ ਭਾਸ਼ਾ ਵਿਲੁਪਤ ਹੋ ਰਹੀ ਹੈ। ਇਸ ਕਰਕੇ ਹਰ ਸਿੱਖ ਨੂੰ ਆਪਣੀ ਰੋਜਾਨਾ ਬੋਲ ਚਾਲ ਵਿੱਚ ਐਸ.ਐਮ.ਐਸ., ਪੱਤਰਾਚਾਰ, ਈਮੇਲਾਂ ਵਿੱਚ ਜਿੱਥੇ ਵੀ ਸੰਭਵ ਹੋਵੇ ਉੱਥੇ ਹੀ ਪੰਜਾਬੀ ਦੀ ਵਰਤੋਂ ਗੁਰਮੁਖੀ ਲਿਪੀ ਵਿੱਚ ਜ਼ਰੂਰ ਕਰਨੀ ਚਾਹੀਦੀ ਹੈ। ਪੰਜਾਬੀ ਲਿਖਣ ਅਤੇ ਬੋਲਣ ਵਿੱਚ ਅੰਗਰੇਜ਼ੀ ਦੇ ਸ਼ਬਦਾਂ ਦੀ ਵਰਤੋਂ ਨਾ ਕਰੋ। ਅੱਜ ਕੱਲ ਸਾਡੀ ਪ੍ਰਤੀ ਦਿਨ ਦੀ ਬੋਲ ਚਾਲ ਦੌਰਾਨ ਭੇਡਚਾਲ ਵਿੱਚ ਹੀ ਅੰਗਰੇਜੀ ਦੇ ਸ਼ਬਦਾਂ ਦੀ ਬਹੁਤ ਜਿਆਦਾ ਵਰਤੋਂ ਹੋ ਰਹੀ ਹੈ। ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਅਸੀਂ ਕਿਹੜੀ ਭਾਸ਼ਾ ਦੇ ਸ਼ਬਦ ਵਰਤ ਰਹੇ ਹਾਂ। ਜਿਵੇਂ ਅਸੀਂ ਮਾਤਾ ਪਿਤਾ ਨੂੰ ‘ਮੰਮੀ ਡੈਡੀ’ ਕਰ ਦਿੱਤਾ, ਚਾਚਾ ਚਾਚੀ, ਮਾਮੀ ਮਾਮੀ ਨੂੰ ‘ਅੰਕਲ ਆਂਟੀ’ ਕਰ ਦਿੱਤਾ ਹੈ ਆਦਿ। ਜੇ ਆਪ ਜੀ ਵਿਚਾਰ ਕਰਕੇ ਆਪਣੀ ਬੋਲਚਾਲ ਅਤੇ ਲਿਖਤ ਵਿੱਚ ਪੰਜਾਬੀ ਦੇ ਸ਼ਬਦ ਵਰਤਣੇ ਸ਼ੁਰੂ ਕਰ ਦਿਓਗੇ ਤਾਂ ਸਿੱਖ ਪੰਥ ਨੂੰ ਬਹੁਤ ਲਾਭ ਹੋ ਸਕਦਾ ਹੈ। ਸਾਰੇ ਸਿੱਖ ਵੀਰਾਂ ਨੂੰ ਬੇਨਤੀ ਹੈ ਕਿ ਸਿੱਖ ਪੰਥ ਨੂੰ ਘਟਣੋਂ ਰੋਕਣ ਲਈ ਅਤੇ ਪ੍ਰਫੁੱਲਿਤ ਕਰਨ ਵਾਸਤੇ ਆਪਣੀ ਰੋਜਾਨਾ ਬੋਲ ਚਾਲ ਅਤੇ ਹਰ ਲਿਖਤ ਵਿੱਚ ਪੰਜਾਬੀ, ਗੁਰਮੁਖੀ ਦੀ ਵਰਤੋਂ ਜ਼ਰੂਰ ਕਰੋ।

ਸ਼ਬਦੋ ਵਣਜਾਰਿਓ

# ਚਵਾਨੀ



ਪਰਮਜੀਤ ਢੀਂਗਰਾ

94173-58120

ਕੋਸ਼ਾਂ ਅਨੁਸਾਰ ਚਵਾਨੀ ਦਾ ਅਰਥ ਹੈ, ਚਹੁੰ ਆਨਿਆਂ ਦਾ ਸਿੱਕਾ। ਇਹਦਾ ਰਿਸ਼ਤਾ ਵੀ 'ਆਨਾ' ਨਾਂ ਦੀ ਇਕ ਪ੍ਰਾਚੀਨ ਮੁਦਰਾ ਨਾਲ ਹੈ, ਜੋ ਮੁਗ਼ਲ ਕਾਲ ਤੋਂ ਲੈ ਕੇ ਅੰਗਰੇਜ਼ੀ ਕਾਲ ਤਕ ਜਾਰੀ ਰਹੀ। ਆਨਾ ਸ਼ਬਦ ਦੀ ਵਿਓਂਤਪਤੀ ਸੰਸਕ੍ਰਿਤ ਦੇ 'ਅਣਕ' ਜਾਂ 'ਆਣਵ' ਤੋਂ ਹੋਈ ਜਿਸ ਦਾ ਅਰਥ ਹੈ, ਤਾਂਬੇ ਦਾ ਇਕ ਛੋਟਾ ਸਿੱਕਾ। ਏਸੇ ਦਾ ਅਪਭ੍ਰੰਸ਼ ਰੂਪ 'ਆਨ' ਹੈ। 'ਅਣਕ' ਦੀ ਵਿਓਂਤਪਤੀ ਸੰਸਕ੍ਰਿਤ ਦੀ 'ਅਣ' ਧਾਤੂ ਤੋਂ ਹੋਈ, ਜਿਸ ਦਾ ਅਰਥ ਹੈ ਬਹੁਤ ਛੋਟਾ, ਸੂਖ਼ਮ, ਬਰੀਕ ਆਦਿ। ਸ੍ਰਿਸ਼ਟੀ ਦੀ ਉਤਪਤੀ ਜਿਸ ਪਦਾਰਥ ਤੋਂ ਹੋਈ ਉਹਦੇ ਲਈ ਅਣੂੰ ਜਾਂ ਐਟਮ ਸ਼ਬਦ ਏਸੇ ਤੋਂ ਉਤਪੰਨ ਹੋਇਆ, ਜਿਸ ਦੇ ਅਰਥ ਹਨ ਸਭ ਤੋਂ ਛੋਟਾ ਅੰਸ਼, ਕਣ ਆਦਿ। ਅਣੂੰ ਤੋਂ ਵੀ ਛੋਟੇ ਕਣ ਲਈ ਪਰਮ ਉਪਸਰਗ ਲਾ ਕੇ ਪਰਮਾਣੂੰ ਸ਼ਬਦ ਬਣਿਆ ਹੈ। ਸੂਈ ਦੀ ਨੋਕ ਲਈ ਅਨੀ ਸ਼ਬਦ ਵੀ ਸੰਸਕ੍ਰਿਤ ਦੇ 'ਅਨਿ' ਤੋਂ ਬਣਿਆ ਹੈ, ਜੋ ਸੂਖ਼ਮਤਾ ਦੇ ਪੱਖੋਂ ਏਸੇ ਕੜੀ ਨਾਲ ਮਿਲਦਾ ਹੈ। ਅਨੀ ਭਾਵ ਕੰਢਾ ਜਾਂ ਕਿਨਾਰਾ ਵੀ ਇਕ ਹੋਰ ਸ਼ਬਦ ਹੈ। ਧਰਤੀ 'ਤੇ ਪੁਲਾੜ ਵਿੱਚੋਂ ਲਗਾਤਾਰ ਧੂੜਕਣਾਂ ਦੀ ਵਰਖਾ ਹੋ ਰਹੀ ਹੈ। ਇਹ ਧੂੜ ਕਣ ਐਸਟੀਰਾਇਡਜ਼ ਹਨ, ਜੋ ਵਾਯੂਮੰਡਲ ਵਿਚ ਆ ਕੇ ਰਗੜ ਨਾਲ ਸਵਾਹ ਹੋ ਜਾਂਦੇ ਹਨ। ਇਨ੍ਹਾਂ ਧੂੜ ਕਣਾਂ ਲਈ ਬੜਾ ਪ੍ਰਾਚੀਨ ਸ਼ਬਦ ਰੇਣੂੰ ਹੈ। ਇਹ ਰੀ+ਅਣੂੰ ਤੋਂ ਬਣਿਆ ਹੈ ਅਰਥਾਤ ਲਗਾਤਾਰ ਡਿਗਦੇ ਰਹਿਣ ਵਾਲੇ ਕਣ। ਰੇਣੂੰ ਦਾ ਇਕ ਅਰਥ ਪੁਸ਼ਪਕਣ, ਪਰਾਗਕਣ ਵੀ ਹੁੰਦਾ ਹੈ। ਇਹ ਵੀ ਸੂਖ਼ਮਤਾ ਨਾਲ ਜੁੜੇ ਹੋਏ ਹਨ। ਇਕ ਆਨੇ ਦਾ ਮੁੱਲ ਚਾਰ ਪੈਸਿਆਂ ਦੇ ਬਰਾਬਰ ਹੁੰਦਾ ਸੀ। ਏਸੇ ਤਰ੍ਹਾਂ ਮੁਗ਼ਲਾਂ ਅਤੇ ਅੰਗਰੇਜ਼ੀ ਰਾਜ ਸਮੇਂ ਇੱਕਾਨੀ, ਦੁਆਨੀ ਵਰਗੀਆਂ ਮੁਦਰਾਂ ਪ੍ਰਚਲਤ ਸਨ। ਚਾਰ ਆਨੇ ਅਰਥਾਰ ਪੰਝੀ ਪੈਸਿਆਂ ਦਾ ਸਿੱਕਾ ਪਿਛਲੇ ਸਾਲਾਂ ਤਕ ਪ੍ਰਚਲਿਤ ਰਿਹਾ ਹੈ। ਇਸ ਨੂੰ ਚਵਾਨੀ ਕਿਹਾ ਜਾਂਦਾ ਸੀ। ਇਸ ਚਵਾਨੀ ਨੇ ਵੀ ਮੁਹਾਵਰਿਆਂ ਵਿਚ ਥਾਂ ਬਣਾਈ ਜਿਵੇਂ-ਚਵਾਨੀ ਛਾਪ, ਚਵਾਨੀ ਦਾ ਬੰਦਾ। ਚਵਾਨੀ ਵਾਂਗ ਹੀ ਅਠੱਨੀ ਵੀ ਪ੍ਰਚਲਤ ਰਹੀ। ਇਸ ਵਿਚ ਅੱਠ ਆਨੇ ਜਾਂ ਪੰਜਾਹ ਪੈਸੇ ਹੁੰਦੇ ਸਨ। ਪੁਰਾਣੇ ਸਮੇਂ ਵਿਚ ਰੁਪਿਆ ਚੌਂਹਠ ਪੈਸਿਆਂ ਦਾ ਹੁੰਦਾ ਸੀ। ਇਸ ਤਰ੍ਹਾਂ ਸੋਲਾਂ ਆਨੇ ਅਰਥਾਤ ਇਕ ਰੁਪਿਆ ਜਾਂ ਚਾਂਦੀ ਦਾ ਸਿੱਕਾ ਬਣਦਾ ਸੀ। ਪਰ ਹੁਣ ਸੋਲਾਂ ਆਨੇ ਦਾ ਇਕ ਰੁਪਿਆ ਜਾਂ ਸੌ ਪੈਸੇ ਦਾ ਬਣਦਾ ਹੈ। ਇਕ ਰੁਪਿਆ ਚਾਰ ਚਵਾਨੀਆਂ ਤੇ ਦੋ ਅਠਾਨੀਆਂ ਦੇ ਬਰਾਬਰ ਬਣਦਾ ਹੈ। •

## ਕਵਿਤਾਵਾਂ

### ਧੀਆਂ ਦਾ ਜੰਮਣਾ

ਧੀਆਂ ਦਾ ਜੰਮਣਾ, ਈਕਣ ਹੁੰਦਾ
ਜੀਕਣ ਚੰਦ ਰਿਸ਼ਮਾਂ ਦਾ ਪਲਮਣਾ
ਜੀਕਣ ਫੁੱਲ ਪੱਤੀਆਂ ਦਾ ਮਹਿਕਣਾ।
ਧੀਆਂ ਦਾ ਜੰਮਣ ਹੁੰਦਾ ਜੀਕਣ
ਰਸ, ਰੰਗ ਤੇ ਰੂਪ ਦਾ ਕੋਈ ਚਸ਼ਮਾਂ ਫੁੱਟਣਾ
ਖ਼ੂਬਸੂਰਤੀ 'ਚ ਪਹੁੰਚੇ ਗੀਤ ਦਾ ਉਗਣਾ।

ਧੀਆਂ ਦਾ ਜੰਮਣ
ਸਿਰਜਣਹਾਰ ਦੀ ਰਹਿਮਤ ਦੀ ਅਤਿ ਸੋਹਣੀ ਰੀਤ
ਰੀਤ ਜੋ ਬਣੇ ਜੀਵਣ-ਸੁਹਜ ਦੀ ਪ੍ਰਤੀਕ
ਕੁਦਰਤ ਦੀ ਇਹ ਰਹਿਮਤ ਦੇਵੇ ਸੌਅ ਬਹਾਰਾਂ ਦੀ
ਦੱਸੇ ਰਾਹ ਇਹ ਮੋਹ ਪਿਆਰ ਦੀਆਂ ਆਬਸ਼ਾਰਾਂ ਦੀ।

ਆਓ ਇਸ ਰਹਿਮਤ ਦੇ ਵਾਸਤੇ
ਬੰਦ ਬੂਹੇ ਬਾਰੀਆਂ ਹੁਣ ਖੋਲ੍ਹ ਦਈਏ
ਅੰਬ ਸ਼ਰੀਂਹ ਦੇ ਸਿਹਰੇ ਸ਼ਗਨਾਂ ਵਾਲੇ ਦਰਾਂ 'ਤੇ ਬੰਨ੍ਹ ਲਈਏ
ਸਰਦਲਾਂ 'ਤੇ ਰੀਝਾਂ, ਚਾਵਾਂ ਤੇ ਸੱਧਰਾਂ ਦਾ ਤੇਲ ਚੋਈਏ
ਧੀਆਂ ਨੂੰ ਜੀਅ ਆਇਆਂ ਕਹੀਏ
ਜੀਅ ਆਇਆਂ ਨੂੰ ਆਓ ਆਖੀਏ
ਧਰਤੀ ਦੀ ਇਸ ਹਰਿਆਵਲ ਨੂੰ
ਕੁਦਰਤ ਦੀ ਅਦਭੁਤ ਦਾਤ ਨੂੰ
ਕਾਦਰ ਦੀ ਅਮੁੱਲ ਸੌਗਾਤ ਨੂੰ
ਸਰਦਲਾਂ 'ਤੇ ਸ਼ਗਨਾਂ ਵਾਲਾ ਤੇਲ ਚੋਈਏ
ਜੀਅ ਆਈਆਂ ਧੀਆਂ ਨੂੰ ਕਹੀਏ।



• ਡਾ. ਬਲਜੀਤ ਕੌਰ, 73474-14747

### ਬੇ ਖ਼ੌਫ਼ ਹਵਾਵਾਂ

ਬੇ ਦਰਦ, ਬੇ ਖ਼ੌਫ਼ ਹਵਾਵਾਂ ਨੇ
ਫਿਰ ਚੁੰਮ ਲਿਆ ਉਸ ਨੂੰ
ਉਹ ਜ਼ਰਦ ਪੀਲਾ ਪੱਤਾ
ਫਿਰ ਟੁੱਟ ਗਿਆ
ਕੀ ਤੂੰ ਸੁਣਿਆ ਅੱਜ..

ਚੰਨ ਦੀ ਸੀ ਫਿੱਕੀ ਚਾਨਣੀ
ਅੱਜ ਗਲੀਆਂ ਸ਼ਰਮਸਾਰ
ਉਹ ਸ਼ਖ਼ਸ ਸ਼ਹਿਰ ਛੱਡ ਕੇ ਤੁਰ ਗਿਆ
ਕੀ ਤੂੰ ਸੁਣਿਆ ਅੱਜ..

ਪੀੜਾਂ ਦੀਆਂ ਪਾ ਕੇ ਝਾਂਜਰਾਂ
ਬਿਰਹੋਂ ਦਾ ਲੈ ਕੇ ਦਾਜ
ਉਹ ਬੈਠ ਡੋਲੀ ਸ਼ੌਰ ਦੀ
ਬਸ ਜਾਂਦਾ ਜਾਂਦਾ ਤੱਕ ਗਿਆ
ਕੀ ਤੂੰ ਸੁਣਿਆ ਅੱਜ..

ਹਿਜਰਾਂ ਦੀ ਤਿੱਖੜ ਦੁਪਹਿਰ ਵਿਚ
ਮੂੰਹ ਕੱਜ-ਕੱਜ ਰੋਏ ਉਜਾੜ
ਬੇ-ਦਰਦ ਸਾਡੀ ਮੌਤ ਦਾ
ਸੀ ਮਰਸੀਆ ਵੀ ਪੜ੍ਹ ਗਿਆ
ਕੀ ਤੂੰ ਸੁਣਿਆ ਅੱਜ..

ਲਸ਼ਕੀ ਸੀ ਵਿਚ ਅਸਮਾਨ ਦੇ
ਫਿਰ ਬਿਜਲੀ ਬੇ-ਸ਼ੁਮਾਰ
ਉਹ ਬੇ ਵਫ਼ਾ ਮੇਰੀ ਕਬਰ 'ਤੇ
ਸੀ ਬੱਦਲ ਬਣ ਕੇ ਵਰ੍ਹ ਗਿਆ
ਕੀ ਤੂੰ ਸੁਣਿਆ ਅੱਜ..



• ਡਾ. ਇੰਦਰਜੀਤ ਸਿੰਘ ਸੰਧੂ, 95011-05656

# ਸਦੀ ਜਿੱਡੇ ਨਾਵਲਕਾਰ ਦੀ ਮਾਨਸਿਕ ਕਸਕ



ਡਾ. ਮਹਿਲ ਸਿੰਘ

98722-66667

*'ਮੈਂ ਪ੍ਰਕਾਸ਼ ਸਿੰਘ ਬਾਦਲ ਤੋਂ ਦੱਸ ਸਾਲ ਵੱਡਾ ਹਾਂ। ਉਹ ਵੀ ਇੱਥੇ ਬਹਿ ਕੇ ਗਿਆ ਹੈ। ਮੈਂ ਵੱਡੇ ਨੇਤਾਵਾਂ ਨੂੰ ਮੁੱਢ ਕਦੀਮ ਤੋਂ ਜਾਣਦਾ ਹਾਂ, ਕਿਸੇ ਨੂੰ ਪੰਜਾਬ ਦੀ ਚਿੰਤਾ ਨਹੀਂ ਹੈ'। ਕੰਵਲ ਦੇ ਬੋਲਾਂ ਵਿਚ ਗਰਜ ਸੀ ਤੇ ਵੰਗਾਰ ਵੀ। ਫਿਰ ਕੰਵਲ ਸਾਨੂੰ ਸਵਾਲ ਕੀਤਾ 'ਪੰਜਾਬ ਬਚੇਗਾ ਕਿ ਨਹੀਂ'?*

ਨਾਵਲਕਾਰ ਜਸਵੰਤ ਸਿੰਘ ਕੰਵਲ ਨੂੰ ਪਿਛਲੇ ਦਿਨੀਂ ਉਸ ਦੇ ਪਿੰਡ ਮਿਲਣ ਦਾ ਸਬੱਬ ਬਣਿਆ। ਕੰਵਲ ਲੋਈ ਦੀ ਬੁੱਕਲ ਵਿਚ ਆਪਣੇ ਘਰ ਮੂਹਰੇ ਡਿਓੜ੍ਹੀ ਵਿਚ ਖੜ੍ਹਾ ਸੀ। ਇਹ ਹੈਰਤ ਤੇ ਖ਼ੁਸ਼ੀ ਭਰਿਆ ਪਲ ਸੀ ਕਿ ਸਾਢੇ ਅਠਾਨਵੇਂ ਸਾਲ (27 ਜੂਨ 1919) ਦਾ ਬਜ਼ੁਰਗ ਸਾਹਮਣੇ ਜਵਾਨਾਂ ਵਾਂਗ ਖਲੋਤਾ ਸੀ। ਕੰਵਲ ਛੇ ਫੁੱਟ ਦਾ ਛੈਲ ਬਾਂਕਾ ਗੱਭਰੂ ਸੀ। ਨਰੋਈ ਸਿਹਤ ਤੇ ਦਿੱਖ ਉਮਰ ਨਾਲ ਝੰਬੀ ਤਾਂ ਗਈ ਹੈ ਪਰ ਇਸ ਵਿਚ ਅਜੇ ਵੀ ਜਵਾਨੀ ਵਾਲੀ ਪੁਰਾਣੀ ਮੜਕ ਤੇ ਬੜਕ ਕਾਇਮ ਹੈ।

ਜਸਵੰਤ ਸਿੰਘ ਕੰਵਲ ਦੇ ਸਿਰਜਣਾਤਮਿਕ ਹੱਥਾਂ ਦੀ ਲੰਮੀਆਂ ਉਂਗਲਾਂ ਵਿੱਚੋਂ ਲਿਖੇ ਗਏ ਨਾਵਲ ਪਾਲੀ, ਪੂਰਨਮਾਸ਼ੀ, ਹਾਣੀ ਤੇ ਜੇਰਾ ਵਰਗੇ ਆਪਣੇ ਸਮਿਆਂ ਵਿਚ ਨੌਜਵਾਨ ਦਿਲਾਂ ਦੀ ਧੜਕਣ ਬਣੇ। ਇਸ ਦੇ ਨਾਵਲ ਰਾਤ ਬਾਕੀ ਹੈ ਨੂੰ ਕਦੀ ਕਾਮਰੇਡ ਆਪਣੇ ਝੋਲਿਆ ਵਿਚ ਪਾਈ ਫਿਰਦੇ ਸਨ। ਲਹੂ ਦੀ ਲੋਅ ਨਾਵਲ ਕਿਸੇ ਸਮੇਂ ਨਕਸਲਬਾੜੀ ਲਹਿਰ ਵਾਲਿਆਂ ਲਈ ਪੂਜਣਯੋਗ ਰਚਨਾ ਸੀ। ਕੰਵਲ ਦੇ ਨਾਵਲਾਂ ਵਿੱਚੋਂ ਪਿੰਡ ਅਤੇ ਕਿਸਾਨੀ ਦਾ ਜੋਸ਼ ਬੋਲਦਾ ਹੈ। ਕੰਵਲ ਨੇ ਕਈ ਪਾਸਿਆਂ ਵੱਲ ਨਾਵਲੀ ਮੋੜੇ ਕੱਟੇ ਹਨ। ਉਹ ਕਈ ਵਿਚਾਰਧਾਰਾਵਾ ਦਾ ਪੈਰੋਕਾਰ ਰਿਹਾ ਹੈ। ਇਸ ਕਰਕੇ ਉਸ ਪ੍ਰਤੀ ਸ਼ਲਾਘਾ ਤੇ ਨੁਕਤਾਚੀਨੀ ਦਾ ਖੱਟਾ-ਮਿੱਠਾ ਸੰਵਾਦ ਵੀ ਚਲਦਾ ਰਿਹਾ ਹੈ। ਪਰ ਕੰਵਲ ਦੇ ਵਿਚਾਰਾਂ ਨਾਲ ਸਹਿਮਤ ਨਾ ਹੋਣ ਵਾਲਿਆਂ ਵਿਚ ਵੀ ਉਸ ਦਾ ਸਤਿਕਾਰ ਵੱਡਾ ਹੈ। ਕੁਝ ਆਲੋਚਕ ਕੰਵਲ ਦੇ ਨਾਵਲਾਂ ਵਿਚ ਨਾਵਲੀਅਤਾ ਨਾਲੋਂ ਵਿਚਾਰਧਾਰਾ ਭਾਰੂ ਹੋ ਗਈ ਮੰਨਦੇ ਹਨ। ਪਰ ਫਿਰ ਵੀ ਕੰਵਲ ਇਕ ਵੱਡਾ ਹਰਮਨ ਪਿਆਰਾ ਨਾਵਲਕਾਰ ਹੈ। ਭਾਵੇਂ ਇਕੱਲੀ ਲੋਕਪ੍ਰੀਅਤਾ ਹੀ ਉੱਤਮ ਕਲਾਕਾਰੀ ਦਾ ਦਸਤੂਰ ਨਹੀਂ ਹੈ। ਪਰ ਇਹ ਲੋਕ ਮਾਨਤਾ ਦਾ ਵੱਡਾ ਪੈਮਾਨਾ ਜ਼ਰੂਰ ਹੈ।

ਪੰਜਾਬੀ ਨਾਵਲ ਵਿਚ ਉਂਜ ਸੰਪੂਰਨਤਾ ਜਾਂ ਮੁਕੰਮਲਤਾ ਹੈ ਕਿੱਥੇ? ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਇਕ ਧਿਰ ਬਿਨਾਂ ਬਾਕੀ ਸਭ ਨਿੰਦਾ ਦੇ ਭਾਗੀ ਹਨ। ਨਾਵਲਕਾਰ ਨਾਨਕ ਸਿੰਘ ਲਈ ਬੰਦਾ ਜਾਂ ਬਹੁਤ ਚੰਗਾ ਹੈ ਜਾਂ ਬਹੁਤ ਮਾੜਾ। ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਕਿਸੇ ਆਸ ਦੀ ਕਿਰਨ ਨਾਲੋਂ ਸਭ ਪਾਸੇ ਨਿਰਾਸ਼ਾ ਦਾ ਆਲਮ ਹੀ ਭਾਰੂ ਹੈ। ਇਨ੍ਹਾਂ ਨਾਵਲਕਾਰਾਂ ਲਈ ਸਾਧਨ-ਸੰਪਨ ਲੋਕ ਬਿਲਕੁਲ ਹੀ ਮਨੁੱਖ ਦੋਖੀ ਵਜੋਂ ਇਕਹਰੇ ਵਿਹਾਰ ਵਾਲੇ ਹਨ। ਇਸੇ ਤਰ੍ਹਾਂ ਹੀ ਦੂਜੇ ਪਾਸੇ ਦੱਬੇ-ਕੁੱਚਲੇ ਲੋਕ ਸਦਾ ਨੇਕੀ ਦੇ ਪੁਤਲੇ ਹਨ। ਇਹ ਇਕ ਸਤਹੀ ਕਿਸਮ ਦੀ ਸਧਾਰਨ ਨਾਵਲੀ ਬਣਤਰ ਹੈ। ਸਾਡੀ ਅਜਿਹੀ ਪੱਕੀ-ਪੀਢੀ ਇਕਹਰੀ ਕਿਸਮ ਦੀ ਖ਼ਾਨੇਵੰਡ ਪੰਜਾਬੀ ਨਾਵਲ ਦੀ ਸਦਾ ਹੋਣੀ ਰਹੀ ਹੈ। ਸੰਸਾਰ ਪ੍ਰਸਿੱਧ ਸ਼ਾਹਕਾਰ ਨਾਵਲਾਂ ਦੀ ਅਜਿਹੀ ਬਣਤਰ ਬਿਲਕੁਲ ਹੀ ਨਹੀਂ ਹੈ। ਜੇ ਸਾਡੀ ਨਾਵਲੀ ਨਜ਼ਰ ਵਿਚ ਕਿਸੇ ਖ਼ਾਸ ਜਾਤ ਜਾਂ ਜਮਾਤ ਦਾ ਪਾਤਰ ਚੰਗਾ ਹੈ ਤਾਂ ਦੂਜੀ ਜਾਤ ਜਾਂ ਸ਼੍ਰੇਣੀ ਦੇ ਪਾਤਰਾਂ ਦੇ ਘਰਾਂ ਅੰਦਰ ਪ੍ਰਵੇਸ਼ ਕਰਨ ਤੋਂ ਹੀ ਨਾਵਲਕਾਰ ਗੁਰੇਜ਼ ਕਰਦੇ ਹਨ। ਇਹ ਪੰਜਾਬੀ ਨਾਵਲ ਦੀਆਂ ਵਲਗਣਾ ਹਨ।

ਅਸੀਂ ਪਾਤਰਾਂ ਨੂੰ ਬੰਦੇ ਵਜੋਂ ਨਹੀਂ, ਜਾਤ, ਧਰਮ, ਜਮਾਤ ਜਾਂ ਧਿਰ ਦੇ ਬਿਲਕੁਲ ਚਿੱਟੇ ਜਾਂ ਕਾਲੇ ਰੂਪ ਵਜੋਂ ਹੀ ਨਿਹਾਰਦੇ ਰਹੇ ਹਾਂ। ਇਸ ਵਿੱਚੋਂ ਪੰਜਾਬੀਅਤ ਦੀ ਕੋਈ ਮੁਕੰਮਲ ਤਸਵੀਰ ਨਹੀਂ ਉੱਭਰ ਦੀ, ਨਾ ਹੀ ਇਸ ਵਿੱਚੋਂ ਮਨੁੱਖੀ ਮਾਨਸਿਕਤਾ ਦੀ ਜਟਿਲਤਾ ਨੂੰ ਪਕੜਣ ਵਾਲੀ ਨਜ਼ਰ ਸਾਹਮਣੇ ਆਉਂਦੀ ਹੈ। ਸਾਡੀਆਂ ਨਾਵਲੀ ਜਾਂ ਸਾਹਿਤਕ ਕਮਜ਼ੋਰੀਆਂ ਦੀਆਂ ਕਈ ਪਰਤਾਂ ਤੇ ਦਿਸ਼ਾਵਾਂ ਹਨ। ਸਾਡੀਆਂ ਸੀਮਾਵਾਂ ਦਾ ਆਪਣਾ ਵਿਸ਼ੇਸ਼ ਭੂਗੋਲ ਤੇ ਲੋਕੇਲ ਹੈ। ਕੰਵਲ ਵੀ ਇਨ੍ਹਾਂ ਤੋਂ ਬਾਹਰ ਨਹੀਂ ਹੈ। ਕੰਵਲ ਜੋ ਵੀ ਹੈ, ਸਾਡੇ ਸਭ ਵਾਂਗ ਹੀ ਹੈ। ਇਹ ਅਜੇਹਾ ਸਾਹਿਤਕਾਰ ਹੈ, ਜੋ ਆਪਣੇ ਨਾਵਲਾਂ ਦੇ ਨਾਲ-ਨਾਲ ਆਪਣੇ ਲੇਖਾਂ ਅਤੇ ਸਟੇਜਾ ਰਾਹੀਂ ਨਿਸ਼ੰਗ ਤੇ ਨਿੱਝਕ ਰੂਪ ਵਿਚ ਆਪਣੀ ਆਵਾਜ਼ ਬੁਲੰਦ ਕਰਦਾ ਰਿਹਾ ਹੈ। ਅਜੇ ਵੀ ਕੰਵਲ ਦੀ ਸੁਰਤੀ ਵਿੱਚੋਂ ਅਜਿਹੀ ਲਲਕਾਰ ਗੂੰਜਦੀ ਹੈ।

ਕੰਵਲ ਨੇ ਆਪਣੇ ਘਰ ਦੀ ਬੈਠਕ ਵਿਚ ਬੈਠਦਿਆਂ ਹੀ ਪਹਿਲਾਂ ਸਾਡਾ ਹਾਲ-ਚਾਲ ਪੁੱਛਿਆ। ਅਸਾਂ ਦੱਸਿਆ ਕਿ ਅਸੀਂ ਚਾਰੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਹਾਂ। ਡਾ. ਆਤਮ ਰੰਧਾਵਾ ਤੇ ਡਾ. ਕੁਲਦੀਪ ਸਿੰਘ ਪੰਜਾਬੀ ਵਿਭਾਗ ਦੇ ਅਧਿਆਪਕ ਹਨ। ਪ੍ਰੋ. ਦਵਿੰਦਰ ਸਿੰਘ ਰਾਜਨੀਤੀ ਦਾ ਅਧਿਆਪਕ ਵੀ ਹੈ ਤੇ ਨਾਲ ਨਾਟਕ ਲੇਖਕ ਵੀ। ਫਿਰ ਕੰਵਲ ਨੂੰ ਸਾਡੀ ਸ਼ਨਾਖ਼ਤ ਦਾ ਚੇਤਾ ਆ ਗਿਆ। ਕਿਉਂਕਿ ਅਸਾਂ ਸਾਲ 2015 ਵਿਚ 'ਸ਼ਾਹ ਮੁਹੰਮਦ ਦੇ ਜੰਗਨਾਮੇ' ਉੱਤੇ ਕਰਵਾਏ ਸੈਮੀਨਾਰ ਵਿਚ ਜਸਵੰਤ ਸਿੰਘ ਕੰਵਲ ਨੂੰ ਮੁੱਖ-ਮਹਿਮਾਨ ਵਜੋਂ ਬੁਲਾਇਆ ਸੀ। ਉਮਰ ਦੇ ਨਾਲ ਸ਼ਾਇਦ ਉਨ੍ਹਾਂ ਦੇ ਚੇਤੇ ਦੀ ਸ਼ਕਤੀ ਕੁਝ ਘੱਟ ਹੋ ਗਈ ਲੱਗੀ। ਸਾਡੀ ਗੱਲ ਕੰਵਲ ਨੂੰ ਪੂਰੀ ਨਹੀਂ ਸੁਣਦੀ ਸੀ। ਸਾਡੇ ਆਉਂਦਿਆ ਹੀ ਭਾਵੇਂ ਕਿ ਉਨ੍ਹਾਂ ਦੇ ਬੇਟੇ ਸਰਬਜੀਤ ਸਿੰਘ ਨੇ ਉਨ੍ਹਾਂ ਦੇ ਕੰਨਾਂ ਵਿਚ ਸੁਣਨ ਲਈ ਮਸ਼ੀਨ ਲਗਾ ਦਿੱਤੀ ਸੀ। ਕੰਵਲ ਬੋਲ ਰਿਹਾ ਸੀ, 'ਮੈਂ ਪ੍ਰਕਾਸ਼ ਸਿੰਘ ਬਾਦਲ ਤੋਂ ਦੱਸ ਸਾਲ ਵੱਡਾ ਹਾਂ। ਉਹ ਵੀ ਇੱਥੇ ਬਹਿ ਕੇ ਗਿਆ ਹੈ। ਮੈਂ ਇਨ੍ਹਾਂ ਜਹੇ ਸਭ ਵੱਡੇ ਨੇਤਾਵਾਂ ਨੂੰ ਮੁੱਢ ਕਦੀਮ ਤੋਂ ਜਾਣਦਾ ਹਾਂ। ਪਰ ਕਿਸੇ ਨੂੰ ਪੰਜਾਬ ਦੀ ਚਿੰਤਾ ਨਹੀਂ ਹੈ'। ਕੰਵਲ ਦੇ ਬੋਲਾਂ ਵਿਚ ਗਰਜ ਵੀ ਸੀ ਤੇ ਵੰਗਾਰ ਵੀ। ਫਿਰ ਕੰਵਲ ਸਾਨੂੰ ਸਵਾਲ ਕੀਤਾ 'ਪੰਜਾਬ ਬਚੇਗਾ ਕਿ ਨਹੀਂ'? ਜਦ ਕੰਵਲ ਪੁੱਛ ਰਿਹਾ ਸੀ ਤਾਂ ਅਸੀਂ ਵੀ ਹੁੰਗਾਰਾ ਭਰ ਰਹੇ ਸੀ।



ਅਸੀਂ ਕਿਹਾ ਕਿ ਪੰਜਾਬ ਬਹੁਤ ਪਾਸਿਆਂ ਤੋਂ ਮਰ ਰਿਹਾ ਹੈ। ਖੇਤੀ ਮੰਦੇਹਾਲ ਵਿਚ ਹੈ। ਨੌਜਵਾਨਾਂ ਲਈ ਰੁਜ਼ਗਾਰ ਵੱਡੀ ਸਮੱਸਿਆ ਹੈ। ਹਰ ਨੌਜਵਾਨ ਪੰਜਾਬ ਵਿੱਚੋਂ ਭੱਜ ਜਾਣ ਦੀ ਸੋਚ ਰਿਹਾ ਹੈ। ਪੰਜਾਬ ਕਈ ਕੁਦਰਤੀ ਮਹਾਂ ਮਾਰੀਆਂ ਦੇ ਮੂੰਹ ਅੱਗੇ ਆ ਗਿਆ ਹੈ। ਕੰਵਲ ਦੀ ਸੁਣਨ ਸ਼ਕਤੀ ਘੱਟ ਹੋਣ ਦੇ ਬਾਵਜੂਦ ਬੋਲ ਦੀ ਬੜਕ ਜਿਉਂ ਦੀ ਤਿਉਂ ਹੈ। ਕੰਵਲ ਦਾ ਕਹਿਣਾ ਸੀ, 'ਕੁਝ ਕਰੋ। ਚੁੱਪ ਕਿਉਂ ਹੋ? ਕੋਈ ਕਨਵੈਨਸ਼ਨ ਸੱਦੋ। ਪੰਜਾਬ ਦੇ ਦਰਦਵੰਦ ਅਜੇ ਹੈਗੇ ਹਨ। ਪਰ ਸੰਘਰਸ਼ ਕੋਈ ਨਹੀਂ ਹੈ। ਲਹਿਰ ਕੋਈ ਨਹੀਂ ਹੈ। ਪੰਜਾਬ ਦੀ ਦਸ਼ਾ ਬਹੁਤ ਮਾੜੀ ਹੈ। ਪਰ ਦਿਸ਼ਾ ਕੋਈ ਨਹੀਂ ਹੈ। ਦਿਸ਼ਾ ਢੂੰਡੋ। ਬੁੱਧੀਜੀਵੀਆਂ ਦਾ ਕੋਈ ਇਕੱਠ ਕਰੋ। ਸਿਆਣਪ ਨਾਲ ਸਿਰ ਜੋੜ ਕੇ ਬੈਠੋ। ਕੋਈ ਤਾਂ ਰਾਹ ਨਜ਼ਰ ਆਵੇਗਾ'। ਉਹ ਵਾਰ-ਵਾਰ ਇਹ ਸ਼ੇਅਰ ਬੋਲ ਰਹੇ ਸਨ।

*ਜਬ ਮੈਂ ਗਿਆ ਤੋਂ ਰਾਸਤਾ ਨਾ ਥਾਂ,*
*ਜਬ ਤੁਮ ਆਏ ਤੋਂ ਮੰਜ਼ਿਲੇ ਲੇ ਆਏ।*

ਇਸ ਸ਼ੇਅਰ ਰਾਹੀਂ ਕੰਵਲ ਸ਼ਾਇਦ ਲੋਕ ਏਕੇ ਉੱਤੇ ਵਿਸ਼ਵਾਸ਼ ਦ੍ਰਿੜ ਕਰ ਰਿਹਾ ਸੀ। ਉਸ ਦੇ ਬੋਲਾਂ ਵਿੱਚੋਂ ਪੰਜਾਬ ਪ੍ਰਤੀ ਡੂੰਘੀ ਕਸਕ ਉੱਭਰ ਰਹੀ ਸੀ। ਇਹ ਚਿੰਤਾ ਵੈਸੇ ਸਾਨੂੰ ਸਮੂਹ ਪੰਜਾਬੀਆਂ ਤੇ ਸੋਚਵਾਨਾਂ ਨੂੰ ਹੋਣੀ ਚਾਹੀਦੀ ਹੈ। ਕਿਉਂਕਿ ਪੰਜਾਬ ਬਹੁਤ ਮਾੜੇ ਹਾਲਾਤ ਵਿੱਚੋਂ ਗੁਜ਼ਰ ਰਿਹਾ ਹੈ। ਮੈਂ ਵੀ ਕਿਹਾ 'ਤੁਸੀਂ ਤਾਂ ਆਪਣੇ ਵੇਲੇ ਪੂਰੀ ਵਾਹ ਲਾਈ ਹੈ। ਹੁਣ ਤਾਂ ਸਮੱਸਿਆਵਾਂ ਹੋਰ ਵੀ ਵਧ ਗਈਆਂ ਹਨ। ਵਾਤਾਵਰਣ ਦੂਸ਼ਿਤ ਹੋ ਗਿਆ ਹੈ। ਜ਼ਮੀਨੀ ਪਾਣੀ ਦਾ ਕਾਲ ਪੈਣ ਲੱਗਾ ਹੈ'। ਨਾਲ ਇਹ ਵੀ ਸੋਚ ਰਿਹਾ ਸੀ ਕਿ ਜਦ ਸਮੇਂ-ਸਮੇਂ ਵੱਖ-ਵੱਖ ਲਹਿਰਾਂ ਦਾ ਦਬਾਅ ਸੀ ਤਾਂ ਵੀ ਸਾਡਾ ਸਮਾਜ ਏਨੇ ਨਿਘਾਰ ਤਕ ਆ ਗਿਆ ਹੈ। ਹੁਣ ਤਾਂ ਸੰਘਰਸ਼ਾਂ ਦਾ ਜਲੌਅ ਹੀ ਕੋਈ ਨਹੀਂ ਹੈ। ਕਹਿਣ-ਸੁਣਨ ਵਾਲਾ ਕੋਈ ਰਿਹਾ ਹੀ ਨਹੀਂ ਹੈ। ਕਦੀ ਸਮਾਜ ਵਿਚ ਵਿਚਾਰਧਾਰਾਵਾਂ ਦਾ ਬੋਲਬਾਲਾ ਸੀ। ਕੰਵਲ ਉਨ੍ਹਾਂ ਦੇ ਮਗਰ ਖਲੋਤਾ ਸੀ। ਅੱਜ ਵਿਚਾਰਧਾਰਾ ਜਾਂ ਲਹਿਰ ਕੋਈ ਨਹੀਂ ਹੈ। ਕੰਵਲ ਇਕੱਲਾ ਖਲੋਤਾ ਹੈ। ਕੰਵਲ ਆਪਣੇ ਸਮੇਂ ਦੀਆਂ ਵਿਚਾਰਧਾਰਾਵਾਂ ਦਾ ਵੱਡਾ ਸਮਰਥਕ ਤੇ ਪ੍ਰਚਾਰਕ ਰਿਹਾ ਹੈ। ਉਂਜ ਕੰਵਲ ਕਰਕੇ ਲਹਿਰਾਂ ਨਹੀਂ ਸਨ। ਲਹਿਰਾਂ ਨਾਲ ਜੁੜਣ ਕਰਕੇ ਕੰਵਲ ਦੀ ਪ੍ਰਸਿੱਧੀ ਸੀ। ਉਸ ਦੀ ਸਾਹਿਤਕ ਦੇਣ ਦਾ ਵੱਡਾ ਮਹੱਤਵ ਹੈ। ਹੁਣ ਤਾਂ ਕੰਵਲ ਵਰਗੇ ਸਾਹਿਤਕਾਰਾਂ ਦਾ ਸੰਦੇਸ਼ ਜਾਂ ਹੋਕਾ ਵੀ ਮੱਧਮ ਪੈ ਗਿਆ ਹੈ। ਹਰ ਸਭਾ ਜਾਂ ਜੱਥੇਬੰਦੀ ਵਿਚ ਆਪਾਧਾਪੀ ਹੈ। ਹਰ ਥਾਂ 'ਉਤਰ ਕਾਟੋ ਤੇ ਚੜ੍ਹ ਕਾਟੋ' ਦੀ ਭਰਮਾਰ ਹੈ। ਅਜਿਹੇ ਸਮੇਂ ਹੁਣ ਬਣਨਾ ਕੀ ਹੈ? ਸਾਂਝੇ ਨਜ਼ਰੀਏ ਮੂਲੋਂ ਹੀ ਗਾਇਬ ਹਨ। ਨਿੱਜਵਾਦ ਨੇ ਬੰਦੇ ਨੂੰ ਬੰਦਾ ਹੀ ਨਹੀਂ ਰਹਿਣ ਦਿੱਤਾ। ਜੀਵਨ ਘਰਾਂ ਦੀ ਚਾਰਦਵਾਰੀ ਅੰਦਰ ਹੀ ਘੋਲ ਬਣ ਕੇ ਰਹਿ ਗਿਆ ਹੈ। ਬਾਹਰ ਕਿਸੇ ਪਾਸੇ ਆਸ ਦੀ ਸੁਖਾਂਵੀ ਕਿਰਨ ਕੋਈ ਨਹੀਂ ਹੈ। ਹੁਣ ਤਾਂ ਘੱਟ ਆਮਦਨ, ਪੱਛੜੀ ਆਰਥਿਕਤਾ ਤੇ ਰੁਜ਼ਗਾਰ ਸਮੱਸਿਆਵਾਂ ਦੇ ਨਾਲ-ਨਾਲ ਹੋਰ ਵੱਡੀਆਂ ਕੁਦਰਤੀ ਆਫ਼ਤਾ ਦਾ ਖਲਾਰਾ ਵੀ ਮੂੰਹ ਅੱਡੀ ਖੜ੍ਹਾ ਹੈ। ਇਹ ਕੰਵਲ ਲਈ ਹੋਰ ਵੀ ਚਿੰਤਾਜਨਕ ਸੀ ਕਿ ਪਹਿਲਾਂ ਸਾਡੀਆਂ ਵਿਚਾਰਧਾਰਾਵਾਂ ਦੀ ਨਿਰੰਤਰ ਹਾਰ ਹੋਈ ਹੈ ਅਤੇ ਹੁਣ ਮੈਦਾਨ ਹੀ ਖ਼ਾਲੀ ਹੈ। ਇਨ੍ਹਾਂ ਫ਼ਿਕਰਾਂ ਦਾ ਜ਼ਿਕਰ ਕਰਨ ਦੇ ਬਾਵਜੂਦ ਕੰਵਲ ਹਾਰਿਆ ਹੋਇਆ ਨਹੀਂ ਹੈ। ਉਨ੍ਹਾਂ ਮੁਤਾਬਕ 'ਅਸੀਂ ਰੋ-ਰੋ ਕੇ ਦਿਨ ਪੂਰੇ ਕਰੀ ਜਾਈਏ, ਇਹ ਵੀ ਲਾਹਨਤ ਹੈ। ਕੋਈ ਨਵਾਂ ਰਾਹ ਲੱਭੀਏ'।

ਅਸੀਂ ਕੰਵਲ ਦੀ ਸਾਹਿਤਕ ਦੇਣ ਸਬੰਧੀ ਕਾਲਜ ਵੱਲੋਂ 'ਸ਼ੋਭਾ-ਪੱਤਰ' ਲੈ ਕੇ ਗਏ ਸੀ, ਜਿਸ ਥੱਲੇ ਖ਼ਾਲਸਾ ਕਾਲਜ ਦੀ ਫੋਟੋ ਵੀ ਸੀ। ਕੰਵਲ ਨੇ ਸਨਮਾਨ ਪੱਤਰ ਬਿਨਾਂ ਐਨਕ ਤੋਂ ਪੜ੍ਹ ਲਿਆ। ਇਸ ਨੂੰ ਮੱਥੇ ਨਾਲ ਲਾਇਆ। ਨਾਲ ਸਾਨੂੰ ਹੱਲਾਸ਼ੇਰੀ ਦਿੱਤੀ। 'ਖ਼ਾਲਸਾ ਕਾਲਜ ਬਹੁਤ ਵੱਡੀ ਸੰਸਥਾ ਹੈ। ਇਹ ਕਾਲਜ ਨਾਮਵਰ ਪ੍ਰੋਫੈਸਰਾਂ ਤੇ ਬੁੱਧੀਜੀਵਿਆਂ ਦਾ ਗੜ੍ਹ ਰਿਹਾ ਹੈ। ਇੱਥੋਂ ਨਵੇਂ ਵਿਚਾਰ ਫੁੱਟਦੇ ਰਹੇ ਹਨ।

(ਚਲਦਾ)

## ਪ੍ਰਾਪਤ ਪੁਸਤਕਾਂ

1

| | | | |
|---|---|---|---|
| ਪੁਸਤਕ | : ਰਨੇਰਾ ਹੋਣ ਤੱਕ | | |
| ਲੇਖਕ | : ਨਰਿੰਜਨ ਤਸਨੀਮ | | |
| ਪੰਨੇ | : 159 | ਮੁੱਲ | : 175/- |
| ਪ੍ਰਕਾਸ਼ਕ | : ਲੋਕਗੀਤ ਪ੍ਰਕਾਸ਼ਨ, ਮੋਹਾਲੀ। | | |



2

| | | | |
|---|---|---|---|
| ਪੁਸਤਕ | : ਪਦਮਾ ਦਾ ਪੈਰ | | |
| ਲੇਖਕ | : ਪ੍ਰੇਮ ਪ੍ਰਕਾਸ਼ | | |
| ਪੰਨੇ | : 171 | ਮੁੱਲ | : 150/- |
| ਪ੍ਰਕਾਸ਼ਕ | : ਲੋਕਗੀਤ ਪ੍ਰਕਾਸ਼ਨ, ਮੋਹਾਲੀ। | | |



## ਗ਼ਜ਼ਲਾਂ

ਇਹ ਜਦ ਵੀ ਖਰਿਆਂ ਦੇ ਵਿਚ ਜਾ ਕੇ ਰਲ਼ ਦੇ ਨੇ।
ਖੋਟੇ ਸਿੱਕੇ ਖਰਿਆਂ ਵਾਂਗ ਹੀ ਚਲਦੇ ਨੇ।

ਉਹਨਾਂ ਵਿਚ ਵੀ ਖਿੱਚ ਉਡੀਕ ਦੀ ਹੁੰਦੀ ਹੈ,
ਰੋਜ਼ ਬਨੇਰੇ 'ਤੇ ਜੋ ਦੀਵੇ ਬਲ ਦੇ ਨੇ।

ਕੇਵਲ ਧੂੰਆਂ ਦੇਂਦੇ ਚਾਨਣ ਨਹੀਂ ਦੇਂਦੇ,
ਵੇਖ ਤਰੱਕੀ ਦੂਜੇ ਦੀ ਜੋ ਜਲ ਦੇ ਨੇ।

ਬਦਲ ਹੈ ਜਾਂਦੀ ਹੱਥ-ਰੇਖਾ ਉਹਨਾਂ ਦੀ ਜੋ,
ਗ਼ਲਤੀ ਦੇ ਪਛਤਾਵੇ ਲਈ ਹੱਥ ਮਲ਼ ਦੇ ਨੇ।

ਜਵਾਲਾ ਮੁਖੀ ਜੋ ਅੱਖਾਂ ਵਿੱਚੋਂ ਫੁੱਟਦਾ ਹੈ,
ਉਸ ਲਾਵੇ ਵਿਚ ਪੈ ਕੇ ਪੱਥਰ ਢਲ਼ ਦੇ ਨੇ।

ਸਿੱਧੇ ਲਾਉਣ ਦੀ ਥਾਂ ਜੋ ਪੁੱਠੇ ਲਾਏ, ਉਹ,
ਮੀਲ ਦੇ ਪੱਥਰ ਰਾਹੀਆਂ ਤਾਂਈ ਛਲ਼ ਦੇ ਨੇ।

ਜਿਸ ਨੂੰ ਸਵਾਂਤੀ ਬੂੰਦ ਦੀ ਚਾਹਤ ਨਹੀਂ ਹੁੰਦੀ,
ਉਸ ਸਿੱਪ 'ਚ ਮੋਤੀ ਕਦੇ ਨਾ ਪਲ਼ ਦੇ ਨੇ।

ਰੇਸ਼ਮ ਦੀ ਤੰਦ ਸਾਬਤ ਕਿਵੇਂ ਰਹੇ 'ਪੰਛੀ',
ਜਦ ਹੁਣ ਰਿਸ਼ਤੇ ਮੌਸਮ ਵਾਂਗ ਬਦਲ ਦੇ ਨੇ।



• ਸਰਦਾਰ ਪੰਛੀ

94170-91668

ਫੁੱਟਦੀ ਕੂੰਬਲ ਉੱਤੇ ਸਜਣਾਂ ਪੱਥਰ ਧਰਨਾ ਵਾਜਿਬ ਨਈਂ।
ਫੁੱਟਦੇ ਸਾਰ ਹੀ ਇਕ ਕੂੰਬਲ ਦਾ ਏਦਾਂ ਮਰਨਾ ਵਜਿਬ ਨਈਂ।

ਨਦੀਆਂ ਵੀ ਨੇ, ਦਰਿਆ ਵੀ ਨੇ, ਝੀਲਾਂ ਵੀ ਨੇ ਤਰਨ ਲਈ,
ਬਾਜ਼ਿਦ ਹੋ ਕੇ ਆਪਣਿਆਂ ਦੇ ਲਹੂ 'ਚ ਤਰਨਾ ਵਾਜਿਬ ਨਈਂ।

ਧਰਤੀ ਹੈ ਅਣਮੁੱਲੀ, ਫਿਰ ਵੀ ਲੱਖਾਂ ਲੋਕੀ ਬੇ ਘਰ ਨੇ,
ਡਾਢੇ ਹੋਣਾਂ, ਕਮਜ਼ੋਰਾਂ ਦਾ ਦਮ ਨਾ ਭਰਨਾ ਵਾਜਿਬ ਨਈਂ।

ਸੱਚੀਆਂ ਸਾਝਾਂ ਦੇ ਵਿਚ ਸਭ ਦੇ ਹੱਕ ਬਰਾਬਰ ਨੇ ਐ ਦਿਲ,
ਸੱਚੀਆਂ ਸੁੱਚੀਆਂ ਸਾਝਾਂ ਦੇ ਵਿਚ 'ਅਰਨਾ ਵਰਨਾ' ਵਾਜਿਬ ਨਈਂ।

ਬਲ ਤੋਂ ਹੀਣਾਂ, ਦਿਲ ਦਾ ਥੋੜ੍ਹਾ, ਡਰ ਜਾਵੇ ਤਾਂ ਗੱਲ ਵਖਰੀ,
ਬਲ ਬੁੱਧੀ ਦੇ ਹੁੰਦੇ ਸੁੰਦਿਆਂ ਜ਼ੁਲਮ ਨੂੰ ਜਰਨਾ, ਵਾਜਿਬ ਨਈਂ।

ਮੰਨਿਆਂ ਨਦੀਆਂ, ਝਰਨੇ, ਦਰਿਆ ਅੰਤ ਸਮੁੰਦਰ ਹੋਣੇ, ਪਰ,
ਵਕਤੋਂ ਪੀਹਲਾਂ ਇਸ ਹੋਣੀ ਤੋਂ ਏਦਾਂ ਡਰਨਾ, ਵਾਜਿਬ ਨਈਂ।

ਚਾਨਣ ਬਾਝੋਂ ਅਪਣਾਂ ਆਪ ਵੀ ਅੱਖੀਆਂ ਤਾਂਈਂ ਦਿੱਸੇ ਨਾ,
ਜਗਦਾ ਦੀਵਾ ਨ੍ਹੇਰੀ ਦੇ ਵਿਚ ਪੱਧਰੇ ਧਰਨਾ ਵਾਜਿਬ ਨਈਂ।

ਹੋਈਏ ਜਦ ਮਰਿਆਦਾ ਅੰਦਰ, ਭੁੱਲ ਕੇ ਵੀ ਇਹ ਭੁੱਲੀਏ ਨਾ,
ਅਫ਼ਸਰ ਅੱਗੇ ਕੱਛ 'ਚ ਪਗੜੀ, ਹੱਥ 'ਚ ਪਰਨਾ ਵਾਜਿਬ ਨਈਂ।

ਮੂਲ ਬਿਨਾਂ ਨਾ ਹੋਂਦ ਕਿਸੇ ਦੀ, ਹੋਂਦ ਬਿਨਾਂ ਨਾ ਹਸਤੀ 'ਦੀਪ',
ਹਸਤੀ ਦਾ ਹੰਕਾਰ, ਦਿਖਾਵਾ, ਦਾਅਵਾ ਕਰਨਾ ਵਾਜਿਬ ਨਈਂ।

• ਗੁਰਦੀਪ ਭਾਟੀਆ, 94648-89048

## ਮਿੰਨੀ ਕਹਾਣੀ

### ਗੁਨਾਹਗਾਰ



ਸਰਕਾਰੀ ਸਕੂਲ ਦੇ ਗਰਾਊਂਡ ਵਿਚ ਕੱਠੇ ਹੋਏ ਛੋਟੇ-ਛੋਟੇ ਗ਼ਰੀਬ ਬੱਚੇ ਨਵੇਂ ਬੂਟ ਤੇ ਕੱਪੜੇ ਮਿਲਣ ਦੀਆਂ ਆਪਣੇ ਬਾਲ ਮਨਾਂ ਨਾਲ ਕਿਆਸ ਅਰਾਈਆਂ ਲਗਾਉਂਦੇ ਖ਼ੁਸ਼ੀ 'ਚ ਚਹਿਕਦੇ ਪ੍ਰਿੰਸੀਪਲ ਕੋਲ ਖੜ੍ਹੇ ਸਮਾਜ ਸੇਵੀ ਤੇ ਉਸ ਦੇ ਪੁੱਤਰ ਵੱਲ ਬੜੀ ਉਮੀਦ ਨਾਲ ਦੇਖ ਰਹੇ ਸਨ। ਜਿਉਂ ਹੀ ਸਮਾਜ ਸੇਵੀ ਨੇ ਆਪਣੇ ਪੁੱਤਰ ਹੱਥੋਂ ਇਕ-ਇਕ ਸਸਤੀ ਜਿਹੀ ਕਾਪੀ ਗ਼ਰੀਬ ਬੱਚਿਆਂ ਵਿਚ ਵੰਡ ਦਿੱਤੀਆਂ ਤਾਂ ਬੱਚਿਆਂ ਦੇ ਚਿਹਰੇ 'ਤੇ ਪਲ ਭਰ ਪਹਿਲਾਂ ਆਈ ਖ਼ੁਸ਼ੀ ਕਿੱਧਰੇ ਕਫ਼ੂਰ ਹੋ ਗਈ। ਉਹ ਮੁਰਝਾਏ ਚਿਹਰੇ ਨਾਲ ਆਪਣੇ ਆਪ ਨੂੰ ਠਗਿਆ ਜਿਹਾ ਮਹਿਸੂਸ ਕਰਦੇ ਇਕ ਦੂਜੇ ਵੱਲ ਵੇਖਣ ਲੱਗੇ। ਫਿਰ ਸਮਾਜ ਸੇਵੀ ਤੇ ਉਸ ਦਾ ਪੁੱਤਰ ਬੱਚਿਆਂ ਨੂੰ ਆਪਣੇ ਅੱਗੇ ਬੈਠਾ ਕੇ ਨਾਲ ਲਿਆਂਦੇ ਫੋਟੋਗ੍ਰਾਫਰ ਤੋਂ ਵੱਖ-ਵੱਖ ਕੋਨਾਂ ਤੋਂ ਫੋਟੋਆ ਖਿਚਵਾਉਣ ਲੱਗੇ। ਜਦੋਂ ਤਕ ਸਮਾਜ ਸੇਵੀ ਨੇ ਫੋਟੋ ਫਾਇਨਲ ਨਾ ਕੀਤੀ ਕੈਮਰੇ ਦੀ ਫਲੈਸ਼ ਚਮਕਦੀ ਰਹੀ। ਹੱਡ ਚੀਰਵੀਂ ਠੰਢ 'ਚ ਠੁਰ-ਠੁਰ ਕਰਦੇ ਭੁੰਜੇ ਬੈਠੇ ਬੱਚੇ ਬੇਹਾਲ ਹੋ ਚੁੱਕੇ ਸਨ। ਅਗਲੇ ਦਿਨ ਅਖ਼ਬਾਰ ਦੇ ਲੋਕਲ ਸਫ਼ੇ 'ਤੇ ਸਮਾਜ ਸੇਵੀ ਤੇ ਉਸ ਦੇ ਪੁੱਤਰ ਦੀ ਖਿੜੇ ਚਿਹਰੇ ਨਾਲ ਲੱਗੀ ਵੱਡੀ ਫੋਟੋ ਨਾਲ ਛਪੀ ਖ਼ਬਰ ਦੀ ਸੁਰਖੀ ਸੀ 'ਫਲਾਣੇ ਸਮਾਜ ਸੇਵੀ ਨੇ ਆਪਣੇ ਪੁੱਤਰ ਦਾ ਜਨਮ ਦਿਨ ਗ਼ਰੀਬ, ਲੋੜਵੰਦ ਬੱਚਿਆਂ ਦੀ ਮਦਦ ਕਰ ਕੇ ਮਨਾਇਆ'। ਫੋਟੋ 'ਚ ਗ਼ਰੀਬ ਬੱਚੇ ਕਿਸੇ ਗੁਨਾਹਗਾਰ ਵਾਂਗ ਸਮਾਜ ਸੇਵੀ ਅਤੇ ਉਸ ਦੇ ਪੁੱਤਰ ਅੱਗੇ ਨੀਵੀਂ ਪਾਈ ਬੈਠੇ ਸਨ।

• ਨੀਲ ਕਮਲ ਰਾਣਾ, 98151-71874

## ਮਿੰਨੀ ਕਹਾਣੀ




• ਸੁਖਵਿੰਦਰ ਕੌਰ 'ਹਰਿਆਓ'

84274-05492

ਨਸੀਬ ਕੌਰ ਦਾ ਇੱਕਲਾ-ਇੱਕਲਾ ਪੁੱਤਰ ਤੇਜੀ ਜਦੋਂ ਤੋਂ ਗੱਭਰੂ ਹੋਇਆ, ਉਸ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਸ਼ਰਾਬ ਪੀ ਕੇ ਮਾਂ ਤੋਂ ਪੈਸੇ ਖੋਹ ਕੇ ਲੈ ਜਾਣਾ ਤੇ ਨਸ਼ਿਆਂ ਰਾਹੀਂ ਉਡਾ ਦੇਣਾ ਉਸ ਦਾ ਰੋਜ਼ ਦਾ ਕੰਮ ਹੋ ਗਿਆ ਸੀ। ਪੁੱਤਰ ਦੇ ਸੁਧਰਨ ਦੀ ਉਮੀਦ ਵਿਚ ਨਸੀਬ ਕੌਰ ਨੇ ਉਸ ਦਾ ਵਿਆਹ ਕਰ ਦਿੱਤਾ। ਹੁਣ ਨੂੰਹ ਕੋਲ ਤਿੰਨ ਕੁ ਮਹੀਨਿਆਂ ਦੀ ਛੋਟੀ ਜਿਹੀ ਬੱਚੀ ਸੀ। ਬਸ ਤੇਜੀ ਦੇ ਉਹੀ ਹਾਲ-ਹਿਲੇ ਸਨ। ਇਕ ਦਿਨ ਉਸ ਨੇ ਮਹਿੰਗੀ ਸ਼ਰਾਬ ਲਿਆਉਣ ਲਈ ਆਪਣੀ ਮਾਂ ਤੋਂ ਪੈਸੇ ਮੰਗੇ।

ਨਸੀਬ ਕੌਰ ਨੇ ਬਥੇਰਾ ਸਮਝਾਇਆ ਪਰ ਤੇਜੀ ਮਾਂ ਨੂੰ ਧੱਕਾ ਦੇ ਕੇ ਪੈਸੇ ਖੋਹ ਕੇ ਲੈ ਗਿਆ। ਉਸ ਦੀ ਨੂੰਹ ਨੇ ਨਸੀਬ ਕੌਰ ਨੂੰ ਉੱਠਾ ਕੇ ਮੰਜੇ 'ਤੇ ਬਿਠਾਇਆ ਤੇ ਰੋਂਦੀ ਦੇ ਹੰਝੂ ਪੂੰਝ ਕੇ ਗਲ ਨਾਲ ਲਾਇਆ। ਲੋਹੜੀ ਵਾਲੇ ਦਿਨ ਨਸੀਬ ਕੌਰ ਦੇ ਘਰੋਂ ਢੋਲ ਤੇ ਨੱਚਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਤੇਜੀ ਘਰ ਪਹੁੰਚਿਆ। 'ਬੇਬੇ ਆ ਕੀ ਆ? ਹੁਣੇ ਤਾਂ ਕੁੜੀ ਨੇ ਜਨਮ ਲਿਆ ਫਿਰ ਲੋਹੜੀ ਕਾਹਦੀ'! ਤੇਜੀ ਨੇ ਹੈਰਾਨ ਹੋ ਕੇ ਕਿਹਾ। 'ਲੋਹੜੀ ਤੇ ਖ਼ੁਸ਼ੀਆਂ ਤਾਂ ਪੁੱਤ ਮੈਂ ਤੇਰੇ ਜਨਮ 'ਤੇ ਵੀ ਬੜੀਆਂ ਮਨਾਈਆਂ ਸਨ। ਪਰ ਇਕ ਦਿਨ ਵੀ ਤੂੰ ਸੁੱਖ ਨਾ ਦੇਖਣ ਦਿੱਤਾ। ਤੇਰੇ ਨਾਲੋਂ ਆ ਬੇਗਾਨੀ ਧੀ ਚੰਗੀ ਏ, ਜਿਹੜੀ ਸਹਾਰਾ ਦਿੰਦੀ ਆ। ਇਹ ਤਾਂ ਫਿਰ ਵੀ ਮੇਰੀ ਆਪਣੀ ਪੋਤੀ ਏ। ਬਥੇਰਾ ਸੁੱਖ ਦੇਵੇਗੀ। ਤੇਰੇ ਵਰਗੇ ਨਾਲਾਇਕ ਪੁੱਤਾਂ ਨਾਲੋਂ ਧੀਆਂ ਸੌ ਗੁਣੀ ਚੰਗੀਆਂ, ਜਿਹੜੀਆਂ ਨਸ਼ੇ ਤੇ ਐਸ਼ਾਂ ਖਾਤਿਰ ਮਾਂਵਾਂ ਨੂੰ ਕੁੱਟ ਦੀਆਂ ਮਾਰਦੀਆਂ ਤਾਂ ਨਹੀਂ। ਰੱਬ ਨਾ ਕਰੇ ਕਿਸੇ ਮਾਂ ਦੀ ਕੁੱਖੋਂ ਤੇਰਾ ਜਿਹਾ ਤੇਜੀ ਜਨਮ ਲਵੇ। ਮੈਨੂੰ ਤਾਂ ਰੱਬ ਨੇ ਧੀ ਨਹੀਂ ਦਿੱਤੀ, ਮੇਰੇ ਨਾਲੋਂ ਤੂੰ ਕਿਸਮਤ ਵਾਲਾ ਐਂ ਕਿ ਤੇਰੇ ਘਰ ਕੋਈ ਤੇਜੀ ਨਹੀਂ ਜੰਮਿਆ। ਮੈਂ ਤਾਂ ਪੁੱਤਾਂ ਨਾਲੋਂ ਵਧ ਕੇ ਲੋਹੜੀ ਮਨਾਊਗੀ ਪੋਤੀ ਦੀ। ਧੀਆਂ ਤਾਂ ਸੁੱਖ ਦਾ ਸਿਰਨਾਵਾਂ ਹੁੰਦੀਆਂ ਨੇ', ਨਸੀਬ ਕੌਰ ਦੀਆਂ ਗੱਲਾਂ ਸੁਣ, ਤੇਜੀ ਨੀਵੀਂ ਪਾ ਕੇ ਪਰ੍ਹਾਂ ਨੂੰ ਤੁਰ ਗਿਆ। •

# ਪੰਜਾਬੀ ਸੱਭਿਆਚਾਰ ਦਾ ਚਿੰਤਨ

## ਸੰਧੂਰੀ ਅੰਬੀਆਂ

• ਜਸਵਿੰਦਰ ਦੂਹੜਾ

98723-36944




ਵਰਿੰਦਰ ਨਿਮਾਣਾ ਅਧਿਐਨ, ਅਧਿਆਪਨ ਤੇ ਸਿਰਜਣਾ ਨਾਲ ਪਿਛਲੇ ਕਾਫ਼ੀ ਸਮੇਂ ਤੋਂ ਜੁੜਿਆ ਹੋਇਆ ਹੈ। ਉਸ ਦੀਆਂ ਸਾਹਿਤਕ ਤੇ ਸੱਭਿਆਚਾਰਕ ਸਰਗਰਮੀਆਂ ਮਾਣ ਕਰਨ ਵਾਲੀਆਂ ਹਨ। ਉਹ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਪ੍ਰਤੀ ਸੁਹਿਰਦਤਾ ਨਾਲ ਲਿਖ ਰਿਹਾ ਹੈ। ਇਸ ਦੀ ਗਵਾਹੀ ਹੱਥਲੀ ਪੁਸਤਕ 'ਸੰਧੂਰੀ ਅੰਬੀਆਂ' ਭਰਦੀ ਹੈ। ਪੁਸਤਕ ਵਿਚ ਉਸ ਵੱਲੋਂ ਲਿਖੇ ਗਏ 18 ਵੰਨ-ਸੁਵੰਨੇ ਨਿਬੰਧ ਸ਼ਾਮਿਲ ਹਨ, ਇਨ੍ਹਾਂ ਨਿਬੰਧਾਂ ਵਿਚ ਉਸ ਨੇ ਪੰਜਾਬ ਦੀ ਲੋਕਧਾਰਾ ਨੂੰ ਵਿਸ਼ਾ ਵਸਤੂ ਬਣਾਇਆ ਹੈ। ਵਰਿੰਦਰ ਨਿਮਾਣਾ ਦੀ ਹੱਥਲੀ ਪੁਸਤਕ ਸਿਰਫ਼ ਲੋਕਧਾਰਾਈ ਸਮੱਗਰੀ ਸਾਂਭਣ ਦੇ ਉੱਦਮ ਤਕ ਸੀਮਤ ਨਹੀਂ ਸਗੋਂ ਇਕ ਵਿਚਾਰਧਾਰਕ ਚੇਤਨਾ ਉਜਾਗਰ ਕਰਨ ਦੀ ਕੋਸ਼ਿਸ਼ ਵੀ ਕਰਦੀ ਹੈ। ਕੁਦਰਤ ਵਿਚ ਰਮੀ ਹੋਈ ਪੰਜਾਬ ਦੀ ਸੱਭਿਆਚਾਰ ਰਹਿਤਲ 'ਤੇ ਵਿਸ਼ਵੀਕਰਨ ਨੇ ਜਿਹੋ-ਜਿਹੇ ਸੰਕਟ ਪੈਦਾ ਕਰ ਦਿੱਤੇ ਹਨ ਉਨ੍ਹਾਂ ਦਾ ਵਰਨਣ ਹੱਥਲੀ ਪੁਸਤਕ ਵਿਚ ਵਰਿੰਦਰ ਨਿਮਾਣਾ ਵੇ ਬੜੀ ਖ਼ੂਬਸੂਰਤੀ ਨਾਲ ਕੀਤਾ ਹੈ। ਪੁਸਤਕ ਦੇ ਨਿਬੰਧ ਜਿੱਥੇ ਪੰਜਾਬੀ ਸੱਭਿਆਚਾਰ ਦੀ ਬਾਤ ਪਾਉਂਦੇ ਹਨ ਉੱਥੇ ਹੀ ਪੰਜਾਬ ਦੇ ਪਿੰਡਾਂ ਇਤਿਹਾਸ ਤੇ ਸ਼ਖ਼ਸੀਅਤਾਂ ਦੇ ਕੰਮਾਂ ਦੀ ਕਥਾ ਵੀ ਕਰਦੇ ਹਨ। ਇਸ ਦੀ ਉਦਾਹਰਣ ਸਫ਼ਾ 69 ਤੇ ਨਿਬੰਧ 'ਗ਼ਦਰੀ ਯੋਧਿਆਂ ਤੇ ਸੁਤੰਤਰਤਾ ਸੰਗਰਾਮੀਆਂ ਦਾ ਪਿੰਡ ਕੋਟਲਾ ਨੌਧ ਸਿੰਘ' ਅਤੇ ਪੰਜਾਬ ਦੇ ਪਾਣੀਆਂ ਤੇ ਵਾਤਾਵਰਣ ਦੀ ਸੰਭਾਲ ਲਈ ਪ੍ਰੇਰਨਾ ਦਾ ਸਰੋਤ ਮਿਸ਼ਨ ਕਾਰ ਸੇਵਾ ਇਤਿਹਾਸਕ ਕਾਲੀ ਵੇਂਈਂ' ਹੈ। ਇਨ੍ਹਾਂ ਲੇਖਾਂ ਤੋਂ ਇਲਾਵਾ ਅੰਬੀਆਂ ਨੂੰ ਤਰਸੇਂਗੀ ਛੱਡਕੇ ਦੇਸ਼ ਦੋਆਬਾ, ਰੁੱਖਾਂ ਬਾਝ ਨਾ ਸੋਂਹਦੀ ਨਗਰੀ, ਭਾਵੇਂ ਲੱਖ ਹਵੇਲੀਆਂ ਖੜ੍ਹੀਆਂ, ਬਾਤਾਂ ਬਣ ਕੇ ਰਹਿ ਗਏ ਵਗਦੇ ਪਾਣੀ, ਮੇਰੇ ਭਿੱਜ ਗਏ ਵਰੀ ਦੇ ਲੀੜੇ, ਪੱਛੋਂ ਦੀਆਂ ਪੌਣ ਕਣੀਆਂ, ਸਾਡੇ ਤਾਂ ਵਿਹੜੇ ਮੁੱਛ ਮੱਕਈ ਦਾ, ਸੁਰਜਾ ਸੁਰਜਾ ਫੱਟੀ ਸੁਕਾ ਆਦਿ ਨਿਬੰਧ ਵਰਨਣ ਯੋਗ ਹਨ, ਜਿਨ੍ਹਾਂ ਵਿਚ ਪੰਜਾਬ ਦੇ ਵਿਸਰ ਰਹੇ ਸੱਭਿਆਚਾਰ ਨੂੰ ਯਾਦ ਕੀਤਾ ਗਿਆ ਹੈ। ਹੱਥਲੀ ਪੁਸਤਕ 'ਸੰਧੂਰੀ ਅੰਬੀਆਂ' ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਲੇਖਾਂ ਵਿਚ ਲੋੜ ਅਨੁਸਾਰ ਕਵਿਤਾਵਾਂ ਤੇ ਗੀਤ ਦੀ ਵਰਤੋਂ ਨਿਬੰਧਾਂ ਨੂੰ ਰੋਚਕ ਬਣਾਉਂਦੀ ਹੈ। ਇਸ ਦੇ ਨਾਲ ਹੀ ਦੂਜੀ ਖ਼ੂਬੀ ਭਾਸ਼ਾ ਦੀ ਹੈ। ਪੁਸਤਕ ਦੇ ਨਿਬੰਧਾਂ ਦੀ ਭਾਸ਼ਾ ਦੋਆਬੀ ਹੈ ਜੋ ਬਹੁਤ ਮਿੱਠੀ ਤੇ ਪਿਆਰੀ ਜਾਪਦੀ ਹੈ ਨਿਬੰਧਾਂ ਅਨੁਸਾਰ। ਵਰਿੰਦਰ ਨਿਮਾਣਾ ਨੇ ਆਪਣੇ 'ਸੰਧੂਰੀ ਅੰਬੀਆਂ' ਵਿਚ ਪੰਜਾਬ ਦੇ ਪਿੰਡਾਂ, ਰੁੱਤਾਂ, ਮੌਸਮਾਂ, ਭਗੋਲਿਕ ਸਥਿਤੀਆਂ ਅਤੇ ਲੋਕ ਜੀਵਣ ਦਾ ਜ਼ਿਕਰ ਕਰਦਿਆਂ ਪੰਜਾਬੀਅਤ ਦੀ ਕਿਰਤੀ ਜਮਾਤ ਤੇ ਸੱਭਿਆਚਾਰ ਦੀ ਪਛਾਣ ਦੇ ਨਕਸ਼ ਚਿਤਰਣ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਦੀਆਂ ਭਗੋਲਿਕ ਤਬਦੀਲੀਆਂ ਵਿੱਚੋਂ ਇੱਥੇ ਵਸਦੇ ਲੋਕਾਂ ਦੀ ਸਖ਼ਤ ਮਿਹਨਤ ਤੇ ਸੰਘਰਸ਼ ਦਾ ਵਰਨਣ ਕਰਦਾ ਹੋਇਆ ਵਰਿੰਦਰ ਪੰਜਾਬ ਦੀਆਂ ਛੱਲੀਆਂ, ਤੀਆਂ ਦੇ ਮੇਲੇ, ਖ਼ੂਹਾਂ, ਟੋਬਿਆਂ, ਨਲਕਿਆਂ, ਸਕੂਲਾਂ, ਰੁੱਖਾਂ ਤੇ ਦੋਆਬੇ ਦੇ ਅੰਬਾਂ ਆਦਿ ਨੂੰ ਆਪਣੇ ਨਿਬੰਧਾਂ ਦਾ ਵਿਸ਼ਾ ਬਣਾਉਂਦਾ ਹੋਇਆ ਇਨ੍ਹਾਂ ਬਾਰੇ ਵਿਸਥਾਰ ਪੂਰਬਕ ਚਰਚਾ ਕਰਦਾ ਹੈ। ਪੰਜਾਬੀ ਸੱਭਿਆਚਾਰ ਤੇ ਲੋਕ ਜੀਵਨ ਦੀ ਬਾਤ ਪਾਉਂਦੀ ਪੁਸਤਕ 'ਸੰਧੂਰੀ ਅੰਬੀਆਂ' ਦੇ ਅਧਿਐਨ ਤੋਂ ਬਾਅਦ ਕਹਿ ਸਕਦੇ ਹਾਂ ਕਿ ਪੁਸਤਕ ਪੜ੍ਹਨਯੋਗ ਹੈ। •

# ਪਾਪਾ ਨੂੰ ਚਿੱਠੀ




• ਲੱਖਾ ਧੀਮਾਨ

90417-36550

ਪਾਪਾ ਜੀ, ਉਸ ਦਿਨ ਜਦੋਂ ਤੁਸੀ ਘਰੋਂ ਗਏ ਤਾਂ ਮੈਨੂੰ ਸਕੂਲੋਂ ਜਲਦੀ ਛੁੱਟੀ ਕਰਵਾ ਕੇ ਚਾਚਾ ਜੀ ਦੇ ਘਰ ਹੀ ਰੱਖਿਆ ਗਿਆ। ਸ਼ਾਮ ਹੋਈ ਤਾਂ ਮੈਨੂੰ ਮਾਮੇ ਆਪਣੇ ਨਾਲ ਲੈ ਗਏ ਤੇ ਉਨ੍ਹਾਂ ਆਪਣੇ ਕੋਲ ਹੀ ਰੱਖਿਆ ਦਸ-ਬਾਰਾਂ ਦਿਨਾਂ ਬਾਅਦ ਜਦੋਂ ਮੈਂ ਆ ਕੇ ਦੇਖਿਆਂ ਸਾਰੇ ਚੁੱਪ-ਚੁੱਪ ਅੱਖਾਂ ਵਿੱਚ ਹੰਝੂ ਲੈ ਕੇ ਤੁਰੇ ਫਿਰਦੇ ਸਨ, ਮੈਂ ਸਭ ਨੂੰ ਮਿਲਿਆ ਵੱਡੇ ਪਾਪਾ ਨੂੰ ਵੱਡੇ ਮੰਮਾਂ ਨੂੰ ਛੋਟੇ ਮੰਮਾਂ ਨੂੰ ਦੀਦੀ ਨੂੰ ਪਰ ਤੁਸੀਂ ਮੈਨੂੰ ਕਿਤੇ ਵੀ ਨਹੀਂ ਮਿਲੇ, ਮੈਂ ਸਭ ਨੂੰ ਤੁਹਾਡੇ ਬਾਰੇ ਪੁੱਛਿਆ ਪਰ ਕਿਸੇ ਨੇ ਕੋਈ ਜਵਾਬ ਨਾ ਦਿੱਤਾ।

ਮੈਂ ਤੁਹਾਨੂੰ ਉਸ ਹਰ ਜਗ੍ਹਾ 'ਤੇ ਲੱਭਿਆ ਜਿੱਥੇ ਤੁਸੀ ਮੇਰੇ ਆਉਣ 'ਤੇ ਲੁਕ ਜਾਂਦੇ ਸੀ ਪਰ ਤੁਸੀ ਕਿਤੇ ਨਾ ਮਿਲੇ। ਮੇਰੇ ਵਾਰ-ਵਾਰ ਪੁੱਛਣ 'ਤੇ ਵੀ ਤੁਹਾਡੇ ਬਾਰੇ ਕੋਈ ਨਹੀਂ ਦੱਸਦਾ ਕਿ ਤੁਸੀ ਕਿੱਥੇ ਚਲੇ ਗਏ ਹੋ, ਸਾਰੇ ਕਹਿੰਦੇ ਨੇ ਉਹ ਤੇਰੇ ਲਈ ਬਹੁਤ ਸਾਰੇ ਖਿਡੌਣੇ ਲੈਣ ਲਈ ਗਏ ਨੇ ਵੱਡੀ ਦੀਦੀ ਲਈ ਨਵੇਂ ਸੂਟ ਕੰਪਿਊਟਰ, ਵੱਡੇ ਪਾਪਾ, ਵੱਡੇ ਮੰਮਾਂ ਲਈ ਨਵੀਂ ਸਕੂਟਰੀ ਆਉਣ ਜਾਣ ਲਈ, ਸਾਰਿਆਂ ਲਈ ਖ਼ੁਸ਼ੀਆਂ ਲੈਣ ਲਈ ਗਏ ਹੋ। ਪਰ ਮੈਨੂੰ ਇਹ ਨਹੀਂ ਸਮਝ ਲੱਗ ਰਹੀ ਕਿ ਤੁਸੀਂ ਸਾਰਿਆਂ ਲਈ ਖ਼ੁਸ਼ੀਆਂ ਖਰੀਦਣ ਲਏ ਗਏ ਹੋ ਪਰ ਸਾਰੇ ਤੁਹਾਡੇ ਜਾਣ ਤੋਂ ਬਾਅਦ ਬਹੁਤ ਉਦਾਸ ਹੋ ਗਏ ਹਨ।

'ਹਰਮਨ ਜੇਕਰ ਮੈਂ ਕਿਤੇ ਚਲਾ ਜਾਵਾਂਗਾ ਤਾਂ ਕੀ ਤੂੰ ਮੇਰੇ ਬਿੰਨ੍ਹ ਸਾਰ ਲਵੇਂਗਾ'?

'ਨਹੀਂ ਡੈਡੀ ਜੀ, ਮੈਂ ਤੁਹਾਡੇ ਬਿੰਨਾਂ ਨਹੀਂ ਸਾਰ ਸਕਦਾ, ਮੈਨੂੰ ਤੁਹਾਡੇ ਬਿੰਨਾਂ ਰਾਤ ਨੂੰ ਕਿਸ ਨਾਲ ਸੌਂਵਾਂਗਾ, ਮੈਨੂੰ ਘੋੜਾ ਬਣ ਕੇ ਕੌਣ ਝੂਟੇ ਦੇਵੇਗਾ, ਮੈਨੂੰ ਕੌਣ ਚੀਜ਼ੀ ਲਿਆ ਕੇ ਦਊ, ਕੌਣ ਮੈਨੂੰ ਸਾਈਕਲ ਲਿਆ ਕੇ ਦਊ। ਤੁਹਾਡੇ ਜਿੰਨਾਂ ਮੈਨੂੰ ਕੌਣ ਪਿਆਰ ਕਰੂ, ਮੈਂ ਨਹੀ ਤੁਹਾਡੇ ਬਿਨਾਂ ਰਹਿ ਸਕਦਾ ਤੁਸੀ ਜਿੱਥੇ ਜਾਓਗੇ ਮੈਨੂੰ ਨਾਲ ਹੀ ਲੈ ਜਾਣਾ'।

'ਪੁੱਤ ਇਹ ਸਾਰੀਆਂ ਚੀਜ਼ਾਂ ਤਾਂ ਤੈਨੂੰ ਹੋਰ ਸਾਰੇ ਲਿਆ ਦੇਣਗੇ ਝੂਟੇ ਵੱਡੇ ਪਾਪਾ ਦੇ ਦਿਆ ਕਰਨਗੇ, ਤੇਰੇ ਤਾਇਆ ਜੀ ਕੁਲਫ਼ੀ ਲਿਆ ਦੇਣਗੇ ਤੇ ਤੇਰਾ ਮਾਮੇ ਜੀ ਤੈਨੂੰ ਖਿਡੌਣੇ, ਸਾਈਕਲ ਲਿਆ ਦਿਆ ਕਰਨਗੇ'।

ਇਹ ਸਾਰੀਆਂ ਗੱਲਾਂ ਮੈਨੂੰ ਉਸੇ ਤਰ੍ਹਾਂ ਯਾਦ ਹਨ ਜੋ ਤੁਸੀ ਇਹ ਜਾਣ ਤੋਂ ਦੋ ਦਿਨ ਪਹਿਲਾਂ ਹੀ ਮੇਰੇ ਨਾਲ ਕੀਤੀ ਸੀ, ਦੇਖੋ ਮੇਰੀ ਯਾਦਦਾਸ਼ਤ ਕਿੰਨੀ ਤੇਜ਼ ਹੈ ਫਿਰ ਮੰਮਾਂ ਪਤਾ ਨਹੀ ਕਿਉਂ ਕਹਿੰਦੇ ਰਹਿੰਦੇ ਨੇ ਕਿ ਤੈਨੂੰ ਸ਼ਹਿਰ ਦੇ ਸਕੂਲ ਵਿੱਚੋਂ ਕੱਢ ਕੇ ਪਿੰਡ ਦੇ ਸਕੂਲ ਵਿਚ ਦਾਖ਼ਲ ਕਰਵਾ ਦੇਣਾ ਹੈ।

ਜਦੋਂ ਮੈਂ ਵੱਡੇ ਪਾਪਾ ਨੂੰ ਰਾਤ ਨੂੰ ਝੂਟੇ ਦੇਣ ਲਈ ਕਹਿੰਨਾ ਤਾਂ ਉਹ ਜਵਾਬ ਦੇ ਦਿੰਦੇ ਨੇ ਪਰ ਇਕ ਦਿਨ ਪਤਾ ਨਹੀ ਕੀ ਹੋਇਆ ਉਨ੍ਹਾਂ ਨੇ ਮੈਨੂੰ ਬਹੁਤ ਝੂਟੇ ਦਿੱਤੇ ਉਸ ਦਿਨ ਉਹ ਖੇਤੋਂ ਬਹੁਤ ਥੱਕੇ ਹੋਏ ਆਏ ਸਨ ਉਨ੍ਹਾਂ ਦੇ ਕੱਪੜੇ ਪੂਰੇ ਗੰਦੇ ਹੋਏ ਪਏ ਸਨ। ਉਨ੍ਹਾਂ ਆਉਂਦਿਆਂ ਹੀ ਅੰਦਰੋਂ ਇਕ ਛੋਟਾ ਜਿਹਾ ਰੱਸਾ ਚੁੱਕਿਆ ਅਤੇ ਵਿਹੜੇ ਵਿਚ ਰੱਖ ਕੇ ਅੱਗ ਲਗਾ ਕੇ ਖ਼ਤਮ ਕਰ ਦਿੱਤਾ, ਉਸ ਦਿਨ ਉਨ੍ਹਾਂ ਸਾਰਿਆਂ ਨੂੰ ਸੁਣਾ ਕੇ ਕਿਹਾ, 'ਹਰਮਨ ਮੈਂ ਅੱਜ ਬਹੁਤ ਵੱਡਾ ਬੋਝ ਮਨ ਤੋਂ ਲਾਹ ਆਇਆ ਹਾਂ ਅੱਜ ਮੈਂ ਆਪਣੇ ਖੇਤ ਵਾਲੀ ਟਾਹਲੀ ਆਪਣੇ ਹੱਥੀ ਵੱਢ ਕੇ ਗੁਰਦੁਆਰੇ ਪੁੰਨ ਕਰ ਕੇ ਆਇਆ, ਆਜਾ ਚੜ੍ਹ ਮੇਰੀ ਘਨੇੜ੍ਹੀ ਲੈ ਝੂਟੇ ਜਿੰਨੇ ਮਰਜ਼ੀ'।

ਹਾਂ ਸੱਚ ਦੀਦੀ ਨੇ ਤੁਹਾਡੇ ਜਾਣ ਤੋਂ ਬਾਅਦ ਪੜ੍ਹਾਈ ਵਿੱਚੋਂ ਛੱਡ ਦਿੱਤੀ ਸੀ। ਇਕ ਦਿਨ ਦੀਦੀ ਦੇ ਸਕੂਲ ਦੇ ਸਰ ਆਏ ਤੇ ਕਹਿਣ ਲੱਗੇ, 'ਬੇਟਾ ਅੱਜ ਤੂੰ ਸਕੂਲ ਦੀ ਦਸਵੀ ਕਲਾਸ ਦੀ ਜ਼ਿਲ੍ਹੇ ਦੀ ਟੌਪਰ ਹੈ, ਤੈਨੂੰ ਸਕੂਲ ਵੱਲੋਂ ਸਾਰੀ ਫ਼ੀਸ ਮਾਫ਼ ਹੋਵੇਗੀ ਤੂੰ ਚੱਲ ਸਕੂਲ ਸਾਡੇ ਨਾਲ'।

ਦੀਦੀ ਨੇ ਕੋਈ ਜਵਾਬ ਨਾ ਦਿੱਤਾ। ਫਿਰ ਸਰ ਨੇ ਵੱਡੇ ਪਾਪਾ ਨੂੰ ਕਿਹਾ, 'ਬਾਬਾ ਜੀ, ਤੁਸੀਂ ਸਮਝਾਓ ਇਸ ਨੂੰ, ਤੁਸੀ ਸਕੂਲ ਭੇਜ ਦਿਆ ਕਰੋਂ'। 'ਪੁੱਤ ਮੈਂ ਕੀ ਕਹਿਣਾ, ਮੈਂ ਤਾਂ ਆਪ ਕਹਿਣਾ ਕੇ ਪੜ੍ਹੇ, ਪਰ ਇਸ ਦੀ ਮਰਜ਼ੀ ਹੈ, ਮੈਂ ਕੁਝ ਨਹੀ ਕਹਿ ਸਕਦਾ'।

ਦੀਦੀ ਬਿਨਾਂ ਕੁਝ ਬੋਲੇ ਹੀ ਰੋਂਦੀ-ਰੋਂਦੀ ਅੰਦਰ ਚਲੀ ਗਈ। ਸਰ ਵੀ ਚਲੇ ਗਏ, ਮੇਰੇ ਪੁੱਛਣ 'ਤੇ ਦੀਦੀ ਨੇ ਸਿਰਫ਼ ਇੰਨਾਂ ਹੀ ਕਿਹਾ ਕਿ 'ਜਦੋਂ ਤੂੰ ਵੱਡਾ ਹੋ ਜਾਵਾਂਗੇ ਤਾਂ ਸਾਰੀ ਗੱਲ ਆਪੇ ਸਮਝ ਆ ਜਾਊ'। ਪਰ ਮੈਨੂੰ ਕੋਈ ਸਮਝ ਨਹੀ ਲੱਗੀ ਇਸ ਗੱਲ ਦੀ। ਹੁਣ ਦੀਦੀ ਸਾਰਾ ਦਿਨ ਮੰਮੀ ਨਾਲ ਲੋਕਾਂ ਦੇ ਸੂਟਾਂ ਦੀ ਸਲਾਈ ਕਰਵਾਉਂਦੀ ਰਹਿੰਦੀ ਹੈ ਅਤੇ ਸ਼ਾਮ ਨੂੰ ਟਿਊਸ਼ਨ ਵੀ ਪੜ੍ਹਾਉਂਦੀ ਹੈ।

ਵੱਡੇ ਮੰਮਾਂ ਦੇ ਅੱਖਾਂ ਵਿਚ ਸਾਰਾ ਦਿਨ ਹੰਝੂ ਵੱਗਦੇ ਰਹਿੰਦੇ ਨੇ, ਮੇਰੇ ਪੁੱਛਣ 'ਤੇ ਕਹਿੰਦੇ ਨੇ, 'ਇਹ ਹੰਝੂ ਨਹੀਂ ਹਰਮਨ ਪੁੱਤ ਇਹ ਬਿਮਾਰੀ ਹੈ, ਜਿਹੜੀ ਸਿਰਫ਼ ਇਕ ਮਾਂ ਨੂੰ ਹੀ ਹੁੰਦੀ ਹੈ, ਸਿਰਫ਼ ਉਸ ਦੇ ਪੁੱਤ ਕਰਕੇ ਜਿਸ ਦਾ ਕੋਈ ਇਲਾਜ ਨਹੀਂ'। ਪਰ ਮੇਰੇ ਸਕੂਲ ਵਾਲੇ ਸਾਇੰਸ ਵਾਲੇ ਸਰ ਕਹਿੰਦੇ ਹਨ ਕਿ ਅੱਖਾਂ ਦੀ ਹਰ ਬਿਮਾਰੀ ਦਾ ਇਲਾਜ ਸਾਇੰਸ ਨੇ ਲੱਭ ਲਿਆ ਹੈ ਪਰ ਫਿਰ ਮੈਨੂੰ ਵੱਡੇ ਮੰਮਾਂ ਦੀ ਬਿਮਾਰੀ ਦਾ ਇਲਾਜ ਕੋਈ ਨਹੀ ਹੈ ਕਹਿਣਾ ਸਮਝ ਨਹੀ ਲੱਗਦਾ।

ਇਕ ਦਿਨ ਗੁਰਦੁਆਰੇ ਦੇ ਸਪੀਕਰ ਵਿਚ ਬਾਬਾ ਜੀ ਸਵੇਰੇ ਹੀ ਬੋਲੇ ਕਿ ਖ਼ੁਦਕੁਸ਼ੀ ਪੀੜ੍ਹਤ ਪਰਿਵਾਰ ਸਾਰੇ ਅੱਜ ਡੀਸੀ ਦੇ ਦਫ਼ਤਰ ਅੱਗੇ ਆਪਣਾ ਕਰਜ਼ਾ ਮਾਫ਼ ਕਰਨ ਲਈ ਅਤੇ ਖ਼ੁਦਕੁਸ਼ੀ ਮੁਆਵਜ਼ਾ ਲੈਣ ਲਈ ਧਾਰਨਾ ਲਗਾ ਰਹੇ ਹਨ। ਇਸ ਲਈ ਸਾਰੇ ਪੀੜ੍ਹਤ ਪਰਿਵਾਰ ਉੱਥੇ ਪਹੁੰਚੋ। ਵੱਡੇ ਪਾਪਾ ਅਕਸਰ ਤੁਹਾਡੀ ਵੱਡੀ ਫਰੇਮ ਕੀਤੀ ਫੋਟੋ ਅਤੇ ਇਕ ਫਾਇਲ ਲੈ ਕੇ ਅਕਸਰ ਅਜਿਹਾ ਹੋਕਾ ਸੁਣ ਕੇ ਸ਼ਹਿਰ ਜਾਂਦੇ ਰਹਿੰਦੇ ਹਨ ਉਸ ਦਿਨ ਵੱਡੇ ਪਾਪਾ ਦੀਦੀ ਨੂੰ ਵੀ ਸ਼ਹਿਰ ਆਪਣੇ ਨਾਲ ਹੀ ਲੈ ਗਏ ਸਨ।

ਵੱਡੇ ਪਾਪਾ ਤੇ ਦੀਦੀ ਸ਼ਹਿਰ ਚਲੇ ਗਏ ਵੱਡੇ ਮੰਮਾਂ ਅੰਦਰ ਹੀ ਰਹਿੰਦੇ ਹਨ, ਮੈਂ ਬਾਹਰ ਖੇਡ ਰਿਹਾ ਸੀ ਤਾਇਆ ਜੀ ਵਾਰ-ਵਾਰ ਘਰ ਆਏ ਪਰ ਮੁੜ ਜਾਂਦੇ ਫਿਰ ਉਹ ਮੈਨੂੰ ਸਿਰਫ਼ ਉਸ ਦਿਨ ਹੀ ਚੀਜ਼ੀ ਲੈਣ ਲਈ ਪੈਸੇ ਦੇ ਕੇ ਦੁਕਾਨ ਤੇ ਜਾਣ ਲਈ ਕਹਿਣ ਲੱਗੇ, ਮੈਂ ਚਲਾ ਗਿਆ ਜਦੋਂ ਮੈਂ ਵਾਪਿਸ ਆਇਆ ਤਾਂ ਉਹ ਮੰਮਾਂ ਨਾਲ ਗੁੱਸੇ ਹੋ ਰਹੇ ਸਨ ਉਹ ਮੰਮਾਂ ਦੀ ਚੁੰਨੀ ਖਿੱਚ ਰਹੇ ਸਨ ਮੰਮਾਂ ਦੀ ਚਿੱਟੀ ਚੁੰਨੀ ਨਾਲੀ ਵਿਚ ਵਿਚ ਡਿੱਗ ਕੇ ਗੰਦੀ ਹੁੰਦੀ-ਹੁੰਦੀ ਮੰਮਾਂ ਨੇ ਮਸਾਂ ਬਚਾਈ। ਮੇਰੇ ਆਉਣ 'ਤੇ ਤਾਇਆ ਜੀ ਗੁੱਸੇ ਹੁੰਦੇ ਹੋਏ ਚਲੇ ਗਏ ਪਰ ਮੁੜ ਕਦੇ ਵਾਪਿਸ ਨਾ ਆਏ। ਮੰਮਾਂ ਨੇ ਵੀ ਉਹ ਮੇਰੀ ਲਿਆਂਦੀ ਚੀਜ਼ੀ ਖੋਹ ਕੇ ਨਾਲੀ ਵਿਚ ਸੁੱਟ ਦਿੱਤੀ ਤੇ ਰੋਂਦੇ ਹੋਏ ਅੱਗੇ ਤੋਂ ਵੀ ਚੀਜ਼ੀ ਲਈ ਪੈਸੇ ਲੈਣ ਤੋਂ ਮਨ੍ਹਾਂ ਕਰ ਦਿੱਤਾ।

ਮਾਮਾ ਜੀ ਨੇ ਹੁਣ ਨਵੀਂ ਕਾਰ ਲੈ ਲਈ ਹੈ ਪਰ ਉਨ੍ਹਾਂ ਮੈਨੂੰ ਸਾਈਕਲ ਨਹੀ ਲਿਆ ਕੇ ਦਿੱਤਾ, ਮੈਂ ਉਨ੍ਹਾਂ ਤੋਂ ਜਦੋਂ ਸਾਈਕਲ ਮੰਗਦਾਂ ਹਾਂ ਤਾਂ ਉਹ ਮੈਨੂੰ ਕਹਿ ਦਿੰਦੇ ਨੇ ਕਿ ਜਦੋਂ ਅਗਲੀ ਵਾਰ ਆਊਂਗਾ ਤਾਂ ਜ਼ਰੂਰ ਲਿਆ ਕੇ ਦਊਂ ਪਰ ਉਹ ਮੁੜ ਕੇ ਆਉਂਦੇ ਹੀ ਨਹੀ। ਮੇਰੇ ਸਾਰੇ ਦੋਸਤਾਂ ਕੋਲ ਸਾਈਕਲ ਹੈ ਫਿਰ ਹੁਣ ਤੁਸੀਂ ਦੱਸੋ ਮੈਂ ਕਿਸ ਤੋਂ ਸਾਈਕਲ ਮੰਗਾਂ?

ਮੇਰਾ ਦੋਸਤ ਹਰਜੀਤ ਜੋ ਮੇਰੇ ਨਾਲ ਹੀ ਪੜ੍ਹਦਾ ਹੈ ਮੈਂ ਕਦੇ-ਕਦੇ ਉਸ ਦੇ ਘਰ ਚਲਾ ਜਾਂਦਾ ਹਾਂ। ਉਹ ਮੇਰਾ ਪੱਕਾ ਦੋਸਤ ਹੈ, ਉਸ ਦੇ ਡੈਡੀ ਵੀ ਉਨ੍ਹਾਂ ਦੇ ਨਾਲ ਨਹੀ ਰਹਿੰਦੇ। ਉਸ ਦੇ ਮੰਮਾਂ ਬਹੁਤ ਚੰਗੇ ਨੇ, ਉਸ ਕੋਲ ਬਹੁਤ ਸਾਰੇ ਖਿਡੌਣੇ ਵੀ ਹਨ। ਉਹ ਮੈਨੂੰ ਵੀ ਖੇਡਣ ਨੂੰ ਦੇ ਦਿੰਦਾ ਹੈ। ਪਰ ਹੁਣ ਮੇਰਾ ਉਹ ਦੋਸਤ ਵੀ ਮੇਰਾ ਨਹੀ ਰਹਿਣਾ ਕਿਉਂਕਿ ਹੁਣ ਮੰਮਾਂ ਕਹਿੰਦੇ ਸੀ ਮੈਨੂੰ ਛੇਵੀ ਵਿਚ ਪਿੰਡ ਵਾਲੇ ਸਕੂਲ ਵਿਚ ਦਾਖ਼ਲਾ ਕਰਵਾ ਦੇਣਾ ਹੈ। ਉਸ ਦੇ ਮੰਮਾਂ ਬਹੁਤ ਚੰਗੇ ਨੇ ਉਨ੍ਹਾਂ ਨੇ ਹੀ ਮੈਨੂੰ ਤੁਹਾਡੇ ਬਾਰੇ ਦੱਸਿਆ ਕਿ ਉਸ ਦੇ ਡੈਡੀ ਦੁਬਈ ਗਏ ਹੋਏ ਹਨ ਤੇ ਤੁਸੀ ਰੱਬ ਦੇ ਘਰ ਚਲੇ ਗਏ ਹੋ। ਮੇਰਾ ਦੋਸਤ ਆਪਣੇ ਡੈਡੀ ਨਾਲ ਫੋਨ 'ਤੇ ਗੱਲ ਕਰਦਾ ਰਹਿੰਦਾ ਹੈ ਪਰ ਮੇਰੇ ਕੋਲ ਤੁਹਾਡਾ ਨੰਬਰ ਨਹੀ, ਇਸ ਲਈ ਤੁਹਾਨੂੰ ਚਿੱਠੀ ਲਿਖ ਰਿਹਾਂ ਹਾਂ...।

ਇਹ ਚਿੱਠੀ ਲਿਖ ਕੇ ਮੈਂ ਗੁਰਦੁਆਰਾ ਸਾਹਿਬ ਦੀ ਗੋਲਕ ਵਿਚ ਪਾ ਦੇਣੀ ਹੈ। ਕਿਉਂਕਿ ਵੱਡੇ ਪਾਪਾ ਕਹਿੰਦੇ ਹੁੰਦੇ ਨੇ ਕਿ ਗੋਲਕ ਵਿਚ ਪਾਏ ਪੈਸੇ ਰੱਬ ਘਰ ਜਾਂਦੇ ਹਨ, ਇਸ ਲਈ ਇਹ ਚਿੱਠੀ ਵੀ ਰੱਬ ਘਰ ਤੁਹਾਡੇ ਤਕ ਜ਼ਰੂਰ ਪਹੁੰਚ ਜਾਵੇਗੀ। ਤੁਸੀਂ ਇਹ ਚਿੱਠੀ ਮਿਲਦੇ ਹੀ ਆ ਜਾਣਾ । ਮੈਨੂੰ ਕੋਈ ਸਾਈਕਲ ਨਹੀ ਚਾਹੀਦਾ ਮੈਨੂੰ ਸਿਰਫ਼ ਤੁਸੀ ਚਾਹੀਦੇ ਹੋ, ਝੂਟੇ ਮਾਟੇ ਲੈਣ ਲਈ। ਤੁਹਾਡਾ ਪਿਆਰਾ ਪੁੱਤਰ - ਹਰਮਨ। •

# ਸਖਤ ਸੁਰੱਖਿਆ ਵਿਚਾਲੇ ਚੁਣਿਆ ਜਾਵੇਗਾ ਜਲੰਧਰ ਸ਼ਹਿਰ ਦਾ 7ਵਾਂ ਮੇਅਰ

ਏਜੰਸੀਆਂ

ਜਲੰਧਰ 14 ਜਨਵਰੀ। 21 ਦਸੰਬਰ ਨੂੰ ਜਲੰਧਰ ਨਗਰ ਨਿਗਮ ਦੀਆਂ ਚੋਣਾਂ ਮੁਕੰਮਲ ਹੋ ਚੁੱਕੀਆਂ ਹਨ ਅਤੇ ਲਗਭਗ 20 ਦਿਨਾਂ ਬਾਅਦ ਸ਼ਹਿਰ ਨੂੰ 7ਵਾਂ ਅਤੇ ਨਵਾਂ ਮੇਅਰ ਮਿਲਣ ਜਾ ਰਿਹਾ ਹੈ, ਜਿਸ ਦੀ ਚੋਣ ਸਥਾਨਕ ਰੈੱਡ ਕਰਾਸ ਭਵਨ ਵਿਚ ਸ਼ਨੀਵਾਰ ਬਾਅਦ




ਦੁਪਹਿਰ 3 ਵਜੇ ਹੋਣ ਵਾਲੀ ਕੌਂਸਲਰ ਹਾਊਸ ਦੀ ਪਹਿਲੀ ਮੀਟਿੰਗ ਦੌਰਾਨ ਸਖਤ ਸੁਰੱਖਿਆ ਪ੍ਰਬੰਧਾਂ ਵਿਚ ਕੀਤੀ ਜਾਵੇਗੀ। ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ। ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਨੇ ਸਾਰੀਆਂ ਤਿਆਰੀਆਂ ਨੂੰ ਅੰਜਾਮ ਦੇ ਦਿੱਤਾ ਹੈ। ਮੇਅਰ ਦੀ ਚੋਣ ਸਬੰਧੀ ਸਮਾਰੋਹ ਸਖਤ ਪ੍ਰਬੰਧਾਂ ਵਿਚਕਾਰ ਹੋਵੇਗਾ, ਜਿਸ ਲਈ ਰੈੱਡ ਕਰਾਸ ਭਵਨ ਦੇ ਆਲੇ-ਦੁਆਲੇ ਭਾਰੀ ਪੁਲਸ ਫੋਰਸ ਤਾਇਨਾਤ ਕੀਤੀ ਜਾਵੇਗੀ। ਜਿਸ ਹਾਲ ਵਿਚ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਕੌਂਸਲਰਾਂ ਵੱਲੋਂ ਕੀਤੀ ਜਾਣੀ ਹੈ, ਉਥੇ ਨਵੇਂ ਚੁਣੇ ਕੌਂਸਲਰਾਂ ਦੇ ਨਜਦੀਕੀ ਪਰਿਵਾਰਕ ਮੈਂਬਰ ਵੀ ਨਹੀਂ ਜਾ ਸਕਣਗੇ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਮੀਡੀਆ ਨੂੰ ਵੀ ਹਾਲ ਦੇ ਅੰਦਰ ਜਾਣ ਦੀ ਇਜਾਜਤ ਨਹੀਂ ਹੋਵੇਗੀ ਅਤੇ ਮੀਡੀਆ ਕਰਮਚਾਰੀਆਂ ਲਈ ਬਾਹਰ ਟੈਂਟ ਲਾ ਕੇ ਅਤੇ ਵੱਡੀ ਸਕ੍ਰੀਨ ਜਰੀਏ ਪੂਰੀ ਪ੍ਰਕਿਰਿਆ ਦਿਖਾਈ ਜਾਵੇਗੀ। ਕੌਂਸਲਰਪਤੀਆਂ ਅਤੇ ਹੋਰਨਾਂ ਪਰਿਵਾਰਕ ਮੈਂਬਰਾਂ ਲਈ ਵੀ ਬਾਹਰ ਹੀ ਬੈਠਣ ਦਾ ਪ੍ਰਬੰਧ ਕੀਤਾ ਗਿਆ ਹੈ। ਰੈੱਡ ਕਰਾਸ ਭਵਨ ਵਿਚ ਹੋਣ ਵਾਲੇ ਸਮਾਰੋਹ ਸਬੰਧੀ ਸਟੇਜ 'ਤੇ ਬਹੁਤ ਸੀਮਤ ਲੋਕਾਂ ਦੀ ਐਂਟਰੀ ਹੋਵੇਗੀ। ਸਟੇਜ 'ਤੇ 6 ਕੁਰਸੀਆਂ ਤਾਂ 6 ਵਿਧਾਇਕਾਂ ਲਈ ਲਾਈਆਂ ਗਈਆਂ ਹਨ। ਇਕ ਕੁਰਸੀ ਡਿਵੀਜਨਲ ਕਮਿਸ਼ਨਰ ਲਈ ਹੋਵੇਗੀ, ਜੋ ਮੀਟਿੰਗ ਦੀ ਪ੍ਰਧਾਨਗੀ ਕਰਨਗੇ। ਇਕ ਕੁਰਸੀ 'ਤੇ ਨਿਗਮ ਕਮਿਸ਼ਨਰ ਬੈਠਣਗੇ ਅਤੇ ਤੀਜੀ ਕੁਰਸੀ ਪ੍ਰੋਟੈਮ ਸਪੀਕਰ ਦੀ ਹੋਵੇਗੀ, ਜੋ ਹਾਊਸ ਦੀ ਕਾਰਵਾਈ ਨੂੰ ਚਲਾਉਣਗੇ। ਜਿਉਂ ਹੀ ਹਾਊਸ ਵੱਲੋਂ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਕੀਤੀ ਜਾਵੇਗੀ, ਹੋਰ 3 ਕੁਰਸੀਆਂ ਉਸੇ ਸਮੇਂ ਮੰਚ 'ਤੇ ਲਾਈਆਂ ਜਾਣਗੀਆਂ। ਰੈੱਡ ਕਰਾਸ ਭਵਨ ਦੇ ਹਾਲ ਵਿਚ ਇੰਨੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਕਿ ਨਵੇਂ ਚੁਣੇ ਕੌਂਸਲਰਾਂ ਨੂੰ ਵੀ ਆਈ. ਡੀ. ਕਾਰਡ ਦਿਖਾ ਕੇ ਹੀ ਅੰਦਰ ਜਾਣਾ ਹੋਵੇਗਾ। ਇਸ ਦੇ ਲਈ ਨਗਰ ਨਿਗਮ ਪ੍ਰਸ਼ਾਸਨ ਨੇ ਅੱਜ ਦੇਰ ਸ਼ਾਮ ਤਕ ਕੰਮ ਕਰਕੇ ਸਾਰੇ ਨਵੇਂ ਕੌਂਸਲਰਾਂ ਦੇ ਆਈ. ਡੀ. ਕਾਰਡ ਤਿਆਰ ਕੀਤੇ, ਜਿਹੜੇ ਸ਼ਨੀਵਾਰ ਉਨ੍ਹਾਂ ਨੂੰ ਸੌਂਪੇ ਜਾਣਗੇ। ਹਾਲ ਵਿਚ ਕੌਂਸਲਰਾਂ ਦੇ ਇਲਾਵਾ ਕਿਸੇ ਹੋਰ ਨੂੰ ਅੰਦਰ ਜਾਣ ਦੀ ਇਜਾਜਤ ਨਹੀਂ ਹੋਵੇਗੀ।

# ਸੈਰ ਸਪਾਟਾ ਮੰਤਰਾਲਾ ਨੇ ਮਹਾਕੁੰਭ 2025 ਨੂੰ ਗਲੋਬਲ ਸੈਰ-ਸਪਾਟਾ ਕੇਂਦਰ ਵਜੋਂ ਉਤਸ਼ਾਹ ਦੇਣ ਲਈ ਚੁੱਕੇ ਕਈ ਅਹਿਮ ਕਦਮ

ਸਰਦੂਲ ਸਿੰਘ

ਪ੍ਰਯਾਗਰਾਜ 14 ਜਨਵਰੀ। ਸੈਰ-ਸਪਾਟਾ ਮੰਤਰਾਲਾ ਮਹਾਕੁੰਭ 2025 ਨੂੰ ਨਾ ਸਿਰਫ ਅਧਿਆਤਮਿਕ ਸਮਾਗਮਾਂ ਲਈ ਸਗੋਂ ਗਲੋਬਲ ਸੈਰ-ਸਪਾਟੇ ਲਈ ਵੀ ਇਕ ਇਤਿਹਾਸਕ ਆਯੋਜਨ ਬਣਾਉਣ ਲਈ ਤਿਆਰ ਹੈ। ਇਸ ਸ਼ੁੱਭ ਮੌਕੇ ਨੂੰ ਮਨਾਉਣ ਲਈ, ਮੰਤਰਾਲਾ ਘਰੇਲੂ ਅਤੇ ਅੰਤਰਰਾਸਟਰੀ ਸੈਰ-ਸਪਾਟੇ ਨੂੰ ਉਤਸਾਹਿਤ ਕਰਨ ਦੇ ਉਦੇਸ ਨਾਲ ਕਈ ਪਹਿਲਕਦਮੀਆਂ ਕਰ ਰਿਹਾ ਹੈ। ਇਹ ਮਹਾਕੁੰਭ ਦੁਨੀਆ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਮਹੱਤਵਪੂਰਨ ਧਾਰਮਿਕ ਸਮਾਗਮਾਂ 'ਚੋਂ ਇਕ ਹੈ, ਜੋ ਹਰ 12 ਸਾਲਾਂ ਬਾਅਦ ਭਾਰਤ ਦੇ ਚਾਰ ਸਥਾਨਾਂ 'ਚੋਂ ਇਕ 'ਤੇ ਆਯੋਜਿਤ ਹੁੰਦਾ ਹੈ। ਮਹਾਕੁੰਭ-2025 14 ਜਨਵਰੀ ਨੂੰ ਉੱਤਰ ਪ੍ਰਦੇਸ ਦੇ ਪ੍ਰਯਾਗਰਾਜ 'ਚ ਸੁਰੂ ਹੋਵੇਗਾ ਅਤੇ 26 ਫਰਵਰੀ 2025 ਤੱਕ ਜਾਰੀ ਰਹੇਗਾ। ਇਸ ਨੂੰ ਪੂਰਨ ਕੁੰਭ ਵੀ ਕਿਹਾ ਜਾਂਦਾ ਹੈ। ਇਸ ਵਿਸ਼ਾਲ ਆਯੋਜਨ 'ਚ ਦੁਨੀਆ ਭਰ ਤੋਂ ਲੱਖਾਂ ਸਰਧਾਲੂਆਂ, ਸੈਲਾਨੀਆਂ ਅਤੇ ਤੀਰਥਯਾਤਰੀਆਂ ਦੇ ਆਉਣ ਦੀ ਉਮੀਦ ਹੈ। ਇਹ ਭਾਰਤ ਦੀ ਸੱਭਿਆਚਾਰਕ, ਅਧਿਆਤਮਿਕ ਵਿਰਾਸਤ ਅਤੇ ਸੈਰ-ਸਪਾਟਾ ਸੰਭਾਵਨਾ ਨੂੰ ਪ੍ਰਦਰਸ਼ਿਤ ਕਰਨ ਦਾ ਇੱਕ ਵਿਲੱਖਣ ਮੌਕਾ ਹੈ। ਸੈਰ-ਸਪਾਟਾ ਮੰਤਰਾਲਾ ਇਸ ਮਹਾਕੁੰਭ 'ਚ 5000 ਵਰਗ ਫੁੱਟ ਦਾ ਇਕ ਵਿਸਾਲ ਅਤੁੱਲਯ ਭਾਰਤ ਮੰਡਪ ਸਥਾਪਤ ਕਰ ਰਿਹਾ ਹੈ, ਜੋ ਵਿਦੇਸੀ ਸੈਲਾਨੀਆਂ, ਵਿਦਵਾਨਾਂ, ਖੋਜਕਰਤਾਵਾਂ, ਫੋਟੋਗ੍ਰਾਫਰਾਂ, ਪੱਤਰਕਾਰਾਂ, ਪ੍ਰਵਾਸੀ ਭਾਈਚਾਰੇ, ਭਾਰਤੀ ਪ੍ਰਵਾਸੀਆਂ ਆਦਿ ਨੂੰ ਸਹੂਲਤ ਪ੍ਰਦਾਨ ਕਰੇਗਾ। ਇਹ ਮੰਡਪ ਸੈਲਾਨੀਆਂ ਨੂੰ ਇੱਕ ਵਿਲੱਖਣ ਅਨੁਭਵ ਪ੍ਰਦਾਨ ਕਰੇਗਾ, ਜੋ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਕੁੰਭ ਮੇਲੇ ਦੀ ਮਹੱਤਤਾ ਨੂੰ ਦਰਸਾਉਂਦਾ ਹੈ। ਇਹ ਮੰਡਪ 'ਚ ਦੇਖੋ ਅਪਨਾ ਦੇਸ- ਲੋਕਾਂ ਦੀ ਪਸੰਦ ਦਾ ਸਰਵੇਖਣ ਵੀ ਹੋਵੇਗਾ, ਜਿਸ 'ਚ ਸੈਲਾਨੀ ਭਾਰਤ



'ਚ ਆਪਣੇ ਮਨਪਸੰਦ ਸੈਰ-ਸਪਾਟਾ ਸਥਾਨਾਂ ਲਈ ਵੋਟ ਕਰ ਸਕਣਗੇ। ਇਸ ਮਹਾਕੁੰਭ 'ਚ ਸ਼ਾਮਲ ਹੋਣ ਵਾਲੇ ਵਿਦੇਸ਼ੀ ਸੈਲਾਨੀਆਂ, ਪ੍ਰਭਾਵਸ਼ਾਲੀ ਹਸਤੀਆਂ, ਪੱਤਰਕਾਰਾਂ ਅਤੇ ਫੋਟੋਗ੍ਰਾਫਰਾਂ ਦੀਆਂ ਵਿਸ਼ੇਸ਼ ਜਰੂਰਤਾਂ ਨੂੰ ਪੂਰਾ ਕਰਨ ਲਈ ਸੈਰ-ਸਪਾਟਾ ਮੰਤਰਾਲਾ ਨੇ ਇਕ ਸਮਰਪਿਤ ਟੋਲ-ਫ੍ਰੀ ਟੂਰਿਸਟ ਇੰਫੋਲਾਈਨ (1800111363 ਜਾਂ 1363) ਸ਼ੁਰੂ ਕੀਤੀ ਹੈ। ਅੰਗਰੇਜੀ ਅਤੇ ਹਿੰਦੀ ਤੋਂ ਇਲਾਵਾ ਟੋਲ ਫ੍ਰੀ ਇੰਫੋਲਾਈਨ ਹੁਣ 10 ਅੰਤਰਰਾਸ਼ਟਰੀ ਭਾਸ਼ਾਵਾਂ ਅਤੇ ਤਮਿਲ, ਤੇਲੁਗੂ, ਕੰਨੜ, ਬੰਗਾਲੀ, ਆਸਾਮੀ ਅਤੇ ਮਰਾਠੀ ਸਮੇਤ ਭਾਰਤੀ ਸਥਾਨਕ ਭਾਸ਼ਾਵਾਂ 'ਚ ਵੀ ਕੰਮ ਕਰ ਰਹੀ ਹੈ। ਇਹ ਸੇਵਾ ਅੰਤਰਰਾਸ਼ਟਰੀ ਸੈਲਾਨੀਆਂ ਦੀ ਹਿੱਸੇਦਾਰੀ ਨੂੰ ਸੌਖਾ ਅਤੇ ਵੱਧ ਸੁਖਦ ਬਣਾਉਣ ਲਈ ਮਦਦ, ਸੂਚਨਾ ਅਤੇ ਮਾਰਗਦਰਸ਼ਨ ਪ੍ਰਦਾਨ ਕਰੇਗੀ। ਸੈਰ-ਸਪਾਟਾ ਮੰਤਰਾਲਾ ਨੇ ਆਉਣ ਵਾਲੇ ਮਹਾਕੁੰਭ 2025 ਨੂੰ ਚਰਚਿਤ ਕਰਨ ਲਈ ਇਕ ਵੱਡਾ ਸੋਸ਼ਲ ਮੀਡੀਆ ਮੁਹਿੰਮ ਸ਼ੁਰੂ ਕੀਤੀ ਹੈ। ਲੋਕਾਂ ਨੂੰ ਮਹਾਕੁੰਭ ਦੇ ਇਸ ਆਯੋਜਨ ਨਾਲ ਜੁੜੇ ਆਪਣੇ ਅਨੁਭਵ ਅਤੇ ਆਨੰਦ ਦੇ ਪਲ ਸਾਂਝਾ ਕਰਨ ਲਈ ਉਤਸ਼ਾਹਤ ਕਰਨ ਲਈ #ਮਹਾਕੁੰਭ2025 ਅਤੇ #ਸਪੀਚੁਅਲਪ੍ਰਯਾਗਰਾਜ ਵਰਗੇ ਵਿਸੇਸ ਹੈਸਟੈਗ ਇਸਤੇਮਾਲ ਕੀਤਾ ਜਾ ਰਿਹਾ ਹੈ। ਸੋਸਲ ਮੀਡੀਆ ਮੁਕਾਬਲੇ ਅਤੇ ਆਈਟੀਡੀਸੀ, ਯੂਪੀ ਟੂਰਿਜਮ ਅਤੇ ਹੋਰ ਸੰਗਠਨਾਂ ਨਾਲ ਸਹਿਯੋਗੀ ਪੋਸਟਾਂ ਇਸ ਸਮਾਗਮ ਦੀ ਦਿੱਖ ਫੈਲਾਉਣਗੀਆਂ ਅਤੇ ਲੋਕਾਂ ਨੂੰ ਇਸ ਅਧਿਆਤਮਿਕ ਤਿਉਹਾਰ ਦੇਖਣ ਲਈ ਸੱਦਾ ਦੇਣਗੀਆਂ। ਸੈਰ-ਸਪਾਟਾ ਮੰਤਰਾਲੇ ਨੇ ਉੱਤਰ ਪ੍ਰਦੇਸ ਰਾਜ ਸੈਰ-ਸਪਾਟਾ ਵਿਕਾਸ ਨਿਗਮ (), ਅਤੇ ਵਰਗੇ ਮੁੱਖ ਸੈਰ-ਸਪਾਟਾ ਹਿੱਸੇਦਾਰਾਂ ਨਾਲ ਸਹਿਯੋਗ ਕੀਤਾ ਹੈ ਤਾਂ ਜੋ ਕਈ ਤਰ੍ਹਾਂ ਦੇ ਕਿਉਰੇਟਿਡ ਟੂਰ ਪੈਕੇਜ ਅਤੇ ਲਗਜਰੀ ਰਿਹਾਇਸ ਵਿਕਲਪ ਪੇਸ ਕੀਤੇ ਜਾ ਸਕਣ। ਆਈਟੀਡੀਸੀ ਨੇ ਪ੍ਰਯਾਗਰਾਜ 'ਚ ਟੈਂਟ ਸਿਟੀ 'ਚ 80 ਲਗਜਰੀ ਰਿਹਾਇਸਾਂ ਬਣਾਈਆਂ ਹਨ, ਜਦੋਂ ਕਿ ਆਈਆਰਸੀਟੀਸੀ ਸਰਧਾਲੂਆਂ ਅਤੇ ਸੈਲਾਨੀਆਂ ਲਈ ਲਗਜਰੀ ਟੈਂਟ ਵੀ ਪ੍ਰਦਾਨ ਕਰ ਰਿਹਾ ਹੈ।

## ਚਾਈਨਾ ਡੋਰ ਦੀ ਵਰਤੋਂ ਕਰਨ ਵਾਲੇ ਹੋ ਜਾਣ ਸਾਵਧਾਨ, ਸਖਤ ਕਾਨੂੰਨੀ ਕਾਰਵਾਈ ਕਰਨ ਦੇ ਹੁਕਮ

ਜਲੰਧਰ 14 ਜਨਵਰੀ। ਸੂਬੇ 'ਚ ਚਾਈਨਾ ਡੋਰ 'ਤੇ ਨਜਰ ਰੱਖਣ ਲਈ ਪੰਜਾਬ ਪੁਲਸ ਡਰੋਨ ਦੀ ਮਦਦ ਲਵੇਗੀ। ਡੀ. ਜੀ. ਪੀ. ਗੌਰਵ ਯਾਦਵ ਨੇ ਇਸ ਸਬੰਧੀ ਸਾਰੇ ਪੁਲਸ ਕਮਿਸ਼ਨਰਾਂ ਤੇ ਐੱਸ. ਐੱਸ. ਪੀਜ ਨੂੰ ਲਿਖਤੀ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ, ਜਿਨ੍ਹਾਂ ਵਿਚ ਚਾਈਨਾ ਡੋਰ ਦੀ ਵਰਤੋਂ ਨੂੰ ਹਰ ਹਾਲਤ 'ਚ ਰੋਕਣ ਲਈ ਕਿਹਾ ਗਿਆ ਹੈ। ਡੀ. ਜੀ. ਪੀ. ਵੱਲੋਂ ਦਿੱਤੇ ਗਏ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਸਾਰੇ ਪੁਲਸ ਅਧਿਕਾਰੀ ਆਪੋ-ਆਪਣੇ ਅਧਿਕਾਰ ਖੇਤਰ 'ਚ ਚਾਈਨਾ ਡੋਰ ਦੀ ਵਰਤੋਂ ਨੂੰ ਰੋਕ ਕੇ ਸਬੰਧਤ ਲੋਕਾਂ ਖ਼ਿਲਾਫ ਕਾਨੂੰਨੀ ਕਾਰਵਾਈ ਕਰਨ। ਸੂਬੇ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਲੋਕਾਂ ਦੀ ਜਾਨ ਦੀ ਰਾਖੀ ਲਈ ਚਾਈਨਾ ਡੋਰ ਖਿਲਾਫ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਹੈ। ਪੁਲਸ ਅਧਿਕਾਰੀਆਂ ਨੂੰ ਕਿਹਾ ਗਿਆ ਹੈ ਕਿ ਉਹ ਡਰੋਨ ਰਾਹੀਂ ਪਤਾ ਲਾਵੇ ਕਿ ਕਿਨ੍ਹਾਂ-ਕਿਨ੍ਹਾਂ ਥਾਵਾਂ 'ਤੇ ਲੋਕਾਂ ਵੱਲੋਂ ਚਾਈਨਾ ਡੋਰ ਦੀ ਵਰਤੋਂ ਕੀਤੀ ਜਾ ਰਹੀ ਹੈ ਕਿਉਂਕਿ ਸੂਬੇ



ਵਿਚ ਚਾਈਨਾ ਡੋਰ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਚਾਈਨਾ ਡੋਰ ਦੀ ਵਰਤੋਂ ਕਾਰਨ ਕਈ ਹਾਦਸੇ ਹੋ ਚੁੱਕੇ ਹਨ, ਜਿਨ੍ਹਾਂ ਵਿਚ ਕਈ ਅਨਮੋਲ ਜਾਨਾਂ ਵੀ ਜਾ ਚੁੱਕੀਆਂ ਹਨ। ਇਸ ਦੀ ਭਵਿੱਖ ਵਿਚ ਦੁਹਰਾਈ ਨਹੀਂ ਹੋਣ ਦਿੱਤੀ ਜਾਵੇਗੀ। ਡੀ. ਜੀ. ਪੀ. ਦੇ ਹੁਕਮਾਂ ਪਿੱਛੋਂ ਜਲੰਧਰ, ਅੰਮ੍ਰਿਤਸਰ, ਲੁਧਿਆਣਾ ਤੇ ਹੋਰ ਥਾਵਾਂ 'ਤੇ ਡਰੋਨ ਰਾਹੀਂ ਚਾਈਨਾ ਡੋਰ ਦਾ ਪਤਾ ਲਾਉਣ ਲਈ ਮੁਹਿੰਮ ਵੀ ਸ਼ੁਰੂ ਕਰ ਦਿੱਤੀ ਗਈ ਹੈ। ਆ ਰਹੇ ਬਸੰਤ ਪੰਚਮੀ ਦੇ ਤਿਉਹਾਰ ਦੌਰਾਨ ਆਕਾਸ਼ ਵਿਚ ਪਤੰਗ ਉੱਡਦੇ ਨਜਰ ਆਉਣਗੇ, ਜਿਸ ਨੂੰ ਵੇਖਦਿਆਂ ਪੁਲਸ ਵੱਲੋਂ ਪਾਬੰਦੀਸ਼ੁਦਾ ਡੋਰ ਦੀ ਵਰਤੋਂ ਕਰਨ ਵਾਲਿਆਂ ਖਿਲਾਫ ਕਾਨੂੰਨੀ ਕਾਰਵਾਈ ਤੇਜ ਕਰ ਦਿੱਤੀ ਜਾਵੇਗੀ ਅਤੇ ਕਈਆਂ ਖਿਲਾਫ ਐੱਫ. ਆਈ. ਆਰ. ਵੀ ਦਰਜ ਕੀਤੀ ਜਾ ਸਕਦੀ ਹੈ।

## ਗੁਰਦੁਆਰਾ ਸਾਹਿਬ ਜਾਂਦਿਆਂ ਚਾਈਨਾ ਡੋਰ ਦੀ ਲਪੇਟ 'ਚ ਆਇਆ ਵਿਅਕਤੀ

ਦੀਨਾਨਗਰ 14 ਜਨਵਰੀ। ਪੰਜਾਬ ਅੰਦਰ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਪੂਰੀ ਸਖਤੀ ਨਾਲ ਘਾਤਕ ਡੋਰ ਵਿਰੁੱਧ ਸ਼ਿਕੰਜਾ ਕੱਸਿਆ ਗਿਆ ਪਰ ਫਿਰ ਵੀ ਜੇਕਰ ਸਰਹੱਦੀ ਖੇਤਰ ਦੀਨਾਨਗਰ ਸਮੇਤ ਕਸਬਾ ਬਹਿਰਾਮਪੁਰ, ਦੌਰਾਗਲਾ, ਝਬਕਰਾ, ਮਰਾੜਾ ਸਮੇਤ ਗਾਹਲੜੀ ਦੀ ਗੱਲ ਕੀਤੀ ਜਾਵੇ ਤਾਂ ਕੁੱਝ ਦੁਕਾਨਦਾਰ ਵੱਲੋਂ ਪੈਸੇ ਕਮਾਉਣ ਦੀ ਖਾਤਰ ਇਕ ਘਾਤਕ ਚਾਈਨਾ ਡੋਰ ਧੜੱਲੇ ਨਾਲ ਵੇਚੀ ਜਾ ਰਹੀ ਹੈ। ਇੰਨੀ ਲੋਕਾਂ ਵਿਰੁੱਧ ਸ਼ਿਕਜਾ ਕੱਸਣ ਵਿਚ ਪੁਲਸ ਪ੍ਰਸ਼ਾਸ਼ਨ ਵਧੇਰੇ ਦਿਲਚਸਪੀ ਦਿਖਾਉਂਦਾ ਹੋਇਆ ਨਜਰ ਨਹੀ ਆਇਆ ਜਿਸ ਕਾਰਨ ਇਸ ਘਾਤਕ ਡੋਰ ਦੀ ਲਪੇਟ ਵਿਚ ਇੱਕ ਬਜੁਰਗ ਦੇ ਆਉਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ । ਬਜੁਰਗ ਦੀਆਂ ਭਾਵੇਂ ਇਸ ਡੋਰ ਦੇ ਧਾਗੇ ਤੋਂ ਬਚ ਗਈਆਂ, ਪਰ ਉਸ ਦੇ ਨੱਕ ਨੂੰ ਚੀਰ ਦਿੱਤਾ ਅਤੇ ਲਹੂ-ਲੁਹਾਣ ਕਰ ਦਿੱਤਾ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਪੀੜਤ ਰਤਨ ਸਿੰਘ ਜੋ ਕਿ ਪਿੰਡ ਕਿਲਾ ਨੱਥੂ ਸਿੰਘ ਦਾ ਵਸਨੀਕ ਹੈ, ਨੇ ਦੱਸਿਆ ਕਿ ਉਹ ਗੁਰਦੁਆਰਾ ਸ੍ਰੀ ਟਾਹਲੀ ਸਾਹਿਬ ਮੱਥਾ ਟੇਕਣ ਜਾ ਰਿਹਾ ਸੀ। ਅਚਾਨਕ ਉਸ ਦੇ ਚਿਹਰੇ 'ਤੇ ਇੱਕ ਡੋਰ ਦਾ ਧਾਗਾ ਆ ਗਿਆ ਅਤੇ ਉਸ ਦੇ ਨੱਕ ਵਿੱਚੋਂ ਲੰਘ ਗਿਆ, ਪਰ ਉਸ ਦੀ ਅੱਖਾਂ ਬਚ ਗਈਆਂ। ਲੋਕਾਂ ਨੇ ਤੁਰੰਤ ਡਾਕਟਰ ਤੋਂ ਇਲਾਜ ਕਰਵਾਇਆ ਪਰ ਨੱਕ 'ਤੇ ਡੂੰਘੇ ਜਖਮ ਕਾਰਨ ਬਹੁਤ ਸਾਰਾ ਖੂਨ ਵਹਿ ਗਿਆ।

# ਪੰਜਾਬ ਵਿਚ ਮੁੜ ਹੋਵੇਗੀ ਜਿਮਨੀ ਚੋਣ, ਛਿੜੀ ਨਵੀਂ ਚਰਚਾ

ਕਿਸ਼ਨ ਪਾਲ

ਲੁਧਿਆਣਾ/ਜਲੰਧਰ 14 ਜਨਵਰੀ। ਲੁਧਿਆਣਾ ਦੇ ਹਲਕਾ ਵੈਸਟ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਪ੍ਰੀਤ ਗੋਗੀ ਦੀ ਮੌਤ ਤੋਂ ਬਾਅਦ ਪੰਜਾਬ 'ਚ ਇਕ ਹੋਰ ਵਿਧਾਨ ਸਭਾ ਜ਼ਿਮਨੀ ਚੋਣ ਦੀ ਚਰਚਾ ਛਿੜ ਗਈ ਹੈ। ਇਥੇ ਜ਼ਿਕਰਯੋਗ ਹੋਵੇਗਾ ਕਿ ਕੋਈ ਵੀ ਲੋਕਸਭਾ ਜਾਂ ਵਿਧਾਨ ਸਭਾ ਦੀ ਸੀਟ ਖਾਲੀ ਹੋਣ ਮਗਰੋਂ 6 ਮਹੀਨਿਆਂ ਦੇ ਅੰਦਰ ਜ਼ਿਮਨੀ ਚੋਣ ਹੋਣਾ ਜ਼ਰੂਰੀ ਹੈ। ਜੇਕਰ ਪੰਜਾਬ 'ਚ ਆਮ ਆਦਮੀ ਪਾਰਟੀ ਦੇ ਮੌਜੂਦਾ ਕਾਰਜਕਾਲ ਦੀ ਗੱਲ ਕਰੀਏ ਤਾਂ ਹੁਣ ਤੱਕ ਸੰਗਰੂਰ ਅਤੇ ਜਲੰਧਰ 'ਚ ਲੋਕਸਭਾ ਤੋਂ ਇਲਾਵਾ ਜਲੰਧਰ ਵੈਸਟ, ਚੱਬੇਵਾਲ, ਡੇਰਾ ਬਾਬਾ ਨਾਨਕ ਅਤੇ ਗਿੱਦੜਬਾਹਾ 'ਚ ਲੋਕਸਭਾ ਜ਼ਿਮਨੀ ਚੋਣ ਹੋ ਚੁੱਕੀ ਹੈ। ਇਨ੍ਹਾਂ 'ਚੋਂ ਜਲੰਧਰ ਲੋਕਸਭਾ ਜ਼ਿਮਨੀ ਚੋਣ ਕਾਂਗਰਸ ਦੇ ਐੱਮ. ਪੀ. ਸੰਤੋਖ ਚੌਧਰੀ ਦੀ ਭਾਰਤ ਜੋੜੋ ਯਾਤਰਾ ਦੌਰਾਨ ਰਾਹੁਲ ਗਾਂਧੀ ਦੀ ਮੌਜੂਦਗੀ 'ਚ ਮੌਤ ਹੋਣ ਤੋਂ ਬਾਅਦ ਹੋਈਆਂ ਸੀ। ਹੁਣ ਇਹ ਨੌਬਤ ਲੁਧਿਆਣਾ ਦੇ ਹਲਕਾ ਵੈਸਟ 'ਚ ਆ ਗਈ ਹੈ, ਜਿੱਥੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਪ੍ਰੀਤ ਗੋਗੀ ਦੀ ਸ਼ੁੱਕਰਵਾਰ ਦੇਰ ਰਾਤ ਸ਼ੱਕੀ ਹਾਲਾਤ 'ਚ ਗੋਲੀ ਲੱਗਣ ਦੀ ਵਜ੍ਹਾ ਨਾਲ ਮੌਤ ਹੋ ਗਈ ਹੈ, ਜਿਸ ਤੋਂ ਬਾਅਦ ਉਨ੍ਹਾਂ ਦੀ ਚਿਖਾ ਠੰਡੀ ਹੋਣ ਤੋਂ ਪਹਿਲਾਂ ਜ਼ਿਮਨੀ ਚੋਣ ਨੂੰ ਲੈ ਕੇ ਚਰਚਾ ਸ਼ੁਰੂ ਹੋ ਗਈ ਹੈ ਅਤੇ ਸਿਆਸੀ ਸੁਗਬੁਗਾਹਟ ਸੁਣਨ ਨੂੰ ਮਿਲ ਰਹੀ ਹੈ। 2022 ਦੀ ਵਿਧਾਨ ਸਭਾ ਚੋਣ ਤੋਂ ਠੀਕ ਪਹਿਲਾਂ ਆਮ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਗੁਰਪ੍ਰੀਤ ਗੋਗੀ ਨੇ ਲਗਾਤਾਰ 2 ਵਾਰ ਵਿਧਾਇਕ ਅਤੇ ਕੈਬਨਿਟ ਮੰਤਰੀ ਭਾਰਤ




ਭੂਸ਼ਣ ਨੂੰ ਹਰਾਇਆ ਸੀ, ਜੋ ਦੋਵੇਂ ਕੌਂਸਲਰ ਅਤੇ ਜ਼ਿਲਾ ਕਾਂਗਰਸ ਪ੍ਰਧਾਨ ਦੌਰਾਨ ਕਈ ਸਾਲਾਂ ਤੱਕ ਪਾਰਟੀ 'ਚ ਇਕੱਠੇ ਕੰਮ ਕਰ ਚੁੱਕੇ ਸਨ। ਇਸ ਤੋਂ ਬਾਅਦ ਗੋਗੀ ਦੀ ਕਾਂਗਰਸ ਦੇ ਇਕ ਹੋਰ ਪੁਰਾਣੇ ਸਾਥੀ ਰਵਨੀਤ ਬਿੱਟੂ ਨਾਲ ਵੀ ਵਿਗੜ ਗਈ ਅਤੇ ਲੋਕਸਭਾ ਚੋਣ ਦੌਰਾਨ ਵੀ ਦੋਵਾਂ 'ਚ ਕਾਫੀ ਤਕਰਾਰ ਦੇਖਣ ਨੂੰ ਮਿਲੀ। ਹੁਣ ਦੇਖਣਾ ਇਹ ਹੋਵੇਗਾ ਕਿ ਹਲਕਾ ਵੈਸਟ ਦੀ ਉਪ ਚੋਣ 'ਚ ਮੁਕਾਬਲਾ ਕਿਹੜੇ ਚਿਹਰਿਆਂ 'ਚ ਹੋਵੇਗਾ ਕਿਉਂਕਿ ਵਿਜੀਲੈਂਸ ਅਤੇ ਈ. ਡੀ. ਦੇ ਕੇਸ ਦੀ ਜਗ੍ਹਾ ਨਾਲ ਲੰਮਾ ਸਮਾਂ ਜੇਲ 'ਚ ਰਹਿ ਕੇ ਆਏ ਆਸ਼ੂ ਇਕ ਵਾਰ ਫਿਰ ਹਲਕਾ ਵੈਸਟ ਦੀ ਸੀਟ 'ਤੇ ਦਾਅਵੇਦਾਰੀ ਜਤਾਉਣਗੇ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਦੇ ਨਾਲ ਭਾਜਪਾ ਵੀ ਜ਼ਰੂਰ ਉਮੀਦਵਾਰ ਖੜ੍ਹਾ ਕਰੇਗੀ। ਜਦੋਂਕਿ ਅਕਾਲੀ ਦਲ ਦੀ ਸਥਿਤੀ ਸਮਾਂ ਆਉਣ 'ਤੇ ਹੀ ਸਾਫ ਹੋ ਜਾਵੇਗੀ।

## ਕਾਦੀਆਂ ਪੁਲਸ ਵੱਲੋਂ 350 ਨਸ਼ੀਲੀਆਂ ਗੋਲੀਆਂ ਸਮੇਤ ਇੱਕ ਗ੍ਰਿਫਤਾਰ

ਕਾਦੀਆਂ 14 ਜਨਵਰੀ। ਕਾਦੀਆਂ ਪੁਲਸ ਵੱਲੋਂ 350 ਨਸੀਲੀਆਂ ਗੋਲੀਆਂ ਸਮੇਤ ਇੱਕ ਨੌਜਵਾਨ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਕਾਦੀਆਂ ਦੇ ਐਸਐਚਓ ਪਰਮਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਐੱਸਐੱਸਪੀ ਬਟਾਲਾ ਸੁਹੇਲ ਕਾਸਿਮ ਮੀਰ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਦੇ ਚਲਦਿਆਂ ਏਐੱਸਆਈ ਰਸਪਾਲ ਸਿੰਘ ਦੇ ਵੱਲੋਂ ਸਾਥੀਆਂ ਸਮੇਤ ਗਸਤ ਦੌਰਾਨ ਕੋਟਲਾ ਮੂਸਾ ਮੋੜ 'ਤੇ ਬਣੇ ਬਸ ਸਟੈਂਡ ਕੋਲ ਪਹੁੰਚੇ ਤਾਂ ਇੱਕ ਨੌਜਵਾਨ ਆਉਂਦਾ ਦਿਖਾਈ ਦਿੱਤਾ ਜੋ ਪੁਲਸ ਪਾਰਟੀ ਨੂੰ ਦੇਖ ਕੇ ਮੋਮੀ ਲਿਫਾਫੇ ਨੂੰ ਸੁੱਟਣ ਲੱਗਾ ਤਾਂ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ। ਚੈੱਕ ਕਰਨ 'ਤੇ ਮੋਮੀ ਲਿਫਾਫੇ 'ਚੋਂ 350 ਨਸੀਲੀਆਂ ਗੋਲੀਆਂ ਬਰਾਮਦ ਹੋਈਆਂ । ਫੜੇ ਗਏ ਨੌਜਵਾਨ ਦੀ ਪਹਿਚਾਣ ਮਨਪ੍ਰੀਤ ਸਿੰਘ ਉਰਫ ਬਿੱਲਾ ਪੁੱਤਰ ਸਵ ਜੋਗਿੰਦਰ ਸਿੰਘ ਵਾਸੀ ਕੋਟਲਾ ਮੂਸਾ ਵਜੋਂ ਹੋਈ । ਪੁਲਸ ਅਧਿਕਾਰੀ ਨੇ ਅੱਗੇ ਦੱਸਿਆ ਕਿ ਏਐੱਸਆਈ ਰਸਪਾਲ ਸਿੰਘ ਦੇ ਵੱਲੋਂ ਫੜੇ ਗਏ ਨੌਜਵਾਨ ਦੇ ਖਿਲਾਫ ਥਾਣਾ ਕਾਦੀਆਂ ਦੇ ਅੰਦਰ ਮੁਕਦਮਾ ਨੰਬਰ 6 ਜੁਰਮ 22-61-85 ਐੱਨਡੀਪੀਐੱਸ ਐਕਟ ਦੇ ਤਹਿਤ ਮਾਮਲਾ ਦਰਜ ਕਰ ਲਿਆ ਗਿਆ।

## ਦੇਸ਼ ਦੀ ਨਵਿਆਉਣਯੋਗ ਊਰਜਾ ਸਮਰੱਥਾ 2024 'ਚ ਰਿਕਾਰਡ 30 ਗੀਗਾਵਾਟ ਵਧੀ

ਨਵੀਂ ਦਿੱਲੀ 14 ਜਨਵਰੀ। ਭਾਰਤ ਦੀ ਨਵਿਆਉਣਯੋਗ ਊਰਜਾ ਸਮਰੱਥਾ 'ਚ ਸਾਲ 2024 'ਚ ਲਗਭਗ 30 ਗੀਗਾਵਾਟ ਦੀ ਰਿਕਾਰਡ ਉੱਚ ਵਾਧਾ ਦਰਜ ਕੀਤਾ ਗਿਆ, ਜੋ ਸਾਲ 2023 'ਚ ਦਰਜ 13.75 ਗੀਗਾਵਾਟ ਸਮਰੱਥਾ ਵਾਧੇ ਤੋਂ 113 ਫੀਸਦੀ ਵੱਧ ਹੈ। ਨਵੀਨ ਅਤੇ ਨਵਿਆਉਣਯੋਗ ਊਰਜਾ ਮੰਤਰਾਲਾ ਦੇ ਅੰਕੜਿਆਂ ਤੋਂ ਇਹ ਜਾਣਕਾਰੀ ਸਾਹਮਣੇ ਆਈ ਹੈ। ਸਾਲ 2030 ਤੱਕ ਦੇਸ਼ 'ਚ 500 ਗੀਗਾਵਾਟ ਦੀ ਨਵਿਆਉਣਯੋਗ ਊਰਜਾ ਸਮਰੱਥਾ ਹਾਸਲ ਕਰਨ ਦੀ ਅਭਿਲਾਸ਼ੀ ਯੋਜਨਾ ਦੇ ਲਿਹਾਜ ਨਾਲ ਇਹ ਉਪਲੱਬਧੀ ਮਹੱਤਵਪੂਰਨ ਹੈ। ਭਾਰਤ ਨੂੰ ਇਹ



ਟੀਚਾ ਹਾਸਲ ਕਰਨ ਲਈ ਅਗਲੇ 6 ਸਾਲਾਂ 'ਚ ਪ੍ਰਤੀ ਸਾਲ ਔਸਤਨ 50 ਗੀਗਾਵਾਟ ਨਵਿਆਉਣਯੋਗ ਊਰਜਾ ਸਮਰੱਥਾ ਜੋੜਣ ਦੀ ਲੋੜ ਹੈ। ਨਵੀਨ ਅਤੇ ਨਵਿਆਉਣਯੋਗ ਊਰਜਾ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਸਾਲ 2023 'ਚ 13.75 ਗੀਗਾਵਾਟ ਤੋਂ ਵੱਧ ਕੇ 2024 'ਚ ਲਗਭਗ 30 ਗੀਗਾਵਾਟ ਦਾ ਉੱਚ ਵੱਧਾ ਹੋਇਆ ਹੈ। ਇਸ ਦੇ ਨਤੀਜੇ ਵਜੋਂ ਲਗਭਗ 218 ਗੀਗਾਵਾਟ ਦੀ ਪ੍ਰਾਪਤੀ ਹੋਈ ਹੈ ਜੋ ਸਵੱਛ ਊਰਜਾ ਦੇ ਪ੍ਰਤੀ ਭਾਰਤ ਦੀ ਵਧਦੀ ਵਚਨਬੱਧਤਾ ਅਤੇ ਹਰਿਤ ਭਵਿੱਖ ਦੇ ਨਿਰਮਾਣ 'ਚ ਇਸ ਦੀ ਤਰੱਕੀ ਨੂੰ ਰੇਖਾਂਕਿਤ ਕਰਦਾ ਹੈ।" ਮੰਤਰਾਲਿਆਂ ਦੇ ਅੰਕੜਿਆਂ ਅਨੁਸਾਰ, ਦੇਸ਼ ਦੀ ਨਵਿਆਉਣਯੋਗ ਊਰਜਾ ਸਮਰੱਥਾ ਮਾਰਚ 2014 ਤੱਕ 35.84 ਗੀਗਾਵਾਟ ਸੀ। ਵਿੱਤ ਸਾਲ 2023-24 'ਚ ਦੇਸ਼ ਨੇ 18.48 ਗੀਗਾਵਾਟ ਦਾ ਉੱਚ ਨਵਿਆਉਣਯੋਗ ਸਮਰੱਥਾ ਵਾਧਾ ਕੀਤਾ।

## ਸੜਕ ਹਾਦਸੇ 'ਚ 1 ਦੀ ਮੌਤ, 4 ਜਖਮੀ

ਮਲੋਟ 14 ਜਨਵਰੀ। ਐਤਵਾਰ ਸਵੇਰੇ ਮਲੋਟ-ਦਿੱਲੀ ਕੌਮੀ ਸ਼ਾਹ ਮਾਰਗ 'ਤੇ ਪਿੰਡ ਅਬੁਲਖੁਰਾਣਾ ਨੇੜੇ ਵਾਪਰੇ ਇਕ ਹਾਦਸੇ 'ਚ 1 ਵਿਅਕਤੀ ਦੀ ਮੌਤ ਹੋ ਗਈ, ਜਦਕਿ 4 ਹੋਰ ਜਖਮੀ ਹੋ ਗਏ। ਇਹ ਸਾਰੇ ਫਾਜ਼ਿਲਕਾ ਜ਼ਿਲੇ ਨਾਲ ਸਬੰਧਤ ਸਨ ਤੇ ਅੱਜ ਪਿੰਡ ਬਾਦਲ ਵਿਖੇ ਸੁਖਬੀਰ ਸਿੰਘ ਬਾਦਲ ਵੱਲੋਂ ਆਪਣੀ ਲੜਕੀ ਦੇ ਵਿਆਹ ਦੀ ਖੁਸ਼ੀ ਸਬੰਧੀ ਰਖਾਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 'ਚ ਸ਼ਾਮਲ ਹੋਣ ਜਾ ਰਹੇ ਸਨ। ਜਾਣਕਾਰੀ ਅਨੁਸਾਰ ਸਵੇਰੇ ਪਿੰਡ ਚੱਕ ਪੱਖੀ ਦੇ ਸੁਖਦੇਵ ਸਿੰਘ ਪੁੱਤਰ ਜੋਗਿੰਦਰ ਸਿੰਘ, ਹਰਪ੍ਰੀਤ ਸਿੰਘ ਪੁੱਤਰ ਗੁਰਮੋਹਨ ਸਿੰਘ, ਅਵਤਾਰ ਸਿੰਘ ਪੁੱਤਰ ਹਰਪ੍ਰੀਤ ਸਿੰਘ, ਗੁਰਪਾਲ ਸਿੰਘ ਪੁੱਤਰ ਹਰਭਜਨ ਸਿੰਘ ਤੇ ਲਖਵਿੰਦਰ ਸਿੰਘ ਰੋਹੀਵਾਲਾ ਪੁੱਤਰ ਅਮਰੀਕ ਸਿੰਘ ਵਾਸੀ ਰੋਹੀਵਾਲਾ ਇੰਡੈਵਰ ਗੱਡੀ 'ਤੇ ਸਵਾਰ ਹੋ ਕੇ ਮਲੋਟ ਵਲੋਂ ਪਿੰਡ ਬਾਦਲ ਜਾ ਰਹੇ ਸੀ। ਅਬੁਲਖੁਰਾਣਾ ਤੋਂ ਪਹਿਲਾਂ ਕਿਸੇ ਮੋਟਰਸਾਈਕਲ ਨੂੰ ਬਚਾਉਂਦੇ ਹੋਏ ਚਾਲਕ ਗੱਡੀ ਤੋਂ ਆਪਣਾ ਕੰਟਰੋਲ ਗੁਆ ਬੈਠਾ, ਜਿਸ ਕਰ ਕੇ ਗੱਡੀ ਹਾਈਵੇ ਤੋਂ ਉਤਰ ਕੇ ਖੇਤਾਂ 'ਚ ਪਲਟ ਗਈ। ਇਸ ਹਾਦਸੇ 'ਚ ਸੁਖਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਚੱਕ ਪੱਖੀ ਦੀ ਮੌਤ ਹੋ ਗਈ, ਜਦਕਿ ਹਰਪ੍ਰੀਤ ਸਿੰਘ, ਅਵਤਾਰ ਸਿੰਘ, ਗੁਰਪਾਲ ਸਿੰਘ ਤੇ ਲਖਵਿੰਦਰ ਸਿੰਘ ਜਖਮੀ ਹੋ ਗਏ। ਜਖਮੀਆਂ ਨੂੰ ਇਲਾਜ ਲਈ ਤੁਰੰਤ ਮੈਡੀਕਲ ਕਾਲਜ 'ਚ ਦਾਖਲ ਕਰਵਾਇਆ ਗਿਆ। ਜਖਮੀਆਂ 'ਚੋਂ ਲਖਵਿੰਦਰ ਸਿੰਘ ਰੋਹੀਵਾਲਾ ਸਥਾਨਕ ਇਕ ਕਾਲਜ ਕਮੇਟੀ ਦਾ ਜਨਰਲ ਸਕੱਤਰ ਹੈ।

# ਪੰਜਾਬ 'ਚ ਮੁੜ ਹੋਣਗੀਆਂ ਚੋਣਾਂ, ਸ਼ੁਰੂ ਹੋ ਗਈ ਸਿਆਸੀ ਚਰਚਾ

ਏਜੰਸੀਆਂ

ਲੁਧਿਆਣਾ/ਜਲੰਧਰ 14 ਜਨਵਰੀ। ਲੁਧਿਆਣਾ ਦੇ ਹਲਕਾ ਵੈਸਟ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਪ੍ਰੀਤ ਗੋਗੀ ਦੀ ਮੌਤ ਤੋਂ ਬਾਅਦ ਪੰਜਾਬ 'ਚ ਇਕ ਹੋਰ ਵਿਧਾਨ ਸਭਾ ਉਪ ਚੋਣ ਦੀ ਚਰਚਾ ਛਿੜ ਗਈ ਹੈ। ਇਥੇ ਜ਼ਿਕਰਯੋਗ ਹੋਵੇਗਾ ਕਿ ਕੋਈ ਵੀ ਲੋਕਸਭਾ ਜਾਂ ਵਿਧਾਨ ਸਭਾ ਦੀ ਸੀਟ ਖਾਲੀ ਹੋਣ ਤੋਂ ਬਾਅਦ 6 ਮਹੀਨਿਆਂ ਦੇ ਅੰਦਰ ਉਪ ਚੋਣ ਹੋਣਾ ਜ਼ਰੂਰੀ ਹੈ। ਜੇਕਰ ਪੰਜਾਬ 'ਚ ਆਮ ਆਦਮੀ ਪਾਰਟੀ ਦੇ ਮੌਜੂਦਾ ਕਾਰਜਕਾਲ ਦੀ ਗੱਲ ਕਰੀਏ ਤਾਂ ਹੁਣ ਤੱਕ ਸੰਗਰੂਰ ਅਤੇ ਜਲੰਧਰ 'ਚ ਲੋਕਸਭਾ ਤੋਂ ਇਲਾਵਾ ਜਲੰਧਰ ਵੈਸਟ, ਚੱਬੇਵਾਲ, ਡੇਰਾ ਬਾਬਾ ਨਾਨਕ ਅਤੇ ਗਿੱਦੜਬਾਹਾ 'ਚ ਲੋਕਸਭਾ ਉਪ ਚੋਣ ਹੋ ਚੁੱਕੀ ਹੈ। ਇਨ੍ਹਾਂ 'ਚੋਂ ਜਲੰਧਰ ਲੋਕਸਭਾ ਉਪ ਚੋਣ ਕਾਂਗਰਸ ਦੇ ਐੱਮ.ਪੀ. ਸੰਤੋਖ ਚੌਧਰੀ ਦੀ ਭਾਰਤ ਜੋੜੋ ਯਾਤਰਾ ਦੌਰਾਨ ਰਾਹੁਲ ਗਾਂਧੀ ਦੀ ਮੌਜੂਦਗੀ 'ਚ ਮੌਤ ਹੋਣ ਤੋਂ ਬਾਅਦ ਹੋਈ ਸੀ। ਹੁਣ ਇਹ ਨੌਬਤ ਲੁਧਿਆਣਾ ਦੇ ਹਲਕਾ ਵੈਸਟ 'ਚ ਆ ਗਈ ਹੈ, ਜਿੱਥੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਪ੍ਰੀਤ ਗੋਗੀ ਦੀ ਸ਼ੁੱਕਰਵਾਰ ਦੇਰ ਰਾਤ ਸ਼ੱਕੀ ਹਾਲਾਤ 'ਚ ਗੋਲੀ ਲੱਗਣ ਦੀ ਵਜ੍ਹਾ ਨਾਲ ਮੌਤ ਹੋ ਗਈ ਹੈ, ਜਿਸ ਤੋਂ ਬਾਅਦ ਉਨ੍ਹਾਂ ਦੀ ਚਿਤਾ ਠੰਢੀ ਹੋਣ ਤੋਂ ਪਹਿਲਾਂ ਉਪ ਚੋਣ ਨੂੰ ਲੈ ਕੇ ਚਰਚਾ ਸ਼ੁਰੂ ਹੋ ਗਈ ਹੈ ਅਤੇ ਸਿਆਸੀ ਸੁਗਬੁਗਾਹਟ ਸੁਣਨ ਨੂੰ ਮਿਲ ਰਹੀ ਹੈ। 2022 ਦੀ ਵਿਧਾਨ ਸਭਾ ਚੋਣ



ਤੋਂ ਠੀਕ ਪਹਿਲਾਂ ਆਮ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਗੁਰਪ੍ਰੀਤ ਗੋਗੀ ਨੇ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਨੂੰ ਹਰਾਇਆ ਸੀ, ਜੋ ਦੋਵੇਂ ਕੌਂਸਲਰ ਅਤੇ ਜ਼ਿਲਾ ਕਾਂਗਰਸ ਪ੍ਰਧਾਨ ਦੌਰਾਨ ਕਈ ਸਾਲਾਂ ਤੱਕ ਪਾਰਟੀ 'ਚ ਇਕੱਠੇ ਕੰਮ ਕਰ ਚੁੱਕੇ ਸਨ। ਇਸ ਤੋਂ ਬਾਅਦ ਗੋਗੀ ਦੀ ਕਾਂਗਰਸ ਦੇ ਇਕ ਹੋਰ ਪੁਰਾਣੇ ਸਾਥੀ ਰਵਨੀਤ ਬਿੱਟੂ ਨਾਲ ਵੀ ਵਿਗੜ ਗਈ ਅਤੇ ਲੋਕਸਭਾ ਚੋਣ ਦੌਰਾਨ ਵੀ ਦੋਵਾਂ 'ਚ ਕਾਫੀ ਤਕਰਾਰ ਦੇਖਣ ਨੂੰ ਮਿਲੀ। ਹੁਣ ਦੇਖਣਾ ਇਹ ਹੋਵੇਗਾ ਕਿ ਹਲਕਾ ਵੈਸਟ ਦੀ ਉਪ ਚੋਣ 'ਚ ਮੁਕਾਬਲਾ ਕਿਹੜੇ ਚਿਹਰਿਆਂ 'ਚ ਹੋਵੇਗਾ ਕਿਉਂਕਿ ਲੰਮਾ ਸਮਾਂ ਜੇਲ੍ਹ 'ਚ ਰਹਿ ਕੇ ਆਏ ਆਸ਼ੂ ਇਕ ਵਾਰ ਫਿਰ ਹਲਕਾ ਵੈਸਟ ਦੀ ਸੀਟ 'ਤੇ ਦਾਅਵੇਦਾਰੀ ਜਤਾਉਣਗੇ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਦੇ ਨਾਲ ਭਾਜਪਾ ਵੀ ਜ਼ਰੂਰ ਉਮੀਦਵਾਰ ਖੜ੍ਹਾ ਕਰੇਗੀ, ਜਦੋਂਕਿ ਅਕਾਲੀ ਦਲ ਦੀ ਸਥਿਤੀ ਸਮਾਂ ਆਉਣ 'ਤੇ ਹੀ ਸਾਫ ਹੋ ਜਾਵੇਗੀ।

# ਭਾਰਤ ਦੀ ਸੱਭਿਆਚਾਰਕ ਵਿਭਿੰਨਤਾ ਤੇ ਵਿਰਾਸਤ ਨੂੰ ਪ੍ਰਦਰਸ਼ਿਤ ਕਰੇਗਾ ਮਹਾਕੁੰਭ ਦਾ ਕਲਾਗ੍ਰਾਮ

ਏਜੰਸੀਆਂ

ਵੈੱਬ ਡੈਸਕ 14 ਜਨਵਰੀ। ਭਾਰਤ ਦੀ ਅਧਿਆਤਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਉਜਾਗਰ ਕਰਨ ਲਈ, ਭਾਰਤ ਸਰਕਾਰ ਦੇ ਸੱਭਿਆਚਾਰਕ ਮੰਤਰਾਲੇ ਦੁਆਰਾ ਪ੍ਰਯਾਗਰਾਜ ਵਿੱਚ ਮਹਾਕੁੰਭ 2025 ਵਿੱਚ ਸੰਗਮ ਦੀ ਰੇਤ 'ਤੇ ਇੱਕ ਵਿਸੇਸ ਸੱਭਿਆਚਾਰਕ ਪਿੰਡ 'ਕਾਲਾਗ੍ਰਾਮ' ਦੀ ਸਥਾਪਨਾ ਕੀਤੀ ਗਈ ਹੈ।'12 ਜਯੋਤਿਰਲਿੰਗਾਂ ਦੇ ਰੂਪ ਵਿੱਚ ਤਿਆਰ ਕੀਤਾ ਗਿਆ ਵਿਲੱਖਣ ਕਲਾਗ੍ਰਾਮ ਭਾਰਤੀ ਲੋਕ ਕਲਾ, ਸੱਭਿਆਚਾਰ ਅਤੇ ਪਰੰਪਰਾਵਾਂ ਨੂੰ ਇੱਕ ਜੀਵੰਤ ਪਲੇਟਫਾਰਮ ਪ੍ਰਦਾਨ ਕਰਨ ਦਾ ਉਦੇਸ ਰੱਖਦਾ ਹੈ। ਉਪਰੋਕਤ ਬਿਆਨ ਭਾਰਤ ਸਰਕਾਰ ਦੇ ਸੱਭਿਆਚਾਰ ਮੰਤਰਾਲੇ ਦੇ ਸੰਯੁਕਤ ਸਕੱਤਰ ਅਮਿਤਾ ਪ੍ਰਸਾਦ ਸਾਰਾਭਾਈ ਨੇ ਪ੍ਰਯਾਗਰਾਜ ਦੇ ਦੇ ਮਹਾਤਮਾ ਗਾਂਧੀ ਕਲਾ ਵਿਧੀ ਵਿਖੇ ਆਯੋਜਿਤ ਪ੍ਰੈਸ ਕਾਨਫਰੰਸ 'ਚ ਦਿੱਤਾ। ਸੰਯੁਕਤ ਸਕੱਤਰ ਨੇ ਦੱਸਿਆ ਕਿ ਕੇਂਦਰੀ ਸੱਭਿਆਚਾਰ ਅਤੇ ਸੈਰ-ਸਪਾਟਾ ਮੰਤਰੀ ਸ੍ਰੀ ਗਜੇਂਦਰ ਸਿੰਘ ਸੇਖਾਵਤ ਐਤਵਾਰ ਨੂੰ ਸਾਮ 4.15 ਵਜੇ ਮਹਾਕੁੰਭ ਮੇਲਾ ਖੇਤਰ ਵਿੱਚ ਕਲਾਗ੍ਰਾਮ ਦਾ ਉਦਘਾਟਨ ਕਰਨਗੇ ਅਤੇ ਇੱਕ ਪ੍ਰੈਸ ਕਾਨਫਰੰਸ ਕਰਨਗੇ। ਸ੍ਰੀਮਤੀ ਸਾਰਾਭਾਈ ਨੇ ਕਿਹਾ ਕਿ ਭਾਰਤ ਸਰਕਾਰ ਦੇ ਸੱਭਿਆਚਾਰਕ ਮੰਤਰਾਲੇ ਦੁਆਰਾ ਸਥਾਪਿਤ ਕਲਾਗ੍ਰਾਮ, ਨਾਗਵਾਸੁਕੀ ਖੇਤਰ ਦੇ ਭਾਰਦਵਾਜ ਰੋਡ 'ਤੇ 10 ਏਕੜ ਵਿੱਚ ਫੈਲਿਆ ਇੱਕ ਸੱਭਿਆਚਾਰਕ ਸਥਾਨ ਹੈ, ਜੋ ਕਿ ਭਾਰਤ ਦੀ ਸੱਭਿਆਚਾਰਕ ਵਿਰਾਸਤ ਨੂੰ ਇਸਦੇ ਠੋਸ ਅਤੇ ਅਮੂਰਤ ਵਿਰਾਸਤ ਰਾਹੀਂ ਪ੍ਰਦਰਸ਼ਿਤ ਕਰਨ ਲਈ ਤਿਆਰ ਕੀਤਾ ਗਿਆ ਹੈ। ਮਹਾਕੁੰਭ ਦੌਰਾਨ ਕਲਾਗ੍ਰਾਮ ਸਰਧਾਲੂਆਂ ਅਤੇ ਸੈਲਾਨੀਆਂ ਲਈ ਭਾਰਤੀ ਸੱਭਿਆਚਾਰਕ ਵਿਰਾਸਤ ਦਾ ਕੇਂਦਰ ਬਣੇਗਾ। ਇਸ 'ਚ ਵੱਖ-ਵੱਖ ਰਾਜਾਂ ਦੀਆਂ ਲੋਕ ਕਲਾਵਾਂ, ਦਸਤਕਾਰੀ, ਸੰਗੀਤ, ਨਾਚ ਅਤੇ ਪ੍ਰਦਰਸਨੀਆਂ ਪੇਸ ਕੀਤੀਆਂ ਜਾਣਗੀਆਂ। ਕਲਾਗ੍ਰਾਮ ਦੇਸ ਭਰ ਦੇ ਕਲਾਕਾਰਾਂ, ਕਾਰੀਗਰਾਂ ਅਤੇ ਕਲਾਕਾਰਾਂ ਨੂੰ ਇੱਕ ਛੱਤ ਹੇਠ ਆਪਣੀ ਬੇਮਿਸਾਲ ਪ੍ਰਤਿਭਾ ਅਤੇ ਸਦੀਵੀ ਪਰੰਪਰਾਵਾਂ ਨੂੰ ਪ੍ਰਦਰਸ਼ਿਤ ਕਰਨ ਲਈ ਇਕੱਠੇ ਕਰਨ ਦੀ ਕੋਸ਼ਿਸ ਕਰੇਗਾ, ਜਿਥੇ ਪ੍ਰਦਰਸਨ, ਦ੍ਰਿਸਟੀਗਤ ਅਤੇ ਸਾਹਿਤਕ ਕਲਾਵਾਂ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ ਗਿਆ ਹੈ। ਮਹਾਕੁੰਭ ਦੇ 45 ਦਿਨਾਂ ਦੌਰਾਨ, ਕਲਾਗ੍ਰਾਮ, ਗੰਗਾਵਤਾਰਨ ਅਤੇ ਸਮੁੰਦਰ ਮੰਥਨ ਦੀ ਕਹਾਣੀ ਨੂੰ ਦਰਸਾਉਂਦੇ ਅਨੁਭਵ ਖੇਤਰ, ਮਹਾਕੁੰਭ ਦੇ ਵੱਖ-ਵੱਖ ਪਹਿਲੂਆਂ ਨੂੰ ਕਵਰ ਕਰਨ ਵਾਲੇ ਪ੍ਰਦਰਸਨੀ ਜੋਨ, ਕਾਰੀਗਰਾਂ ਦੇ ਹੁਨਰ, ਸਾਸਤਰੀ ਅਤੇ ਲੋਕ ਕਲਾਕਾਰਾਂ ਦੁਆਰਾ ਮਨਮੋਹਕ ਪ੍ਰਦਰਸਨ, ਸਾਤਵਿਕ ਪਕਵਾਨਾਂ ਦੀ ਖੁਸਬੂ, ਅਤੇ ਇੱਥੋਂ ਤੱਕ ਕਿ ਵਿਸੇਸ ਖਗੋਲ ਵਿਗਿਆਨ ਰਾਤਰੀ ਦੇ ਰਾਹੀਂ ਰਾਤ ਦੇ ਅਸਮਾਨ ਨੂੰ ਦੇਖਣ ਦੇ ਮੌਕੇ ਰਾਹੀਂ ਇੱਕ ਇਮਰਸਿਵ ਸੱਭਿਆਚਾਰਕ ਅਨੁਭਵ ਪ੍ਰਦਾਨ ਕਰਨਗੀਆਂ। ਇੱਥੇ ਬੱਚਿਆਂ ਅਤੇ ਨੌਜਵਾਨਾਂ ਲਈ ਇੱਕ ਸੈਲਫੀ ਪੁਆਇੰਟ ਵੀ ਬਣਾਇਆ ਗਿਆ ਹੈ।




ਕਾਰੀਗਰੀ ਦਾ ਇਕ ਅਜੂਬਾ 635 ਫੁੱਟ ਚੌੜਾ ਅਤੇ 54 ਫੁੱਟ ਉੱਚਾ ਮੁੱਖ ਪ੍ਰਵੇਸ ਦੁਆਰ ਵੀ ਤਿਆਰ ਕੀਤਾ ਗਿਆ ਹੈ। 12 ਜਯੋਤਿਰਲਿੰਗਾਂ ਦੇ ਰੂਪ ਵਿੱਚ ਤਿਆਰ ਕੀਤਾ ਗਿਆ ਇਹ ਵਿਲੱਖਣ ਕਲਾਗ੍ਰਾਮ, ਭਾਰਤੀ ਲੋਕ ਕਲਾ, ਸੱਭਿਆਚਾਰ ਅਤੇ ਪਰੰਪਰਾਵਾਂ ਨੂੰ ਇੱਕ ਲਾਈਵ ਪਲੇਟਫਾਰਮ ਪ੍ਰਦਾਨ ਕਰਨ ਦਾ ਉਦੇਸ ਰੱਖਦਾ ਹੈ। ਕਲਾਗ੍ਰਾਮ ਰੰਗਮੰਚ ਆਪਣੇ ਪਿਛੋਕੜ ਵਜੋਂ ਚਾਰ ਧਾਮ ਨੂੰ ਜੀਵਤ ਕਰਦਾ ਹੈ। ਇਸ ਵਿੱਚ ਰਾਸਟਰੀ ਪੁਰਸਕਾਰ ਜੇਤੂ ਕਲਾਕਾਰਾਂ ਦੁਆਰਾ ਬਣਾਈਆਂ ਗਈਆਂ ਦੋ ਵੱਡੀਆਂ ਪੇਂਟਿੰਗਾਂ ਹਨ ਜੋ ਮਾਂ ਦੁਰਗਾ ਅਤੇ ਗਣਪਤੀ ਦੀ ਕਹਾਣੀ ਨੂੰ ਦਰਸਾਉਂਦੀਆਂ ਹਨ। ਇਨ੍ਹਾਂ ਸੱਤ ਜੋਨਾਂ ਵਿੱਚ, ਦਸਤਕਾਰੀ ਦੀ ਪ੍ਰਦਰਸਨੀ ਅਤੇ ਵਿਕਰੀ ਲਈ ਆਕਰਸਕ ਥੀਮਾਂ 'ਤੇ ਵਿਹੜੇ ਬਣਾਏ ਗਏ ਹਨ, ਜਿਸ ਵਿੱਚ ਉੱਤਰੀ ਜੋਨ ਸੱਭਿਆਚਾਰਕ ਕੇਂਦਰ () ਥੀਮ: ਦਕਸੇਸਵਰ ਮਹਾਦੇਵ ਮੰਦਰ, ਹਰਿਦੁਆਰ, ਕਲਾ ਅਤੇ ਸ਼ਿਲਪਕਾਰੀ: ਉੱਕਰੀ ਹੋਈ ਲੱਕੜ ਦੀਆਂ ਮੂਰਤੀਆਂ, ਪਿੱਤਲ ਦੇ ਸ਼ਿਵ ਲਿੰਗਮ, ਹੱਥ-ਬੁਣੇ ਹੋਏ ਉੱਨੀ ਸਾਲ, ਰੁਦਰਾਕਸ ਦੇ ਮਣਕੇ ਆਦਿ ਸ਼ਾਮਲ ਹਨ। ਪੱਛਮੀ ਜੋਨ ਸੱਭਿਆਚਾਰਕ ਕੇਂਦਰ () ਥੀਮ: ਬ੍ਰਹਮਾ ਮੰਦਰ, ਪੁਸਕਰ ਕਲਾ ਅਤੇ ਸ਼ਿਲਪਕਾਰੀ: ਮਿੱਟੀ ਦੇ ਭਾਂਡੇ, ਰਵਾਇਤੀ ਰਾਜਸਥਾਨੀ ਕਠਪੁਤਲੀਆਂ, ਟਾਈ-ਡਾਈ ਫੈਬਰਿਕ, ਲਘੂ ਚਿੱਤਰਕਾਰੀ, ਆਦਿ। ਪੂਰਬੀ ਜੋਨ ਸੱਭਿਆਚਾਰਕ ਕੇਂਦਰ () ਥੀਮ: ਦੱਖਣੇਸਵਰ ਕਾਲੀ ਮੰਦਰ, ਕੋਲਕਾਤਾ, ਕਲਾ ਅਤੇ ਸ਼ਿਲਪਕਾਰੀ: ਟੈਰਾਕੋਟਾ ਦੀਆਂ ਮੂਰਤੀਆਂ, ਬੰਗਾਲ ਦੀਆਂ ਕੰਥਾ-ਸਾੜੀਆਂ, ਜੂਟ ਹੱਥ-ਕਲਾ, ਪੱਟਾਚਿੱਤਰ ਪੇਂਟਿੰਗਾਂ ਆਦਿ। ਦੱਖਣੀ ਜੋਨ ਸੱਭਿਆਚਾਰਕ ਕੇਂਦਰ () ਥੀਮ: ਆਦਿ ਕੁੰਭੇਸਵਰ ਮੰਦਰ, ਕੁੰਭਕੋਣਮ ਕਲਾ ਅਤੇ ਸ਼ਿਲਪਕਾਰੀ: ਪਿੱਤਲ ਦੇ ਦੀਵੇ, ਰਵਾਇਤੀ ਤੰਜੌਰ ਪੇਂਟਿੰਗ, ਰੇਸਮ ਦੇ ਕੱਪੜੇ, ਹੱਥ ਨਾਲ ਬਣੇ ਮੰਦਰ ਦੇ ਗਹਿਣੇ, ਆਦਿ। ਉੱਤਰੀ ਕੇਂਦਰੀ ਜੋਨ ਸੱਭਿਆਚਾਰਕ ਕੇਂਦਰ () ਥੀਮ: ਕਾਲਭੈਰਵ ਮੰਦਿਰ, ਉਜੈਨ ਕਲਾ ਅਤੇ ਸ਼ਿਲਪਕਾਰੀ: ਮੱਧ ਪ੍ਰਦੇਸ ਦੀ ਹੱਥ ਨਾਲ ਪੇਂਟ ਕੀਤੀ ਕਬਾਇਲੀ ਕਲਾ, ਪੱਥਰ ਦੀ ਨੱਕਾਸੀ, ਮਣਕਿਆਂ ਦੇ ਗਹਿਣੇ, ਹੱਥ ਨਾਲ ਬਣੀਆਂ ਚੰਦੇਰੀ ਸਾੜੀਆਂ ਆਦਿ। ਉੱਤਰ ਪੂਰਬੀ ਜੋਨ ਸੱਭਿਆਚਾਰਕ ਕੇਂਦਰ () ਥੀਮ: ਕਾਮਾਖਿਆ ਮੰਦਰ, ਗੁਹਾਟੀ ਕਲਾ ਅਤੇ ਸ਼ਿਲਪਕਾਰੀ: ਬਾਂਸ ਅਤੇ ਗੰਨੇ ਦੇ ਸ਼ਿਲਪਕਾਰੀ, ਅਸਾਮੀ ਰੇਸਮ ਸਾੜੀਆਂ, ਹੱਥ ਨਾਲ ਬਣੇ ਮਾਸਕ, ਆਦਿਵਾਸੀ ਗਹਿਣੇ ਆਦਿ। ਦੱਖਣੀ ਕੇਂਦਰੀ ਜੋਨ ਸੱਭਿਆਚਾਰਕ ਕੇਂਦਰ () ਸ੍ਰੀ ਗੰਗਾ ਗੋਦਾਵਰੀ ਮੰਦਰ, ਨਾਸਿਕ ਕਲਾ ਅਤੇ ਸ਼ਿਲਪਕਾਰੀ: ਪੈਠਣੀ ਸਾੜੀਆਂ, ਵਾਰਲੀ ਪੇਂਟਿੰਗਾਂ, ਹੱਥ ਨਾਲ ਉੱਕਰੀ ਹੋਈ ਲੱਕੜ ਦੀ ਕਲਾ, ਮਿੱਟੀ ਦੇ ਭਾਂਡੇ ਆਦਿ। ਇਸ ਤੋਂ ਇਲਾਵਾ, ਸਾਰੇ ਖੇਤਰੀ ਸੱਭਿਆਚਾਰਕ ਕੇਂਦਰਾਂ ਦੇ ਪ੍ਰਮਾਣਿਕ ਪਕਵਾਨ ਅਤੇ ਪ੍ਰਯਾਗਰਾਜ ਦੇ ਸਥਾਨਕ ਪਕਵਾਨ ਆਕਰਸਣ ਦਾ ਕੇਂਦਰ ਹੋਣਗੇ। ਸੱਭਿਆਚਾਰਕ ਮਹਾਂਕੁੰਭ 14 ਜਨਵਰੀ ਤੋਂ ਆਸਥਾ ਦੀ ਧਰਤੀ 'ਤੇ ਸੁਰੂ ਹੋਵੇਗਾ। ਕਲਾਗ੍ਰਾਮ ਵਿੱਚ ਪੂਰੇ ਭਾਰਤ ਦੀ ਕਲਾ ਅਤੇ ਸੱਭਿਆਚਾਰ ਦੀ ਝਲਕ ਦਿਖਾਈ ਦੇਵੇਗੀ, ਇਸ ਲਈ ਸੰਗੀਤ ਨਾਟਕ ਅਕਾਦਮੀ, ਖੇਤਰੀ ਸੱਭਿਆਚਾਰਕ ਕੇਂਦਰਾਂ ਅਤੇ ਸੀਸੀਆਰਟੀ ਦੁਆਰਾ ਕਲਾਗ੍ਰਾਮ, ਗੰਗਾ ਪੰਡਾਲ, ਝੂਸੀ, ਵਿੱਚ ਵੱਖ-ਵੱਖ ਸਟੇਜਾਂ 'ਤੇ ਆਯੋਜਿਤ ਪੇਸਕਾਰੀਆਂ ਵਿੱਚ 14,632 ਕਲਾਕਾਰ 45 ਦਿਨਾਂ ਲਈ ਦਿਖਾਈ ਦੇਣਗੇ।